

ਮਾਰਚ
ਅਪਰੈਲ
ਮਈ
ਜੂਨ ੧੯੭੨

ਸ਼ਤਾਬਦੀ ਨਿਊਜ਼

ਵਿਸ਼ੇਸ਼ ਅੰਕ

Namdhari Elibrary NamdhariElibrary@gmail.com

ਸ਼ਤਾਬਦੀ ਨਿਊਜ਼
SHATABDI NEWS

ਜਿਲਦ ੨, ਅੰਕ ੧੩

ਮਾਰਚ, ਅਪਰੈਲ, ਮਈ, ੧੯੭੨ — ਚੇਤਰ, ਵਿਸਾਖ, ਜੇਠ, ੨੦੨੯

ਇਸ ਅੰਕ ਦਾ ਮੁੱਲ	ਢਾਈ ਰੁਪਏ
ਵਾਰਸ਼ਿਕ ਚੰਦਾ : ਦੇਸ	੧੨ ਰੁਪਏ
,, ,, : ਪਰਦੇਸ	੨੫ ਰੁਪਏ (ਸਮੁੰਦਰੀ ਡਾਕ)
,, ,, : ,,	੫੦ ਰੁਪਏ (ਹਵਾਈ ਡਾਕ)

Namdhari Elibrary NamdhariElibrary@gmail.com



ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ
ਆਪ ਦੀ ਛਤਰ ਛਾਇਆ ਹੇਠ ਇਸ ਵਾਰ ਦਾ ਹੋਲਾ ਅਤੇ ਸ਼ਤਾਬਦੀ ਸਮਾਗਮ
ਬੈਂਕੌਂਕ (ਥਾਈਲੈਂਡ) ਵਿਚ ਸੰਪੰਨ ਹੋਇਆ ।

Namdhari Elibrary NamdhariElibrary@gmail.com



ਸੇਠ ਤ੍ਰਿਲੋਕ ਸਿੰਘ ਜੀ ਚਾਵਲਾ ਚੇਅਰਮੈਨ (ਸੰਸਾਰ) ਸਤਿਗੁਰੂ ਰਾਮ ਸਿੰਘ ਪਰਦੇਸ ਗਮਨ ਸ਼ਤਾ-ਬਦੀ ਸੰਮਤੀ।

ਆਪ ਦੇ ਭਾਰਤ ਤੇ ਥਾਈਲੈਂਡ ਵਿਚ ਕੀਤੇ ਜਤਨਾਂ ਸਦਕਾ ਹੀ ਭਾਰਤ ਦੇ ਰਾਸ਼ਟਰਪਤੀ ਸ੍ਰੀ ਵੀ. ਵੀ. ਗਿਰੀ ਨੇ ਬੈਂਕੌਕ ਦੇ ਇੰਟਰ ਕੌਂਟੀਨੈਂਟਲ ਹੋਟਲ ਵਿਚ ਹੋਏ ਸਵਾਗਤ ਸਮਾਰੋਹ ਵਿਖੇ ਸਿੱਖ ਜਗਤ ਦੇ ਬਾਹਰਵੇਂ ਗੁਰੂ ਸਤਿਗੁਰੂ ਰਾਮ ਸਿੰਘ ਜੀ ਦੀ ਦੇਸ਼ ਭਗਤੀ ਦੀ ਚਰਚਾ ਕੀਤੀ ਤੇ ਉਨ੍ਹਾਂ ਪ੍ਰਤੀ ਆਪਣਾ ਸਨਮਾਨ ਪ੍ਰਗਟ ਕੀਤਾ।



ਹਰਵਿੰਦਰ ਸਿੰਘ ਜੀ ਹੰਸਪਾਲ, ਜਨਰਲ ਸਕੱਤਰ
ਸਤਿਗੁਰੂ ਰਾਮ ਸਿੰਘ ਪਰਦੇਸ-ਗਵਨ
ਸਤਾਬਦੀ ਸਮਿਤੀ



ਸੇਠ ਜਸਪਾਲ ਸਿੰਘ ਜੀ
ਪਰਧਾਨ ਨਾਮਧਾਰੀ ਸੰਗਤ ਬੈਂਕੋਕ
(ਥਾਈਲੈਂਡ)

Namdhari Elibrary NamdhariElibrary@gmail.com

ਸੰਪਾਦਕ ਵੱਲੋਂ

ਦੋ ਮਹੀਨੇ ਆਪ ਦੇ ਹੱਥਾਂ ਵਿਚ ਸਤਾਬਦੀ ਨਿਊਜ਼ ਨਹੀਂ ਪੁਜਾ ਅਤੇ ਦੋਵੇਂ ਮਹੀਨੇ ਹੀ ਅਸੀਂ ਆਪ ਦੀ ਉਡੀਕ ਨੂੰ ਮਹਿਸੂਸ ਕਰਦੇ ਹੋਏ ਆਪ ਤਕ ਇਕ ਸ਼ਤਾਬਦੀ ਵਿਸ਼ੇਸ਼ ਅੰਕ ਪੁਚਾਣ ਦੇ ਜਤਨਾਂ ਵਿਚ ਲੱਗੇ ਰਹੇ ਹਾਂ। ਕੋਸ਼ਿਸ਼ ਇਹ ਸੀ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਦੀ ਪ੍ਰਦੇਸ ਗਮਨ ਸ਼ਤਾਬਦੀ ਦੇ ਅੰਤਿਮ ਚਰਨ ਵਿਚ ਸ਼ਤਾਬਦੀ ਨਿਊਜ਼ ਲਈ ਕੁਝ ਚੁਣੇ ਹੋਏ ਵਿਦਵਾਨਾਂ ਕੋਲੋਂ ਉਚੇਚੇ ਲੇਖ ਲਿਖਵਾਏ ਜਾਣ। ਇਸ ਕੰਮ ਲਈ ਸਮੇਂ ਦੀ ਲੋੜ ਸੀ। ਏਸੇ ਸਮੇਂ ਦੇ ਦੌਰਾਨ ਹੀ ਸਾਨੂੰ ਬੈਂਕੋਕ (ਥਾਈਲੈਂਡ) ਵਿਚ ਹੋਣ ਵਾਲੇ ਹੋਲੇ ਅਤੇ ਸ਼ਤਾਬਦੀ ਸਮਾਗਮ ਵਿਚ ਸ਼ਾਮਲ ਹੋਣ ਲਈ ਬੈਂਕੋਕ ਜਾਣਾ ਪੈ ਗਿਆ। ਜਿਵੇਂ ਕਿ ਪਾਠਕਾਂ ਨੂੰ ਪਤਾ ਹੀ ਹੈ। ਬੈਂਕੋਕ ਵਿਚ ਹੋਲਾ ਸਿਆਮ ਦੇ ਸੇਠ ਪਿਆਰਾ ਸਿੰਘ ਜੀ ਵਲੋਂ ਕਰਵਾਇਆ ਜਾ ਰਿਹਾ ਸੀ ਤੇ ਉਸ ਸਾਰੇ ਮੇਲੇ ਦਾ ਖ਼ਰਚ ਉਨ੍ਹਾਂ ਨੇ ਇਕੱਲਿਆਂ ਹੀ ਖ਼ੁਸ਼ੀ ਨਾਲ ਕੀਤਾ ਹੈ।

ਡੇਢ ਮਹੀਨੇ ਦੇ ਵਿਦੇਸ਼ ਪਰਵਾਸ ਤੋਂ ਬਾਅਦ ਅਸੀਂ ਪਾਠਕਾਂ ਲਈ ਜਿਹੜੀ ਸਭ ਤੋਂ ਵਡੀ ਖ਼ੁਸ਼ਖ਼ਬਰੀ ਲੈ ਕੇ ਆਏ ਹਾਂ ਉਹ ਇਹ ਹੈ ਕਿ 'ਸਤਾਬਦੀ ਨਿਊਜ਼' ਦਾ ਇਹ ਵਿਸ਼ੇਸ਼ ਅੰਕ ਆਖ਼ਰੀ ਅੰਕ ਨਹੀਂ—ਸਗੋਂ ਸ਼ਤਾਬਦੀ ਨਿਊਜ਼ ਅਗੋਂ ਲਈ ਵੀ ਬਾਕਾਇਦਾ ਚਲਦਾ ਰਹੇਗਾ ਅਤੇ ਆਪ ਦੇ ਹੱਥਾਂ ਵਿਚ ਪਹਿਲਾਂ ਨਾਲੋਂ ਵੀ ਚੰਗੇਰੇ ਰੂਪ ਵਿਚ ਪੁਜਦਾ ਰਹੇਗਾ। ਇਹ ਫ਼ੈਸਲਾ ਬੈਂਕੋਕ ਵਿਚ ਹੋਏ ਹੋਲੇ ਅਤੇ ਸ਼ਤਾਬਦੀ ਸਮਾਗਮ ਦੇ ਦੌਰਾਨ ਲਿਆ ਗਿਆ ਜਿਸ ਦੀ ਸਤਿਗੁਰੂ ਜੀ, ਦੇਸ਼ ਅਤੇ ਥਾਈਲੈਂਡ ਦੀ ਸੰਗਤ ਨੇ ਚਾਹ ਕੇ ਪ੍ਰਵਾਨਗੀ ਦਿੱਤੀ ਹੈ।

ਸਾਡੀ ਕੋਸ਼ਿਸ਼ ਸੀ ਕਿ ਬੈਂਕੋਕ ਜਾਣ ਤੋਂ ਪਹਿਲਾਂ ਪਹਿਲਾਂ ਹੀ ਸ਼ਤਾਬਦੀ ਨਿਊਜ਼ ਦਾ ਵਿਸ਼ੇਸ਼ ਅੰਕ ਤਿਆਰ ਕਰ ਕੇ ਆਪ ਦੇ ਹੱਥਾਂ ਵਿਚ ਦੇ ਕੇ ਥਾਈਲੈਂਡ ਦੀ ਸੰਗਤ ਲਈ ਵੀ ਉਹ ਅੰਕ ਨਾਲ ਲੈ ਕੇ ਜਾਂਦੇ। ਪਰ ਸ੍ਰੀ ਸਤਿਗੁਰੂ ਜੀ ਦੀ ਇੱਛਾ ਅਨੁਸਾਰ ਦੇਸ਼ ਤੋਂ ਬੈਂਕੋਕ ਦੇ ਮੇਲੇ ਵਿਚ ਸ਼ਾਮਲ ਹੋਣ ਵਾਲੀ ਸੰਗਤ ਲਈ ਪਾਸਪੋਰਟ ਬਣਵਾਨ ਅਤੇ ਹੋਰ ਜ਼ਰੂਰੀ ਗੱਲਾਂ ਦਾ ਪ੍ਰਬੰਧ ਕਰਨ ਵੱਲ ਹੀ ਏਨਾ ਸਾਰਾ ਧਿਆਨ ਦੇਣਾ ਪਿਆ ਕਿ ਅੰਕ ਦਾ ਕੰਮ ਪਛੜਦਾ ਪਛੜਦਾ ਸਾਡੇ ਮੁੜਨ ਤੇ ਜਾ ਪਿਆ।

ਥਾਈਲੈਂਡ ਵਿਚ ਸ੍ਰੀ ਸਤਿਗੁਰੂ ਜੀ ਦੀ ਛਤਰ ਛਾਇਆ ਹੇਠ ਜਿਵੇਂ ਹੋਲਾ ਅਤੇ ਸ਼ਤਾਬਦੀ ਸਮਾਗਮ ਹੋਇਆ ਹੈ ਉਸ ਦੀ ਇਕ ਉਡਦੀ ਉਡਦੀ ਝਾਤੀ ਅਸੀਂ ਸ੍ਰੀ ਅਮਰ ਭਾਰਤੀ ਜੀ ਦੀ ਲਿਖੀ 'ਕੁਬੇਰ ਰਾਜ ਦੀ ਯਾਤਰਾ ਰਾਹੀਂ ਪਵਾ ਰਹੇ ਹਾਂ। ਇਹ ਯਾਤਰਾ-ਵਰਨਣ ਲੰਮਾ ਹੈ ਤੇ ਸ਼ਤਾਬਦੀ ਨਿਊਜ਼ ਦੇ ਦੋ ਚਾਰ ਅੰਕਾਂ ਵਿਚ ਲਗਾਤਾਰ ਪੜ੍ਹਨ ਨੂੰ ਮਿਲੇਗਾ। ਇਸ ਵਾਰ ਯਾਤਰਾ ਦੇ ਪਹਿਲੇ ਪੜਾਅ 'ਚੰਗਮਦੀ' ਤਕ ਦਾ ਵਰਨਣ ਦਿੱਤਾ ਜਾ ਰਿਹਾ ਹੈ। ਅਗਲੇ ਅੰਕ ਵਿਚ ਬੈਂਕੋਕ ਦੇ ਹੋਲੇ, ਸ਼ਤਾਬਦੀ ਸਮਾਗਮ, ਉਸ ਸਮਾਗਮ ਵਿਚ ਭਾਰਤ ਦੇ ਰਾਸ਼ਟਰਪਤੀ ਸ੍ਰੀ ਵੀ. ਵੀ. ਗਿਰੀ ਵਲੋਂ ਭਾਗ ਲੈਣ ਤੇ ਬੈਂਕੋਕ ਅਤੇ ਥਾਈਲੈਂਡ ਬਾਰੇ ਕੁਝ ਵਿਸ਼ੇਸ਼ ਜਾਣਕਾਰੀ ਹੋਵੇਗੀ। ਉਸ ਤੋਂ ਅਗਲੇ ਅੰਕਾਂ ਵਿਚ ਥਾਈਲੈਂਡ ਦੇ ਨਾਲ ਨਾਲ ਹੀ ਥਾਈਲੈਂਡ ਦੇ ਗਵਾਂਢੀ ਦੇਸ਼ਾਂ ਮਲਾਏਸ਼ੀਆ ਤੇ ਸਿੰਗਾਪੁਰ ਦੀ ਯਾਤਰਾ ਦਾ ਹਾਲ

Namdhari Elibrary NamdhariElibrary@gmail.com

ਪੜ੍ਹੋਗੇ ਜਿਸ ਵਿਚੋਂ ਆਪ ਦੱਖਣ ਪੂਰਬੀ ਏਸ਼ੀਆ ਵਿਚਲੇ ਸਿਆਮ ਦੇ ਕਈ ਹੋਰ ਦੇਸ਼ਾਂ ਦੇ ਸਮਾਜਕ ਧਾਰਮਕ ਅਤੇ ਰਾਜਨੀਤਕ ਜੀਵਨ ਉਪਰ ਵੀ ਇਕ ਝਾਤੀ ਪਾ ਸਕੋਗੇ।

ਜਿਵੇਂ ਕਿ ਸਾਡੀ ਕੋਸ਼ਿਸ਼ ਸੀ — ਅਸੀਂ ਕੁਝ ਕੁ ਵਿਦਵਾਨ ਲੇਖਕਾਂ ਤੇ ਇਤਿਹਾਸਕਾਰਾਂ ਕੋਲੋਂ ਇਸ ਅੰਕ ਲਈ ਉਚੇਚੇ ਲੇਖ ਲਿਖਵਾ ਕੇ ਆਪ ਦੀ ਨਜ਼ਰ ਕਰ ਰਹੇ ਹਾਂ। ਜਿਨ੍ਹਾਂ ਵਿਦਵਾਨਾਂ ਨੇ ਸਾਨੂੰ ਇਸ ਅੰਕ ਲਈ ਲੇਖ ਲਿਖ ਕੇ ਦਿੱਤੇ ਹਨ ਉਨ੍ਹਾਂ ਦੇ ਅਸੀਂ ਸ਼ੁਕਰ ਗੁਜ਼ਾਰ ਹਾਂ। ਫਿਰ ਵੀ ਸਾਨੂੰ ਇਸ ਗੱਲ ਦੀ ਕੁਝ ਘਾਟ ਮਹਿਸੂਸ ਹੋ ਰਹੀ ਹੈ ਕਿ ਅਸੀਂ ਓਡਾ ਵਡਾ ਅੰਕ ਨਹੀਂ ਕਢ ਸਕੇ ਜਿਸ ਦੀ ਅਸਾਂ ਯੋਜਨਾ ਬਣਾਈ ਸੀ ਅਤੇ ਜਿਸ ਵਿਚ ਹੋਰ ਵੀ ਕਈ ਸਾਰੇ ਚੋਣਵੇਂ ਵਿਦਵਾਨਾਂ ਦੀਆਂ ਲਿਖਤਾਂ ਦਿੱਤੀਆਂ ਜਾਣੀਆਂ ਸਨ।

ਥਾਈਲੈਂਡ ਤੋਂ ਪਰਤ ਕੇ ਆਪ ਦੀ ਉਡੀਕ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਛੇਤੀ ਤੋਂ ਛੇਤੀ ਜੋ ਦਿੱਤਾ ਜਾ ਸਕਦਾ ਸੀ ਉਹੋ ਹੀ ਹਾਜ਼ਰ ਕਰ ਰਹੇ ਹਾਂ।

ਸ਼ਤਾਬਦੀ ਨਿਊਜ਼ ਅਗੋਂ ਲਈ ਵੀ ਬਾਕਾਇਦਾ ਚਲੇਗਾ। ਇਸ ਲਈ ਪਾਠਕਾਂ ਦੇ ਪ੍ਰਤੀ ਸਾਡੀ ਸਨਿਮਰ ਬੇਨਤੀ ਹੈ ਕਿ ਆਪਣੇ ਆਪਂਣੇ ਜ਼ੁੰਦੇ ਭਿਜਵਾਨ ਵੱਲ ਉਚੇਚਾ ਧਿਆਨ ਦੇਣ। ਸਾਨੂੰ ਆਪ ਦੇ ਸਹਿਯੋਗ ਦੀ ਲੋੜ ਹੈ ਤੇ ਸਹਿਯੋਗ ਦੇ ਬਲ ਨਾਲ ਹੀ ਅਸੀਂ ਆਪ ਦੇ ਇਸ ਮਾਸਕ ਪਤਰ ਨੂੰ ਚੋਣਵੇਂ ਮਾਸਕ ਪੱਤਰਾਂ ਦੀ ਗਿਣਤੀ ਵਿਚ ਲਿਆਉਣ ਦਾ ਮਨਸੂਬਾ ਬਣਾ ਰਹੇ ਹਾਂ।

— ਹਰਵਿੰਦਰ ਸਿੰਘ ਹੰਸਪਾਲ

Namdhari Elibrary NamdhariElibrary@gmail.com

ਇਕ ਹੁਕਮ ਨਾਮਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ

੧ਓ ਸਤਿਗੁਰਿ ਪ੍ਰਸਾਦਿ । ਲਿਖਤੋ ਦਿਆਲਿ ਸਿੰਘ, (ਸਤਿਗੁਰੂ ਰਾਮ ਸਿੰਘ ਜੀ ਏਸੇ ਨਾਮ ਹੇਠ ਹੀ ਹੁਕਮਨਾਮੇ ਲਿਖਦੇ ਸਨ) ਜੋਗ ਉਪਮਾ ਭਾਈ ਜਿਪਾਲ ਸਿੰਘ, ਭਾਈ ਸਾਉਣਿ ਸਿੰਘ ਤੇ ਹਰਿਨਾਮ ਸਿੰਘ ਦੂਆ, ਹਰਿਨਾਮ ਸਿੰਘ ਸੋਭਾ ਸਿੰਘ, ਧੰਨਾ ਸਿੰਘ, ਹੋਰ ਸੰਬੂਹਿ ਸੰਗਤ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ। ਮਾਈ ਬੀਬੀ ਕੋ ਰਾਮ ਸਤਿ ਵਾਚਨੀ।

ਹੋਰ ਅਸੀਂ ਆਨੰਦੁ ਹੈਂ, ਗੁਰੂ ਸਾਹਿਬ ਜੀ ਸਾਰੀ ਸੰਗਤ ਕੋ ਸੁਖੀ ਆਨੰਦੁ ਰਖੇਂ, ਏਹੁ ਮੰਗਦੇ ਹਾਂ ਗੁਰੂ ਜੀ ਪਾਸ ਤੇ, ਅਗੇ ਜੋ ਗੁਰੂ ਜੀ ਨੂੰ ਭਾਵੇ । ਹੋਰੁ ਜੀ ਜਿਸ ਜਿਸ ਸਰੀਰ ਨੇ ਕਹਾ ਹੈ ਕੇ ਮੈਨੂੰ ਏਹੁ ਦੁਖੁ ਹੈ, ਏਹੁ ਦੁਖੁ ਹੈ, ਸੋ ਸਭ ਕੋ ਹੀ ਦੁਖੁ ਕਟਿ ਜਾਊਗਾ, ਢੂਹੀ (ਕਮਰ) ਦੁਖੁ, ਸੁੰਨਪਾਤੁ (ਮਿਆਦੀ ਬੁੱਖਾਰ), ਮਿਰਗੀ ਬੀ, ਭੂਤੁ ਬੀ । ਹੋਰੁ ਬੀ ਜੋ ਮਾਨੁਖਾ ਕੋ ਮਾਨੁਖਾ ਦੁਖੁ ਦੇ ਰਹੈ, ਹੋਰੁ ਬੀ ਜੋ ਨੰਗ ਭੁਖ ਕਾ ਦੁਖੁ ਹੈ ਸੋ ਸਾਰਾ ਈ ਦੁਖੁ ਪ੍ਰਮੇਸ੍ਰ ਦੇ ਭਜਨ ਤੇ ਕਟਿ ਜਾਊਗਾ । / ਗੁਰੂ ਜੀ ਦਾ ਹੁਕਮੁ ਹੈ ਸਰਬ ਰੋਗ ਕਾ ਅਉਖਦੁ ਨਾਮੁ । ਸੋ ਜੀ ਨਾਮ ਦਾ ਤੇ ਬਾਣੀ ਪੜਨ ਦਾ ਇਹੁ ਬਡਾ ਮਹਾਤਮੁ ਹੈ ਜੋ ਸਵਾ ਪਹਿਰੁ ਰਾਤ ਤੇ ਪਹਿਰ ਤੇ ਉਠ ਕੇ ਹਮੇਸਾ ਸਨਾਨੁ ਕਰਨਾ, ਬਾਣੀ ਪੜਨਾ, ਫੇਰ ਭਜਨੁ ਕਰਨਾ ਦਿਨ ਰਾਤ । ਕੰਮ ਕਾਰ ਮੈ ਜਿਨਾ ਹੋਇ ਆਵੇ ਅਰੁ ਜਥਾ ਸਕਤ ਦਾਨੁ ਕਰਨਾ, ਅਰੁ ਕਿਸੇ ਦੀ ਕੋਈ ਬੀ ਚੀਜ ਚਕਣੀ ਚੁਪਾਓ ਨਾ । ਪਰੁ ਪਿਛਾ ਰਾਤ ਨਾਉਣਾ ਜਰੂਰ ; ਤਾਂ ਸਾਰੇ ਈ, ਸਭਿ ਦੇ ਦੁਖੁ ਕਟਿ ਜਾਣਗੇ—ਇਹੋ ਸਭੁ ਕੋ ਸੁਣਾ ਦੇਣਾ । ਹੋਰੁ ਭਾਈ ਸਾਉਣ ਸਿੰਘ, ਜੋ ਤੈਂ ਲਿਖਾ ਥਾਂ ਦੋ ਨਸਾਨ ਟੁਟਿ ਗਏ ਸੋ ਸਾਨੂੰ ਖਬ੍ਰ ਨਹੀਂ ਸੀ ਅਗੇ, ਜੋ ਕੀਧੇ ਟੁਟੇ ਹੈਂ ਤਾਂ ਨਹੀਂ ਤੈਨੂੰ ਜਬਾਬੁ ਲਿਖਾ । ਹੁਣ ਖਬ੍ਰ ਲਗੀ ਹੈ ਸਾਨੂ ਥੋੜੇ ਦਿਨਿ ਹੋਏ ਹੈਨ, ਦੋਈ ਨਸਾਨ ਮੀਰੀ ਤੇ ਪੀਰੀ ਦੇ ਟੁਟੇ ਹੈਂ । ਅਗਲੀ ਮੀਰੀ ਪੀਰੀ ਦੂਰਿ ਹੋਣ ਦਾ ਸਮਾ ਹੈ ਹੁਣਿ ਆਇਆ, ਅਗੇ ਗੁਰੂ ਵੇਅੰਤ ਹੈ, ਆਪਣੇ ਭਾਣੇ ਨੂ ਆਪੇ ਹੀ ਜਾਣਦਾ ਹੈ ਪਰ ਇਹੁ ਹੁਕਮੁ ਗੁਰੂ ਜੀ ਦਾ ਈ ਲਿਖਾ ਹੈ, ਤਾਂ ਮੈਂ ਲਿਖਾ ਹੈ ।

ਹੋਰੁ ਜੀ ਹੁਕਮ ਨਾਮੈ ਕੀ ਲਿਖਣੇ ਹੈ; ਹੁਕਮਨਾਮੇ ਤਾਂ ਗੁਰੂ ਜੀ ਦੇ ਈ ਲਿਖੇ ਦੇਖ ਲੈਣੇ ਜਿਨ ਦੇਖਣੇ ਹੋਣਿ, ਮੰਨਣੇ ਹੋਣਿ । ਮੰਨੇ ਬਿਨਾਂ ਦੇਖੇ ਦਾ ਕੁਛੁ ਫਾਇਦਾ ਨਹੀਂ ਹੁੰਦਾ । ਦੋਈ ਤਾਂ ਗ੍ਰੰਥ ਸਾਹਿਬ, ਸੌ ਸਾਖੀ, ਪ੍ਰੇਮ ਸਮਾਰਗੁ — ਇਹੁ ਹੁਕਮ ਨਾਮਾ ਹੈ ਸਾਰੀ ਸੰਗਤ ਕੋ, ਅਰੁ ਸਾਰੇ ਭੇਖਾਂ ਕੋ, ਜਾਤਾਂ ਕੋ, ਅਰੁ ਮੈਂ ਵੀ ਸਾਰੀ ਸੰਗਤ ਦੇ ਬਾਸਤੇ ਲਿਖ ਕੇ ਭੇਜ ਦਿਤੇ ਹੈਂ । ਰਾਂਮਦਾਸ ਪੁਰੇ ਪਏ ਹੈਂ । ਜਿਨ ਦੇਖਣੇ ਹੋਣਿ ਸੋ ਦੇਖ ਲੇਵੇ । ਦੇਖਣੇ ਈ ਹੈਨ ਭਾਮੇ ਕਿਤਨੇ ਦੇਖ ਲੈਣ, ਚਟਣੇ ਤਾਂ ਨਹੀਂ । ਇਕੁ ਚਟਿ ਲਊ ਇਕੁ ਐਮੇ ਰਹੂਗਾ ।

ਹੋਰ ਜੀ, ਨਾਮ ਗਾਮ ਸਭ ਦੇ ਲਿਖਣੇ ਅਉਖੇ ਹੈਂ, ਸਭ ਕੋ ਸਿਰੀ ਵਾਹਿਗੁਰੂ ਜੀ ਕੀ ਫਤੇ ਬੁਲਾਏ ਦੇਣੀ । ਭਜਨ ਬਾਣੀ ਕਾ ਹੁਕਮੁ ਸਭ ਕੋ ਸੁਣਾ ਦੇਣਾ ਅਰੁ ਪਿਛਾ ਰਾਤ ਨਾਇ ਕੇ ਜੋ ਭਜਨ ਕਰੂਗਾ ਓਸਦਾ ਸਾਰਾ ਦਖੁ ਕਟਿ ਜਾਊਗਾ । ਏਥੇ ਸਾਨੂੰ ਬੀ ਬਡਾ ਦੁਖੁ ਹੋਆ ਥਾ, ਸਰੀਰ ਤੜਫਦਾ ਸੀ ਰਾਤ ਦਿਨ, ਤੇ ਪਿੱਛਾ ਰਾਤ ਨਾ ਕੇ ਭਜਨੁ ਬਾਣੀ ਕਰਨ ਲਗੇ, ਓਸੇ ਦਿਨ ਤੇ ਠੰਢ ਬ੍ਰਤ ਗਈ ਸਾਨੂ । ਅਰੁ ਗੁਰੂ ਜੀ ਦਾ ਬੀ ਹੁਕਮੁ ਹੈ ਪਿਛਾ ਰਾਤ ਦੇ ਨਾਮਣ ਦਾ ਬਡਾ ਈ ਮਹਾਤਮੁ ਲਿਖਾ ਹੈ ਗੁਰੂ ਜੀ ਨੇ । ਗੁਰੂ ਜੀ ਦਾ ਤਾਂ ਹੁਕਮੁ ਮੰਨੇਗਾ ਓਸ ਨੂੰ ਬਹੁਤ ਸੁਖੁ ਹੋਊਗਾ, ਬਿਨਾਂ ਹੁਕਮੁ ਮੰਨੇ ਦੇਖ ਲੇਓ ਗੁਰੂ ਜੀ ਦੇ ਪੁਤ ਪਾਸ ਈ ਬੈਠੇ ਰਹੇ, ਗੁਰਿਆਈ ਅੰਗਦ ਜੀ ਨੂੰ ਮਿਲੀ ਕਿਸੇ ਥਾਂ ਦੇ ਖਤ੍ਰੀ ਨੂ । ਅਗੇ ਦਾਤੂ, ਦਾਸੂ, ਮੋਹਰੀ, ਮੋਹਣੁ ਬੈਠੇ ਰਹੇ, ਰਾਮਦਾਸ ਕੋ ਗੱਦੀ ਮਿਲੀ, ਕਿਸੇ ਥਾਂ ਦੇ ਖਤ੍ਰੀ ਦੇ ਮੁੰਡੇ ਨੂੰ, ਨਾਲੇ ਲੜਕੀ । ਸੋ ਜੀਤਿਨਾ ਹੁਕਮੁ ਮੰਨੇ, ਭਾਮੇ ਸੌ ਹੁਕਮ ਨਾਮਾ ਹੋਵੇ ਪਾਸ, ਤਾਂ ਵੀ ਕੁਛੁ ਸੁਖੁ ਨਹੀਂ ਹੁੰਦਾ।

Namdhari Elibrary NamdhariElibrary@gmail.com

ਤਾਰਾ ਸਿੰਘ

ਸਜ਼ਾ ਕਿੰਨੀ ਕੁ ਬਾਕੀ ਹੈ ?

ਜਿਨ੍ਹਾਂ ਦੇ ਕੱਦ ਛੋਟੇ ਸੀ,
ਉਨ੍ਹਾਂ ਨੇ ਚਾਰ ਇਟਾਂ ਰਖੀਆਂ ਪੈਰਾਂ ਤਲੇ,
ਤੇ ਹੋ ਗਏ ਬਾਲਗ।

ਤੇਰੇ ਦਰ 'ਤੇ ਕੁਵੇਲੇ ਪਹੁੰਚਿਆਂ ਸਾਂ,
ਉਦੋਂ ਤੂੰ ਕੁਲ ਖ਼ੁਸ਼ੀਆਂ, ਅਮ੍ਰਿਤਾਵਾਂ ਵੰਡ ਚੁਕਿਆ ਸੀ।
ਚਲੋ ! ਪੱਛੜ ਕੇ ਆਇਆ ਸਹੀ,
ਮੈਂ ਤੇਰੇ ਦੁਆਰ ਆਇਆ ਸਾਂ।
ਤੂੰ ਮੇਰੀ ਪੱਛੜੀ ਕਿਸਮਤ ਨਿਬਾਲਗ਼ ਬੁੱਧ ਨੂੰ ਆਖ਼ਰ,
ਕੋਈ ਵਰਦਾਨ ਦਿਤਾ ਸੀ।
ਮੇਰੀ ਨਾਬਾਲਗ਼ੀ ਤੇ ਫੇਰ ਤੈਨੂੰ ਤਰਸ ਆਇਆ ਸੀ,

ਤੂੰ ਆਪੇ ਆਖਿਆ ਸੀ,
ਬੁੱਧਿ, ਬੁੱਤ, ਬਾਲਗ ਬਣਾ ਕੇ ਰਖ।
ਮੈਂ ਮੁੜ ਕੇ ਫੇਰ ਆਵਾਂਗਾ।
ਅਜੇ ਉਡਦੇ ਲਹੂ ਦੇ ਛਿੱਟਿਆਂ ਗੁਲਜ਼ਾਰ ਹੋਣਾ ਹੈ।
ਅਜੇ ਭਖਦੀ ਨਿਬਾਲਗ਼ ਰੁੱਤ ਨੇ ਅੰਗਿਆਰ ਹੋਣਾ ਹੈ।
ਅਜੇ ਪੱਛੜੀ ਹੋਈ ਕਿਸਮਤ ਨੇ ਸੂਰਜ ਦੀ ਤਪਸ਼ 'ਚੋਂ ਪਾਰ ਹੋਣਾ ਹੈ।
ਮੈਂ ਮੁੜ ਕੇ ਫੇਰ ਆਵਾਂਗਾ।

ਮੈਂ ਇਹ ਤਾਂ ਜਾਣਦਾ ਹਾਂ,
ਮੈਂ ਤੇਰੇ ਦਰ 'ਤੇ ਅਜੇ ਪਰਵਾਣ ਹੋਣਾ ਹੈ।
ਤੇਰੀ ਗਡਵੈਲ ਜਿੱਧਰ ਤੁਰ ਗਈ ਹੈ
ਉਸ ਪਾਸੇ ਵੀ ਮੇਰੀ ਨਾਬਾਲਗ਼ੀ ਹੈ।
ਉਸ ਪਾਸੇ ਵੀ ਮੈਂ ਤੇਰੇ ਹਾਣ ਹੋਣਾ ਹੈ।

ਮੈਂ ਅਮ੍ਰਿਤਸਰ ਸਰੋਵਰ ਦੇ ਜਦੋਂ ਸ਼ੀਸ਼ੇ ਨੂੰ ਤਕਦਾ ਹਾਂ,
ਤਾਂ ਇਸ ਵਿਚ ਵੀ ਮੇਰਾ ਚਿਹਰਾ ਨਹੀਂ ਹੁੰਦਾ।
ਰੱਕੜ ਦੇ ਭਰੇ ਮਜ੍ਹਮੇ 'ਚ ਵੀ,
ਨਾਬਾਲਗੀ ਸਹਿਮੀ ਹੋਈ ਹੈ, ਚੁੱਪ ਬੈਠੀ ਹੈ।
ਤੁਸੀਂ ਜਾਂਦੇ ਹੋਏ ਕੁਝ ਕਹਿ ਗਏ ਸੀ ?
ਅਜੇ ਪਛੜੀ ਹੋਈ ਕਿਸਮਤ ਨੇ ਸੂਰਜ ਦੀ ਤਪਸ਼ 'ਚੋਂ ਪਾਰ ਹੋਣਾ ਹੈ।
ਮੈਂ ਮੁੜ ਕੇ ਫੇਰ ਆਵਾਂਗਾ।
ਤੂੰ ਬੁਧਿ ਬਾਲਗ ਬਣਾ ਕੇ ਰਖ।
ਮੈਂ ਮੁੜ ਕੇ ਫੇਰ ਆਵਾਂਗਾ।

Namdhari Elibrary NamdhariElibrary@gmail.com

ਕੂਕਾ ਲਹਿਰ ਦਾ ਰਾਜਸੀ ਪੱਖ

ਡਾ: ਫ਼ੌਜਾ ਸਿੰਘ ਅਧਿਅਕਸ਼, ਇਤਿਹਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸਾਡੇ ਕੁਝ ਲੇਖਕ ਵਿਦਵਾਨ ਅਜੇ ਤੱਕ ਕੂਕਾ ਲਹਿਰ ਦੇ ਸੰਬੰਧ ਵਿਚ ਸਿੰਘ ਸਭਾ ਲਹਿਰ ਦੁਆਰਾ ਪਾਏ ਭੁਲੇਖਿਆਂ ਤੋਂ ਮੁਕਤ ਨਹੀਂ ਹੋ ਸਕੇ ਅਤੇ ਕੂਕਾ ਲਹਿਰ ਨੂੰ ਉਸ ਦੀਆਂ ਪ੍ਰਾਪਤੀਆਂ ਦੇ ਆਧਾਰ ਤੇ ਜੋ ਮਹੱਤਾ ਮਿਲਣੀ ਚਾਹੀਦੀ ਹੈ, ਉਹ ਨਹੀਂ ਦੇ ਰਹੇ। ਇਹ ਕੇਵਲ ਕੂਕਾ ਲਹਿਰ ਨਾਲ ਹੀ ਬੇ-ਇਨਸਾਫ਼ੀ ਨਹੀਂ, ਸਗੋਂ ਸਿੱਖ ਇਤਿਹਾਸ ਨਾਲ ਵੀ ਅਨਿਆਇ ਹੈ।

ਸਿੰਘ ਸਭਾ ਲਹਿਰ ਦੀ ਮਹੱਤਾ ਤੋਂ ਮੈਂ ਇਨਕਾਰੀ ਨਹੀਂ ਹਾਂ — ਕੋਈ ਵੀ ਸਮਝਦਾਰ ਮਨੁੱਖ ਇਸ ਨੂੰ ਮੰਨਣ ਤੋਂ ਨਾਂਹ ਨਹੀਂ ਕਰ ਸਕਦਾ। ਸਿੱਖ ਕੌਮ ਉਤੇ ਇਸ ਦੀ ਛਾਪ ਅਮਿੱਟ ਹੈ। ਪਰ ਇਹ ਭੁਲਣਾ ਨਹੀਂ ਚਾਹੀਦਾ ਕਿ ਇਹ ਲਹਿਰ ਅੰਗ੍ਰੇਜ਼ਾਂ ਦੀ ਹਮਾਇਤ ਨਾਲ ਸ਼ੁਰੂ ਹੋਈ ਸੀ ਅਤੇ ਇਸ ਵਿਚ ਉਨ੍ਹਾਂ ਦਾ ਉਦੇਸ਼ ਸਿੱਖਾਂ ਦੇ ਮਨਾ ਨੂੰ ਕੂਕਾ ਪ੍ਰਭਾਵਾਂ ਤੋਂ ਪਰੇ ਖੜਣਾ ਸੀ। ਇਸ ਦੇ ਸਿੱਟੇ ਵਜੋਂ ਕੂਕਿਆਂ ਦੀ ਨੁਕਤਾਚੀਨੀ, ਉਨ੍ਹਾਂ ਦੀ ਵਿਰੋਧਤਾ, ਹਰ ਉਸ ਸਿੱਖ ਲਈ ਇਕ ਪ੍ਰਕਾਰ ਦਾ ਫੈਸ਼ਨ ਬਣ ਗਿਆ, ਜਿਸ ਨੂੰ ਫ਼ਰੰਗੀ ਸਰਕਾਰ ਦੀ ਖ਼ੁਸ਼ਨੂਦੀ ਦਰਕਾਰ ਸੀ।

ਪਰੰਤੂ ਇਸ ਸਬੰਧ ਵਿਚ ਇਕ ਅੰਤਰ ਜ਼ਰੂਰ ਆਗਿਆ ਹੈ। ਉਨ੍ਹਵੀਂ ਸ਼ਤਾਬਦੀ ਦੇ ਅਖ਼ੀਰ ਵਿਚ ਜਦ ਕਿ ਸਿੰਘ ਸਭਾ ਲਹਿਰ ਪੂਰੇ ਜੋਬਨ ਤੇ ਸੀ, ਕੂਕਾ ਲਹਿਰ ਨੂੰ ਅੰਗ੍ਰੇਜ਼-ਵਿਰੋਧੀ, ਸਰਕਾਰ-ਵਿਰੋਧੀ ਤੇ ਰਾਜਸੀ ਪਖੋਂ ਖ਼ਤਰਨਾਕ ਲਹਿਰ ਕਰ ਕੇ ਭੰਡਿਆ ਜਾਂਦਾ ਸੀ। ਹੁਣ ਜਦ ਸਮੇਂ ਦੇ ਗੇੜ ਨਾਲ ਅੰਗ੍ਰੇਜ਼-ਵਿਰੋਧਤਾ ਭਾਰਤ ਦੇ ਸੁਤੰਤਰਤਾ ਸੰਗਰਾਮ ਦਾ ਉੱਤਮ ਭਾਗ ਮੰਨਿਆ ਜਾਣ ਲਗ ਪਿਆ ਹੈ, ਤਾਂ ਇਸ ਲਹਿਰ ਦੇ ਵਿਰੋਧੀਆਂ ਨੇ ਇਹ ਕਹਿਣਾ ਸ਼ੁਰੂ ਕਰ ਦਿਤਾ ਹੈ ਕਿ "ਇਹ ਤਾਂ ਕੇਵਲ ਧਾਰਮਕ ਤੇ ਸਮਾਜ ਸੁਧਾਰ ਲਹਿਰ ਹੀ ਸੀ, ਇਸ ਨੂੰ ਰਾਜਸੀ ਲਹਿਰ ਕਹਿਣਾ ਭੁੱਲ ਹੈ। ੧੮੫੭ ਦੇ ਵਿਦ੍ਰੋਹ ਤੋਂ ਸਹਿਮੇ ਹੋਏ ਅੰਗ੍ਰੇਜ਼ਾਂ ਨੇ, ਖਾਹ ਮਖਾਹ, ਬਗੈਰ ਕਿਸੇ ਕਾਰਨ ਦੇ, ਕੂਕਿਆਂ ਨੂੰ ਹਕੂਮਤ ਦੇ ਵਿਰੋਧੀ, ਸਿਆਸੀ ਬਾਗ਼ੀ, ਕਰਾਰ ਦੇ ਦਿਤਾ, ਜਹੜਾ ਕਿ ਹਕੀਕਤ ਤੋਂ ਬਹੁਤ ਦੂਰ ਹੈ। "ਅਵੱਸ਼ ਹੀ ਇਨ੍ਹਾਂ ਲੋਕਾਂ ਦਾ ਨਾ ਪਹਿਲਾਂ ਪੈਂਤੜਾ ਠੀਕ ਸੀ, ਨਾ ਹੁਣ ਵਾਲਾ ਪੈਂਤੜਾ ਠੀਕ ਹੈ। ਇਤਿਹਾਸਕ ਖੋਜ ਦੇ ਹਿੱਤ ਵਿਚ ਇਸ ਸਮੱਸਿਆ ਦਾ ਨਿਰਣਾ ਵਿਗਿਆਨਕ ਢੰਗ ਨਾਲ ਕੀਤਾ ਜਾਣਾ ਚਾਹੀਦਾ ਹੈ ਤੇ ਮਨਾਂ ਅੰਦਰ ਬਹਿ ਗਏ ਭਰਮਾਂ ਭੁਲੇਖਿਆਂ ਨੂੰ ਦੂਰ ਕਰਨਾ ਚਾਹੀਦਾ ਹੈ।

ਇਸ ਵਿਸ਼ੇ ਦੇ ਸਬੰਧ ਵਿਚ ਮੈਂ ਕੁਝ ਤੱਥ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਕਰਨਾ ਚਾਹੁੰਦਾ ਹਾਂ ਜਿਹੜੇ ਮੇਰੇ ਮਤ ਅਨੁਸਾਰ ਇਸ ਗੁਥੀ ਦੇ ਸੁਲਝਾਉਣ ਵਿਚ ਸਹਾਈ ਹੋ ਸਕਦੇ ਹਨ।

੧੮੫੭ ਵਿਖੇ, ਜਦ ਅਜੇ ਵਿਦ੍ਰੋਹ ਆਰੰਭ ਹੋਣਾ ਸੀ, ਬਾਬਾ ਰਾਮ ਸਿੰਘ ਜੀ ਨੇ ਜੋ ਪ੍ਰੋਗਰਾਮ ਤਿਆਰ ਕੀਤਾ ਤੇ ਆਪਣੇ ਕੁਝ ਨਿਕਟਵਰਤੀਆਂ ਸਾਹਮਣੇ ਰਖਿਆ, ਉਸ ਵਿਚ ਕਈ ਅਜਿਹੀਆਂ ਚੀਜ਼ਾਂ ਸਨ ਜਿਨ੍ਹਾਂ ਦੀ ਮਹੱਤਾ ਨਿਰੇ ਧਾਰਮਕ ਤੇ ਸਮਾਜਕ ਸੁਧਾਰ ਤੋਂ ਬਹੁਤ ਅਗੇ ਚਲੀ ਜਾਂਦੀ ਹੈ।

ਇਨ੍ਹਾਂ ਵਿਚੋਂ ਮੇਰੇ ਵਿਚਾਰ ਅਨੁਸਾਰ ਇਕ ਨੰਬਰ ਤੇ ਬਾਬਾ ਜੀ ਦਾ ਉਹ ਮਹਾਨ ਉੱਦਮ ਸੀ ਜੋ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦੀ ਰਹਿਤ ਮਰਯਾਦਾ ਦੀ ਬਹਾਲੀ ਵਾਸਤੇ ਕੀਤਾ। ਅੰਮ੍ਰਿਤ ਪਾਨ ਦੀ ਮਹੱਤਾ ਜੋ ਖ਼ਾਲਸਾ ਰਾਜ ਦੇ ਸਮੇਂ ਤਾਕਤ ਤੇ ਦੌਲਤ ਦੇ ਪ੍ਰਭਾਵ ਹੇਠ ਪਿਛਵਾੜੇ ਚਲੀ ਗਈ ਸੀ, ਉਸ ਉਤੇ ਉਨ੍ਹਾਂ ਨੇ ਮੁੜ ਤੋਂ ਜ਼ੋਰ ਦਿਤਾ। ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੇ ਅੰਮ੍ਰਿਤ ਦੁਆਰਾ ਕੌਮ ਜਾਂ ਪੰਥ ਵਿਚ ਨਵੀਂ ਤਾਕਤ ਲਿਆਂਦੀ, ਨਵਾਂ ਸਾਹਸ ਭਰਿਆ, ਨਵਾਂ ਸੰਗਠਨ ਕਾਇਮ ਕੀਤਾ। ਜੇ ਗੁਰੂ ਸਾਹਿਬ ਦੇ ਰਚੇ ਸਾਹਿਤਕ ਗ੍ਰੰਥਾਂ ਨੂੰ, ਜਿਨ੍ਹਾਂ ਵਿਚ ਚੰਡੀ ਦੀ ਵਾਰ, ਆਤਮ-ਕਥਾ, ਸਵੱਯੇ ਆਦਿ ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ, ਅਤੇ ਉਨ੍ਹਾਂ ਦੇ ਖ਼ਾਲਸਾ ਸਿਰਜਨ ਤੋਂ ਪਹਿਲੋਂ ਦੇ ਜੀਵਨ ਦਾ ਧਿਆਨ ਪੂਰਵਕ ਅਧਿਅਨ ਕੀਤਾ ਜਾਵੇ, ਤਾਂ ਬਿਲਕੁਲ ਸਿਧ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਸਾਹਮਣੇ ਸਭ ਤੋਂ ਵੱਡੀ ਵੰਗਾਰ ਮੁਗ਼ਲ ਹਾਕਮਾਂ ਦੇ

Namdhari Elibrary NamdhariElibrary@gmail.com

ਅਤਿਆਚਾਰਾਂ ਤੇ ਜਨਤਾ-ਵਿਰੋਧੀ ਵਤੀਰਿਆਂ ਦਾ ਟਾਕਰਾ ਕਰਨਾ ਸੀ। ਇਸ ਕਾਰਜ-ਸਿਧੀ ਲਈ ਉਨ੍ਹਾਂ ਨੇ ਅਵੱਸ਼ ਸਮਝਿਆ ਕਿ ਇਕ ਅਜਿਹੀ ਜਥੇਬੰਦੀ ਦਾ ਨਿਰਮਾਣ ਕੀਤਾ ਜਾਏ ਜੋ ਇਕ ਨਵੇਂ ਨਰੋਏ, ਅਤਿਆਚਾਰ ਤੋਂ ਮੁਕਤ, ਉੱਤਮ ਧਾਰਮਕ ਤੇ ਸਮਾਜਕ ਕਦਰਾਂ ਕੀਮਤਾਂ ਤੇ ਆਧਾਰਤ ਸਮਾਜ ਕਾਇਮ ਕਰੇ ਅਤੇ ਜੋ ਜਥੇਬੰਦੀ ਉਨ੍ਹਾਂ ਨੇ ਇਸ ਮਨੋਰਥ ਲਈ ਸਥਾਪਤ ਕੀਤੀ, ਉਹ ਖ਼ਾਲਸਾ ਸੀ। ਖ਼ਾਲਸੇ ਦਾ ਸਬੰਧ ਸਮੁੱਚੇ ਜੀਵਨ-ਘੋਲ ਨਾਲ ਜੋੜਿਆ ਗਿਆ, ਜਿਸ ਵਿਚ ਸਾਰੇ ਪੱਖ, ਧਾਰਮਕ, ਸਮਾਜਕ, ਆਰਥਕ, ਸਦਾਚਾਰਕ, ਰਾਜਨੀਤਕ ਆਦਿ, ਸ਼ਾਮਲ ਹੁੰਦੇ ਹਨ। ਜ਼ਾਲਮ ਨਾਲ ਲੋਹਾ ਤੇ ਉਸ ਦਾ ਸਤਿਆਨਾਸ ਕਰ ਕੇ ਨਵੇਂ ਸਮਾਜ ਦੀ ਰੂਪ-ਰੇਖਾ ਉਲੀਕਣਾ ਖ਼ਾਲਸੇ ਦੇ ਉਦੇਸ਼ ਦਾ ਜ਼ਰੂਰੀ ਅੰਗ ਸਨ। ਬਾਬਾ ਰਾਮ ਸਿੰਘ ਜੀ ਦੇ ਸਾਹਮਣੇ ਵੀ ਇਕ ਕਰੜੀ ਵੰਗਾਰ ਸੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਮਣੇ ਵੰਗਾਰ ਨਾਲ ਮਿਲਦੀ ਜੁਲਦੀ ਸੀ। ਇਸ ਲਈ ਬਾਬਾ ਜੀ ਦਾ ਵਿਸ਼ਵਾਸ ਸੀ ਕਿ ਇਸ ਵੰਗਾਰ ਦਾ ਮੁਕਾਬਲਾ ਕਰਨ ਲਈ ਸਭ ਤੋਂ ਵਧੀਆ ਤਰੀਕਾ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਦੀ ਬਹਾਲੀ ਹੈ।

ਇਸ ਪ੍ਰੋਗਰਾਮ ਦੀ ਪੂਰਤੀ ਦੇ ਰਾਹ ਵਿਚ ਇਕ ਵੱਡੀ ਰੁਕਾਵਟ ਇਹ ਸੀ ਕਿ ਇੰਡੀਅਨ ਆਰਮਜ਼ ਐਕਟ ਦੇ ਅਧੀਨ ਕਿਰਪਾਨ ਸਜਾਉਣਾ ਕਾਨੂੰਨ ਦੇ ਵਿਰੁਧ ਸੀ। ਬਾਬਾ ਜੀ ਨੇ ਇਸ ਮੁਸ਼ਕਲ ਦਾ ਹਲ ਇਹ ਲਭਿਆ ਕਿ ਉਨ੍ਹਾਂ ਦੇ ਨਵੇਂ ਸਜੇ ਅੰਮ੍ਰਿਤਧਾਰੀ ਸਿੱਖ ਕਿਰਪਾਨ ਦੀ ਥਾਂ ਲਾਠੀ ਰਖਣ। ਲਾਠੀ ਰਹਿਤ ਮਰਯਾਦਾ ਵਿਚ ਕਿਰਪਾਨ ਦਾ ਠੀਕ ਬਦਲ ਤਾਂ ਨਹੀਂ ਸੀ ਹੋ ਸਕਦੀ, ਕਿਉਂਕਿ ਗੁਰੂ ਗੋਬਿੰਦ ਸਿੰਘ ਜੀ ਨੇ ਲੋਹਾ ਪਹਿਨਣ ਅਤੇ ਲੋਹੇ ਦੇ ਸ਼ਸਤਰ ਰਖਣ ਉਤੇ ਜ਼ੋਰ ਦਿਤਾ ਸੀ ਨਾ ਕਿ ਲਕੜੀ ਦੇ ਹਥਿਆਰ ਰਖਣ ਤੇ। ਫਿਰ ਵੀ ਸਮੇਂ ਅਨੁਸਾਰ ਕਿਰਪਾਨ ਨਾ ਰਖਣ ਨਾਲੋਂ ਲਾਠੀ ਰਖਣਾ ਕਿਤੇ ਚੰਗਾ ਸੀ। ਇਸ ਸਬੰਧ ਵਿਚ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਲਾਠੀਆਂ ਦੇ ਨਾਲ ਨਾਲ ਘਵਾੜੀਆਂ, ਟੱਕੂਏ ਤੇ ਗੰਡਾਸੇ ਵੀ ਰਖੇ ਜਾਂਦੇ ਸਨ, ਜਿਹੜੇ ਲੋਹਾ ਰਖਣ ਦੀ ਲੋੜ ਨੂੰ ਕੁਝ ਹੱਦ ਤੱਕ ਜ਼ਰੂਰ ਪੂਰਾ ਕਰ ਦੇਂਦੇ ਸਨ।

ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਦੇ ਦਿਲਾਂ ਵਿਚ ਸੂਰਮਗਤੀ ਦੀ ਭਾਵਨਾ ਭਰਨ ਲਈ ਸੈਨਿਕ ਸਿਖਲਾਈ ਦਾ ਪ੍ਰੋਗਰਾਮ ਆਰੰਭ ਕੀਤਾ ਸੀ, ਇੰਜ ਹੀ ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਤੇ ਉਘੇ ਸੂਬਿਆਂ ਨੇ ਆਪਣੇ ਅਨੁਯਾਈਆਂ ਨੂੰ ਸੈਨਿਕ ਕਸਬ ਵਿਚ ਸਿਖਲਾਈ ਦੇਣ ਲਈ ਕਵਾਇਦ ਸ਼ੁਰੂ ਕੀਤੀ। ਚੂੰਕਿ ਇਹ ਕੰਮ ਖੁਲ੍ਹਮ ਖੁਲ੍ਹਾ ਨਹੀਂ ਸੀ ਹੋ ਸਕਦਾ, ਇਸ ਲਈ ਇਹ ਆਮ ਤੌਰ ਤੇ ਰਾਤੀਂ ਕੀਤਾ ਜਾਂਦਾ ਸੀ। ਸਾਡੇ ਪਾਸ ਅਜੇ ਤਕ ਕਈ ਸਰਕਾਰੀ ਜਾਸੂਸਾਂ ਦੀਆਂ ਖ਼ੁਫ਼ੀਆਂ ਰਿਪੋਰਟਾਂ ਮੌਜੂਦ ਹਨ ਜੋ ਇਸ ਵਿਸ਼ੇ ਤੇ ਚੋਖੀ ਰੌਸ਼ਨੀ ਪਾਉਂਦੀਆਂ ਹਨ।

ਬਾਬਾ ਜੀ ਦੇ ਪ੍ਰੋਗਰਾਮ ਦਾ ਇਕ ਹੋਰ ਜ਼ਰੂਰੀ ਅੰਗ ਚੰਡੀ ਦਾ ਪਾਠ ਸੀ। ਚੰਡੀ ਦੀ ਵਾਰ ਗੁਰੂ ਗੋਬਿੰਦ ਸਿੰਘ ਜੀ ਦੀ ਇਕ ਐਸੀ ਰਚਨਾ ਹੈ ਜਿਸ ਦੇ ਪਾਠ ਨਾਲ ਸਰੀਰ ਦੇ ਲੂੰ ਲੂੰ ਵਿਚ ਬਹਾਦਰੀ ਦਾ ਜਜ਼ਬਾ ਸਮਾ ਜਾਂਦਾ ਹੈ। ਇਸ ਵਾਰ ਵਿਚ ਦੇਵਤਿਆਂ ਤੇ ਰਾਖਸ਼ਾਂ ਦੀ ਲੜਾਈ ਦਾ ਵਰਣਨ ਹੈ। ਕਹਾਣੀ ਪੌਰਾਣਕ ਹੈ। ਪਰੰਤੂ ਗੁਰੂ ਜੀ ਨੇ ਇਸ ਦਾ ਕੇਵਲ ਲੜਾਈ ਨਾਲ ਸਬੰਧਤ ਭਾਗ ਹੀ ਲਿਆ ਹੈ। ਇਸ ਵਾਰ ਦੀ ਰਚਨਾ ਵਿਚ ਗੁਰੂ ਜੀ ਦਾ ਪ੍ਰਮੁਖ ਉਦੇਸ਼ ਬਹਾਦਰੀ ਜਾਂ ਵੀਰਤਾ ਦੀ ਭਾਵਨਾ ਪੈਦਾ ਕਰਨਾ ਸੀ। ਇਸ ਲਈ ਬਾਬਾ ਰਾਮ ਸਿੰਘ ਜੀ ਦਾ ਇਸ ਵਾਰ ਦੇ ਪਾਠ ਨੂੰ ਆਪਣੇ ਸਮੁੱਚੇ ਕਾਰਜ-ਕ੍ਰਮ ਵਿਚ ਸ਼ਾਮਲ ਕਰਨਾ ਤੇ ਉਸ ਨੂੰ ਸ੍ਰੇਸ਼ਟ ਦਰਜਾ ਦੇਣਾ ਸਪੱਸ਼ਟ ਕਰਦਾ ਹੈ ਕਿ ਬਾਬਾ ਜੀ ਵੀ ਇਸ ਦੁਆਰਾ ਵੀਰਤਾ ਦੀ ਭਾਵਨਾ ਉਤਪੰਨ ਕਰਨਾ ਚਾਹੁੰਦੇ ਸਨ। ਜਿਸ ਢੰਗ ਨਾਲ ਇਹ ਪਾਠ ਕੀਤਾ ਜਾਂਦਾ ਸੀ, ਉਹ ਉਨ੍ਹਾਂ ਦੇ ਅੰਦਰਲੇ ਮਨੋਰਥ ਨੂੰ ਹੋਰ ਵੀ ਸਾਫ਼ ਕਰ ਦੇਂਦਾ ਹੈ। ਇਹ ਪਾਠ ਹਵਨ ਦੁਆਲੇ ਕੀਤਾ ਜਾਂਦਾ ਸੀ। ਹਵਨ ਦੀ ਅੱਗ ਦਾ ਸੇਕ, ਹਵਨ ਵਿਚ ਪੈ ਰਹੀ ਸਮੱਗਰੀ ਦੀ ਵਿਸ਼ੇਸ਼ ਸੁਗੰਧੀ, ਤੇ ਚੰਡੀ ਦੀ ਵਾਰ ਦਾ ਵੀਰ ਰਸ — ਇਨ੍ਹਾਂ ਸਭਨਾਂ ਦਾ ਕੀ ਅਸਰ ਹੋ ਸਕਦਾ ਸੀ ਸਿਵਾਏ ਇਸ ਦੇ ਕਿ ਵੀਰਤਾ ਤੇ ਕੁਰਬਾਨੀ ਦੀ ਸਪਿਰਟ ਨਾਲ ਸਾਰਾ ਤਨ ਮਨ ਭਰਪੂਰ ਹੋ ਜਾਏ ?

ਕੂਕਾ ਪ੍ਰੋਗਰਾਮ ਦਾ ਇਕ ਹੋਰ ਵਡਾ ਤੇ ਮਹੱਤਵਪੂਰਨ ਭਾਗ ਗਊ ਹੱਤਿਆ ਦੀ ਵਿਰੋਧਤਾ ਸੀ। ਇਸ ਸਬੰਧ ਵਿਚ ਸਾਡੇ ਕਈ ਵਿਦਵਾਨਾਂ ਨੂੰ ਬੜਾ ਭੁਲੇਖਾ ਲਗਾ ਹੈ। ਇਕ ਵਿਦਵਾਨ ਨੇ ਤਾਂ ਇਥੋਂ ਤੀਕ ਕਹਿ ਦਿਤਾ ਹੈ ਕਿ ਕੂਕਿਆਂ ਉਤੇ ਬ੍ਰਾਹਮਣਾਂ ਦਾ ਅਸਰ ਬਹੁਤ ਸੀ ਤੇ ਇਸੇ ਲਈ ਉਹ ਗਊ ਹੱਤਿਆ ਦਾ ਵਿਰੋਧ ਕਰਦੇ ਸਨ। ਇਸ ਤੋਂ ਵਧੇਰੇ ਗਲਤ ਗੱਲ ਸ਼ਾਇਦ ਹੀ ਕੋਈ ਹੋਵੇਗੀ। ਬਾਬਾ ਰਾਮ ਸਿੰਘ ਜੀ ਦਾ ਹਮੇਸ਼ਾਂ ਇਹ ਜਤਨ ਰਹਿੰਦਾ ਸੀ ਕਿ ਸਿੱਖੀ ਨੂੰ ਬ੍ਰਾਹਮਣੀ ਪ੍ਰਭਾਵਾਂ ਤੋਂ ਬਚਾਇਆ ਜਾਏ। ਉਨ੍ਹਾਂ ਨੇ ਦੇਵੀ, ਦੇਵਤਿਆਂ, ਮੂਰਤੀਆਂ, ਮੜ੍ਹੀਆਂ, ਸਮਾਧਾਂ ਆਦਿ ਦੀ ਪੂਜਾ ਦਾ ਕਰੜਾ ਵਿਰੋਧ ਕੀਤਾ ਤੇ ਕੇਵਲ ਗੁਰਬਾਣੀ ਗਾਇਨ ਕਰਨ ਅਤੇ ਇਕ ਨਿਰੰਕਾਰ ਦੀ ਉਪਾਸਨਾ ਤੇ ਜ਼ੋਰ ਦਿਤਾ।

Namdhari Elibrary NamdhariElibrary@gmail.com

ਇਸ ਲਈ ਇਹ ਕਹਿਣਾ ਕਿ ਉਹ ਬ੍ਰਾਹਮਣਾਂ ਦੇ ਅਸਰ ਹੇਠ ਸਨ, ਬਿਲਕੁਲ ਨਿਰਮੂਲ ਗੱਲ ਹੈ।

ਇਹ ਸਮਝਣ ਲਈ ਕਿ ਕੂਕੇ ਗਊ ਹੱਤਿਆ ਦੇ ਕਿਉਂ ਵਿਰੋਧੀ ਸਨ, ਸਾਨੂੰ ਆਪਣੇ ਇਤਿਹਾਸ ਦੀ ਪਿੱਠ-ਭੂਮੀ ਵਲ ਧਿਆਨ ਦੇਣਾ ਪਏਗਾ। ਸਿੱਖਾਂ ਦੇ ਤਾਕਤ ਵਿਚ ਆਉਣ ਤੋਂ ਪਹਿਲਾ ਸਾਡੇ ਦੇਸ਼ ਵਿਚ ਮੁਗਲਾਂ ਦਾ ਰਾਜ ਸੀ। ਉਸ ਵੇਲੇ ਗਊ ਹੱਤਿਆ ਦੀ ਸਰਕਾਰ ਵਲੋਂ ਖੁਲ੍ਹ ਹੋਣ ਕਰ ਕੇ ਥਾਂ ਥਾਂ ਤੇ ਬੁਚੜਖਾਨੇ ਬਣੇ ਹੋਏ ਸਨ। ਸਿੱਖਾਂ ਨੂੰ ਸ਼ੁਰੂ ਤੋਂ ਹੀ ਇਹ ਗੱਲ ਪਸੰਦ ਨਹੀਂ ਸੀ। ਇਸ ਗੱਲ ਦਾ ਸੰਕੇਤ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਸਪੱਸ਼ਟ ਮਿਲਦਾ ਹੈ। ਪਰੰਤੂ ਜਿੰਨਾਂ ਚਿਰ ਤੀਕ ਉਨ੍ਹਾਂ ਨੂੰ ਤਾਕਤ ਹਾਸਲ ਨਹੀਂ ਸੀ, ਉਹ ਕੀ ਕਰ ਸਕਦੇ ਸਨ ? ਅਠਾਰ੍ਹਵੀਂ ਸਦੀ ਵਿਚ ਜਦੋਂ ਇਕ ਲੰਮੇ ਆਜ਼ਾਦੀ ਦੇ ਘੋਲ ਮਗਰੋਂ ਸਿੱਖ ਮਿਸਲਾਂ ਦਾ ਰਾਜ ਸਥਾਪਤ ਹੋਇਆ, ਤਾਂ ਉਨ੍ਹਾਂ ਨੇ ਫ਼ੌਰਨ ਗਊ ਹੱਤਿਆ ਦੀ ਮਨਾਹੀ ਕਰ ਦਿਤੀ। ਮਹਾਰਾਜਾ ਰਣਜੀਤ ਸਿੰਘ ਨੇ ਇਸ ਪਾਲੀਸੀ ਨੂੰ ਹੋਰ ਵੀ ਦ੍ਰਿੜ੍ਹਤਾ ਨਾਲ ਜਾਰੀ ਰਖਿਆ। ਰਣਜੀਤ ਸਿੰਘ ਦੇ ਵਿਚਾਰਾਂ ਬਾਰੇ ਕੁਝ ਉਦਾਹਰਣਾ ਤੋਂ ਪੂਰੀ ਜਾਣਕਾਰੀ ਪ੍ਰਾਪਤ ਹੋ ਜਾਂਦੀ ਹੈ। ੧੮੦੮ ਵਿਚ ਜਦੋਂ ਸਰ ਚਾਰਲਸ ਮੈਟਕਾਫ਼ ਆਪਣੀ ਸਰਕਾਰ ਦਾ ਏਲਚੀ ਬਣ ਕੇ ਮਹਾਰਾਜਾ ਸਾਹਿਬ ਨੂੰ ਕਸੂਰ ਵਿਚ ਮਿਲਿਆ ਤੇ ਦੋਸਤੀ ਦੇ ਅਹਿਦਨਾਮੇ ਲਈ ਅੰਗਰੇਜ਼ਾਂ ਦੀ ਖ਼ਾਹਸ਼ ਪ੍ਰਗਟ ਕੀਤੀ, ਤਾਂ ਮਹਾਰਾਜਾ ਸਾਹਿਬ ਨੇ ਤੁਰਤ ਹੀ ਆਪਣੇ ਵਲੋਂ ਕੁਝ ਧਾਰਾਵਾਂ ਪੇਸ਼ ਕੀਤੀਆਂ। ਇਨ੍ਹਾਂ ਵਿਚ ਇਕ ਉਘੀ ਧਾਰਾ ਇਹ ਸੀ ਕਿ ਜਦੋਂ ਅੰਗਰੇਜ਼ ਸੈਨਾ ਉਸ ਦੇ ਮੁਲਕ ਵਿਚ ਹੋਵੇ ਜਾਂ ਉਥੋਂ ਦੀ ਗੁਜ਼ਰੇ, ਉਹ ਕੋਈ ਡੰਗਰਾਂ ਦੀ ਹੱਤਿਆ ਨਾ ਕਰਣ। ਇਕ ਹੋਰ ਉਦਾਹਰਣ ੧੮੩੩ ਦੇ ਮਹਾਰਾਜਾ ਸਾਹਿਬ ਤੇ ਸ਼ਾਹ ਸੁਜਾਹ ਵਿਚਕਾਰ ਹੋਈ ਸੰਧੀ ਤੋਂ ਮਿਲਦੀ ਹੈ। ਇਸ ਸੰਧੀ ਦੀ ਇਕ ਧਾਰਾ ਇਹ ਵਰਨਣ ਕਰਦੀ ਹੈ ਕਿ ਸ਼ਾਹ ਸੁਜਾਹ ਉਤੇ ਮਹਾਰਾਜੇ ਵਲੋਂ ਇਕ ਸ਼ਰਤ ਇਹ ਹੋਵੇਗੀ ਕਿ ਉਹ ਜਦੋਂ ਆਪਣੇ ਮੁਲਕ ਅਫ਼ਗਾਨਿਸਤਾਨ ਦਾ ਰਾਜਾ ਮੁੜ ਕੇ ਬਣ ਜਾਏ, ਆਪਣੇ ਮੁਲਕ ਵਿਚ ਸਿੱਖਾਂ ਦੇ ਜਜ਼ਬਾਤ ਦੀ ਕਦਰਦਾਨੀ ਵਜੋਂ ਡੰਗਰ ਮਾਰਣ ਦੀ ਮੁਨਾਹੀ ਕਰ ਦੇਵੇ।

ਮਹਾਰਾਜਾ ਰਣਜੀਤ ਸਿੰਘ ਦੀ ਮੌਤ (੧੮੩੯) ਪਿਛੋਂ ਪੰਜਾਬ ਵਿਚ ਖਲਬਲੀ ਮੱਚ ਗਈ ਜਿਸ ਦਾ ਲਾਭ ਉਠਾ ਕੇ ਅੰਗਰੇਜ਼ਾਂ ਨੇ ੧੮੪੫ ਦੇ ਅਖੀਰ ਤੇ ਪੰਜਾਬ ਤੇ ਹਮਲਾ ਕਰ ਦਿਤਾ। ਸਿੱਖਾਂ ਦੀ ਘਰ ਦੀ ਫੁਟ ਉਨ੍ਹਾਂ ਦੀ ਹਾਰ ਦਾ ਕਾਰਨ ਬਣ ਗਈ ਤੇ ਇਸ ਤਰ੍ਹਾਂ ਅੰਗਰੇਜ਼ਾਂ ਦਾ ਪੰਜਾਬ ਵਿਚ ਪੈਰ ਜਮਾਉਣ ਦਾ ਰਾਹ ਖੁਲ੍ਹ ਗਿਆ। ਕੁਝ ਹੀ ਸਾਲ ਮਗਰੋਂ ਅੰਗਰੇਜ਼ਾਂ ਦੀ ਕੂਟਲਨੀਤੀ ਦੇ ਕਾਰਣ ਪੰਜਾਬੀਆਂ ਵਿਚ, ਵਿਸ਼ੇਸ਼ ਕਰ ਕੇ ਸਿੱਖਾ ਵਿਚ, ਆਜ਼ਾਦੀ ਦਾ ਜੋਸ਼ ਉਠਿਆ ਤੇ ਉਨ੍ਹਾਂ ਨੇ ਅੰਗਰੇਜ਼ਾਂ ਵਿਰੁਧ ਬਗਾਵਤ ਕਰ ਦਿਤੀ। ਇਸ ਵੇਲੇ ਰਾਜਾ ਸ਼ੇਰ ਸਿੰਘ ਅਟਾਰੀ ਵਾਲਾ ਨੇ ਜੋ ਐਲਾਨ ਕੀਤਾ ਉਸ ਵਿਚ ਇਸ ਗੱਲ ਦਾ ਸਪੱਸਟ ਜ਼ਿਕਰ ਸੀ ਕਿ ਉਨ੍ਹਾਂ ਦਾ ਵਿਦ੍ਰੋਹ ਧਰਮ ਤੇ ਗਊ ਦੀ ਰਖਿਆ ਵਾਸਤੇ ਹੈ। ਇਸ ਦਾ ਪਿਛੋਕੜ ਇਸ ਪ੍ਰਕਾਰ ਸੀ ਕਿ ਪੰਜਾਬ ਵਿਚ ਜਦੋਂ ਤੋਂ (੧੮੪੬) ਅੰਗਰੇਜ਼ਾ ਦੇ ਪੈਰ ਪਏ ਸਨ, ਇਥੇ ਅੰਮ੍ਰਿਤਸਰ, ਲਾਹੌਰ ਤੇ ਹੋਰ ਕਈ ਥਾਵਾਂ ਤੇ ਬੁਚੜਖਾਨੇ ਖੁਲ੍ਹ ਗਏ ਸਨ ਜੋ ਸਿੱਖਾਂ ਨੂੰ ਆਪਣੇ ਧਰਮ ਤੇ ਹਮਲੇ ਦੀ ਨਿਆਈਂ ਲਗਦੇ ਸਨ।

੧੮੪੯ ਵਿਚ ਸਿੱਖ ਇਕ ਵਾਰ ਫਿਰ ਅੰਗਰੇਜ਼ਾ ਕੋਲੋਂ ਹਾਰ ਗਏ। ਇਸ ਦੇ ਸਿੱਟੇ ਵਜੋਂ ਉਨ੍ਹਾ ਦਾ ਪਿਆਰਾ ਮੁਲਕ, ਪੰਜਾਬ, ਤੇ ਉਸ ਵਿਚ ਉਨ੍ਹਾ ਦਾ ਸੁਤੰਤਰ ਖ਼ਾਲਸਾ ਰਾਜ ਉਨ੍ਹਾਂ ਦੇ ਹੱਥਾਂ ਵਿਚੋਂ ਨਿਕਲ ਗਿਆ। ਹੁਣ ਅੰਗਰੇਜ਼ਾ ਨੂੰ ਪੂਰਾ ਪੂਰਾ ਅਧਿਕਾਰ ਮਿਲ ਗਿਆ, ਜਿਸ ਦਾ ਫ਼ਾਇਦਾ ਉਠਾ ਕੇ ਉਨ੍ਹਾਂ ਨੇ ਕਈ ਹੋਰ ਥਾਵਾਂ ਤੇ ਗਊਆਂ ਦੇ ਬੁਚੜਖਾਨੇ ਸਥਾਪਤ ਕਰ ਲਏ। ਇਸ ਦੇ ਨਾਲ ਸਿੱਖਾਂ ਦੇ ਧਰਮ ਅਸਥਾਨਾਂ ਦੀ ਇੱਜ਼ਤ ਨੂੰ ਵੀ ਸੱਟ ਵੱਜੀ, ਕਿਉਂਕਿ ਦਰਬਾਰ ਸਾਹਿਬ ਵਰਗੇ ਪਵਿਤਰ ਅਸਥਾਨ ਵਿਚ ਵੀ ਅੰਗਰੇਜ਼ ਜੁੱਤੀਆਂ ਖੜਣੋਂ ਸੰਕੋਚ ਨਹੀਂ ਕਰਦੇ ਸਨ। ਉਸ ਸਮੇਂ ਸਿੱਖਾਂ ਨੂੰ ਇਉਂ ਮਹਿਸੂਸ ਹੋਣ ਲਗਾ ਕਿ ਆਪਣਾ ਰਾਜ ਜਾਣ ਨਾਲ ਉਨ੍ਹਾਂ ਦਾ ਧਰਮ ਵੀ ਜਾ ਰਿਹਾ ਹੈ ਤੇ ਉਨ੍ਹਾਂ ਦੀ ਸਭਿਅਤਾ ਵੀ ਖ਼ਤਰੇ ਵਿਚ ਪੈ ਗਈ ਹੈ। ਇਹੋ ਕਾਰਨ ਸੀ ਕਿ ਜਦੋਂ ੧੮੫੭ ਵਿਚ ਬਗਾਵਤ ਹੋਈ ਤਾਂ ਰੋਪੜ ਸ਼ਹਿਰ ਵਿਚ ਵੀ ਕੁਝ ਸਿੱਖ ਨੇਤਾਵਾਂ ਨੇ ਬਗਾਵਤ ਦਾ ਝੰਡਾ ਉੱਚਾ ਕੀਤਾ, ਅਤੇ ਉਸ ਵੇਲੇ ਨਾਲ ਹੀ ਇਹ ਐਲਾਨ ਕੀਤਾ ਕਿ ਅਸੀਂ ਹੁਣ ਆਜ਼ਾਦ ਹੋ ਗਏ ਹਾਂ, ਖਾਲਸਾ ਰਾਜ ਮੁੜ ਤੋਂ ਸਥਾਪਤ ਹੋ ਗਿਆ ਹੈ, ਗਊ ਹੱਤਿਆ ਖ਼ਤਮ ਹੋ ਗਈ ਹੈ, ਇਤਆਦਿ। ਇਹ ਬਗ਼ਾਵਤ ਛੇਤੀ ਹੀ ਦਬਾ ਦਿਤੀ ਗਈ ਤੇ ਮੋਹਰ ਸਿੰਘ ਤੇ ਉਸ ਦੇ ਸਾਥੀਆਂ ਨੂੰ ਫਾਂਸੀ ਦੇ ਦਿਤੀ ਗਈ।

ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਕੂਕਿਆਂ ਦਾ ਇਸ ਸਬੰਧ ਵਿਚ ਪ੍ਰਤੀਕਰਮ ਵੀ ਬਿਲਕੁਲ ਇੰਜ ਦਾ ਹੀ ਸੀ। ਉਹ ਅੰਗਰੇਜ਼ ਰਾਜ ਨੂੰ ਇਕ ਵਡੀ ਲਾਹਨਤ ਸਮਝਦੇ ਸਨ ਤੇ ਅੰਗਰੇਜ਼ਾਂ ਨੂੰ ਬਿਲੇ ਫਰੰਗੀ ਕਹਿ ਕੇ ਆਪਣੇ ਨਵੱਦੀਏ ਦਾ ਪ੍ਰਗਟਾਅ ਕਰਦੇ ਸਨ। ਗਊ-ਹੱਤਿਆ ਦਾ ਦਿਨੋ ਦਿਨ

Namdhari Elibrary NamdhariElibrary@gmail.com

ਵਧ ਰਿਹਾ ਕੋੜ੍ਹ ਉਨ੍ਹਾਂ ਨੂੰ ਆਪਣੇ ਸੁਤੰਤ੍ਰ ਖ਼ਾਲਸਾ ਰਾਜ ਦੀ ਯਾਦ ਮੁੜ ਮੁੜ ਦਵਾਉਂਦਾ ਸੀ। ਉਨ੍ਹਾਂ ਨੂੰ ਇਉਂ ਲਗਦਾ ਸੀ ਕਿ ਗਊ-ਹੱਤਿਆ ਤੇ ਗੁਲਾਮੀ ਇਕੋ ਰੋਗ ਦੀਆਂ ਦੋ ਜੜ੍ਹਾਂ ਹਨ ਅਤੇ ਗਊ ਹੱਤਿਆ ਤਾਂ ਹੀ ਦੂਰ ਹੋ ਸਕਦੀ ਹੈ ਜੇ ਗ਼ੁਲਾਮੀ ਨੂੰ ਦੂਰ ਕੀਤਾ ਜਾਏ। ਗਊ ਹੱਤਿਆ ਦੀ ਵਿਰੋਧਤਾ ਨੇ, ਇਸ ਪ੍ਰਕਾਰ, ਇਕ ਸਿਆਸੀ ਚਿੰਨ੍ਹ ਦਾ ਰੂਪ ਧਾਰਨ ਕਰ ਲਿਆ। ਇਸ ਪਿਛੇ ਧਾਰਮਕ ਜਜ਼ਬਾ ਤਾਂ ਹੈ ਹੀ ਸੀ, ਪਰ ਇਹ ਕੇਵਲ ਧਾਰਮਕ ਜਜ਼ਬਾ ਹੀ ਨਹੀਂ ਸੀ। ਇਸ ਵਿਚ ਦੋਵੇਂ ਧਾਰਮਕ ਤੇ ਸਿਆਸੀ ਜਜ਼ਬੇ ਘੁਲੇ ਮਿਲੇ ਹੋਏ ਸਨ। ਇਸ ਲਈ ਕੂਕਾ ਦ੍ਰਿਸ਼ਟੀਕੋਣ ਨੂੰ ਕਿਸੇ ਧਾਰਮਕ ਕੱਟੜਤਾ ਦਾ ਪ੍ਰਤੀਕ ਨਹੀਂ ਸਮਝਣਾ ਚਾਹੀਦਾ, ਸਗੋਂ ਇਸ ਨੂੰ ਉਨ੍ਹਾਂ ਦੀ ਆਪਣੇ ਰਾਜ ਦੀ ਬਹਾਲੀ ਦੀ ਤਾਂਘ ਦਾ ਇਕ ਪ੍ਰਤੀਕ ਮੰਨਣਾ ਵਧੇਰੇ ਠੀਕ ਹੋਵੇਗਾ।

ਕੁਝ ਸਿੱਖ ਵਿਦਵਾਨਾਂ ਨੇ ਇਸ ਦ੍ਰਿਸਟੀਕੋਣ ਨੂੰ ਨਾ ਸਮਝਦੇ ਹੋਏ ਲਿਖਿਆ ਹੈ ਕਿ ਕੂਕਿਆਂ ਨੇ ਬੁਚੜਾਂ ਨਾਲ ਖਾਹ ਮਖ਼ਾਹ ਉਲਝ ਕੇ ਗ਼ਲਤੀ ਕੀਤੀ ਤੇ ਇਸ ਕਾਰਨ ਕੂਕਾ ਅੰਦੋਲਨ ਦੇ ਰਾਹ ਵਿਚ ਵੱਡੀ ਰੁਕਾਵਟ ਪੈ ਗਈ, ਕਿਉਂਜੋ ਅੰਗਰੇਜ਼ੀ ਸਰਕਾਰ ਨੇ ਇਸ ਗੱਲ ਦੀ ਆੜ ਲੈ ਕੇ ਅੰਦੋਲਨ ਨੂੰ ਸਖ਼ਤੀ ਨਾਲ ਦਬਾਉਣ ਦੇ ਜਤਨ ਅਰੰਭੇ। ਇਹ ਮਤ ਦਰੁਸਤ ਨਹੀਂ ਜਾਪਦਾ। ਇਹ ਗੱਲ ਉਸ ਵੇਲੇ ਦੀ ਸਰਕਾਰ ਨੇ ਵੀ ਮੰਨੀ ਹੈ ਕਿ ਗਊ ਹੱਤਿਆ ਦਾ ਸਵਾਲ ਬੜਾ ਨਾਜ਼ਕ ਸਵਾਲ ਸੀ ਜੋ ਗ਼ੈਰ-ਮੁਸਲਮਾਨਾਂ ਅਰਥਾਤ ਹਿੰਦੂਆਂ ਤੇ ਸਿੱਖਾਂ ਦੇ ਦਿਲਾਂ ਨੂੰ ਸਦਾ ਹੀ ਟੁੰਬਦਾ ਰਹਿੰਦਾ ਸੀ। ਅਜੇਹੇ ਸਵਾਲ ਨੂੰ ਅਗੇ ਲਿਆਉਣਾ ਤੇ ਮੋਰਚੇ ਦਾ ਵਿਸ਼ਾ ਬਣਾਉਣਾ ਕੂਕਿਆਂ ਦੀ ਸਿਆਸੀ ਸੂਝ ਬੂਝ ਜ਼ਾਹਿਰ ਕਰਦਾ ਹੈ ਨਾ ਕਿ ਉਨ੍ਹਾਂ ਦਾ ਕੋਈ ਕੱਚਾਪਨ। ਜੇ ਉਨ੍ਹਾਂ ਨੂੰ ਆਪਣੇ ਮਨੋਰਥ ਦੀ ਪਰਾਪਤੀ ਵਿਚ ਕਾਮਯਾਬੀ ਨਾ ਹੋਈ, ਤਾਂ ਇਸ ਦਾ ਕਾਰਣ ਇਹ ਨਹੀਂ ਕਿ ਉਨ੍ਹਾਂ ਦੀ ਵਿਸ਼ੇ ਦੀ ਚੋਣ ਠੀਕ ਨਹੀਂ ਸੀ। ਇਸ ਦੇ ਕਾਰਨ ਹੋਰ ਹੀ ਸਨ, ਜਿਵੇਂ ਕਿ ਅੰਗਰੇਜ਼ਾਂ ਦੀ ਮਹਾਨ ਤਾਕਤ ਤੇ ਸਮਾਜ ਵਿਚ ਸਰਕਾਰ-ਪੱਖੀਆਂ ਦੀ ਬਹੁਲਤਾ।

ਅਜੇ ਬੁਚੜਾਂ ਉਤੇ ਕੂਕਿਆਂ ਦੇ ਹਮਲੇ ਸ਼ੁਰੂ ਨਹੀਂ ਸੀ ਹੋਏ ਜਦੋਂ ਉਨ੍ਹਾਂ ਨੇ ਨਿਪਾਲ ਤੇ ਜੰਮੂ-ਕਸ਼ਮੀਰ ਦੇ ਰਾਜਿਆਂ ਨਾਲ ਸਬੰਧ ਜੋੜਣ ਦੇ ਜਤਨ ਸ਼ੁਰੂ ਕੀਤੇ। ਦੋਵੇਂ ਰਾਜੇ ਅੰਗਰੇਜ਼ਾਂ ਤੋਂ ਦੁਖੀ ਸਨ ਤੇ ਅੰਦਰੋਂ ਅੰਦਰ ਉਨ੍ਹਾਂ ਵਿਰੁਧ ਜਤਨ ਕਰਦੇ ਰਹਿੰਦੇ ਸਨ। ਨਿਪਾਲ ਵਿਚ ਇਕ ਕੂਕਾ ਵਫ਼ਦ ਭੇਜਿਆ ਗਿਆ ਜਿਸ ਰਾਹੀਂ ਉਸ ਰਾਜ ਨਾਲ ਗੁਪਤ ਗੱਲਬਾਤ ਕੀਤੀ ਗਈ। ਜੰਮੂ-ਕਸ਼ਮੀਰ ਦੀ ਸੈਨਾ ਵਿਚ ਇਕ ਕੂਕਾ ਸੂਬਾ ਕਰਨਲ ਹੀਰਾ ਸਿੰਘ ਕਈ ਵਰ੍ਹੇ ਨੌਕਰੀ ਕਰਦਾ ਰਿਹਾ ਜਿਸ ਨੇ ਇਕ ਕੂਕਾ ਕੰਪਨੀ ਤਿਆਰ ਕੀਤੀ। ਪਰ ਰਿਆਸਤਾਂ ਦੇ ਰਾਜਿਆਂ ਵਿਚ ਇੰਨੀ ਹਿੰਮਤ ਨਹੀਂ ਸੀ ਕਿ ਉਹ ਨਿਤਰ ਕੇ ਸਰਕਾਰ ਦੀ ਵਿਰੋਧਤਾ ਕਰਦੇ। ਜਦੋਂ ਹੀ ਸਰਕਾਰ ਨੂੰ ਉਨ੍ਹਾਂ ਤੇ ਸ਼ਕ ਪਿਆ, ਉਨ੍ਹਾਂ ਨੇ ਕੂਕਿਆਂ ਨੂੰ ਪਿਠ ਵਿਖਾ ਦਿਤੀ।

ਮੇਰੇ ਇਸ ਵਿਸ਼ੇ ਦੇ ਸਬੰਧ ਵਿਚ ਕੂਕਿਆਂ ਦੇ ਉਨ੍ਹਾਂ ਜਤਨਾਂ ਦੀ ਬੜੀ ਮਹਾਨਤਾ ਹੈ ਜੋ ਉਨ੍ਹਾਂ ਨੇ ਰੂਸ ਨਾਲ ਮਿੱਤਰਤਾ ਪੈਦਾ ਕਰਨ ਲਈ ਕੀਤੇ। ਉਨ੍ਹਾਂ ਨੂੰ ਪਤਾ ਸੀ ਕਿ ਰੂਸ ਤੇ ਬਰਤਾਨੀਆਂ ਵਿਚਕਾਰ ਸਖ਼ਤ ਦੁਸ਼ਮਣੀ ਹੈ। ਇਸ ਲਈ ਉਨ੍ਹਾਂ ਨੇ ਵਿਚਾਰ ਕੀਤਾ ਕਿ ਜੇ ਰੂਸ ਨੂੰ ਹਿੰਦੁਸਤਾਨ ਤੇ ਹਮਲੇ ਲਈ ਤਿਆਰ ਕਰ ਲਿਆ ਜਾਏ, ਤਾਂ ਉਹ ਅੰਗਰੇਜ਼ਾਂ ਨੂੰ ਮੁਲਕ ਵਿਚੋਂ ਬਾਹਰ ਕਢ ਦੇਵੇਗਾ। ਕੂਕਾ ਸੂਬਾ ਗੁਰਚਰਨ ਸਿੰਘ ਨੇ ਇਸ ਮਤਲਬ ਲਈ ਹਿੰਦੁਸਤਾਨ ਤੇ ਕੇਂਦਰੀ ਏਸ਼ੀਆ ਵਿਚਕਾਰ ਕਈ ਗੁਪਤ ਚੱਕਰ ਕਟੇ। ਉਸ ਨੇ ਬਾਬਾ ਰਾਮ ਸਿੰਘ ਜੀ ਦੀ ਇਕ ਚਿੱਠੀ ਤੇ ਬਾਬਾ ਹਰੀ ਸਿੰਘ ਜੀ ਦੀ ਇਕ ਚਿੱਠੀ ਰੂਸੀ ਹਾਕਮਾਂ ਪਾਸ ਪਹੁੰਚਾਈ ਤੇ ਇਸੇ ਤਰ੍ਹਾਂ ਰੂਸੀ ਹਾਕਮਾਂ ਦੀਆਂ ਚਿੱਠੀਆਂ ਹਿੰਦੁਸਤਾਨ ਲਿਆਂਦੀਆਂ। ਇਨ੍ਹਾਂ ਵਿਚੋਂ ਕੁਝ ਚਿੱਠੀਆਂ ਨੈਸ਼ਨਲ ਆਰਕਾਈਵਜ਼, ਨਿਊ ਦਿੱਲੀ, ਵਿਚ ਸੁਰੱਖਿਅਤ ਪਈਆਂ ਹਨ। ਸੂਬਾ ਗੁਰਚਰਨ ਸਿੰਘ ਨੂੰ ਕੁਝ ਸਰਕਾਰੀ ਜਾਸੂਸਾਂ ਨੇ ਫੜਾ ਦਿਤਾ ਤੇ ਉਹ ਕਈ ਵਰ੍ਹੇ ਜੇਲ ਵਿਚ ਰਿਹਾ। ਇਸ ਦੌਰਾਨ ਕੂਕਿਆਂ ਵਿਚ ਇਹ ਭਵਿੱਸ਼ਬਾਣੀ ਆਮ ਪ੍ਰਚੱਲਤ ਸੀ ਕਿ ਰੂਸ ਹਿੰਦੁਸਤਾਨ ਤੇ ਹਮਲਾ ਕਰੇਗਾ ਤੇ ਇਸ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਮੁਕਤ ਕਰਾਏਗਾ।

ਜਦੋਂ ਮਹਾਰਾਜਾ ਦਲੀਪ ਸਿੰਘ ਆਪਣੇ ਵਜ਼ੀਫੇ ਨੂੰ ਲੱਤ ਮਾਰ ਕੇ ਅਤੇ ਅੰਗਰੇਜ਼ਾਂ ਦਾ ਵਿਰੋਧੀ ਬਣ ਕੇ ਮਾਸਕੋ ਅਪੜਿਆ, ਤਾਂ ਉਸ ਦੇ ਕੁਝ ਬੰਦਿਆਂ ਨੇ ਹਿੰਦੁਸਤਾਨ ਆ ਕੇ ਲੋਕਾਂ ਨੂੰ, ਵਿਸ਼ੇਸ ਕਰਕੇ ਸਿੱਖਾਂ ਤੇ ਦੇਸੀ ਰਿਆਸਤਾਂ ਦੇ ਰਾਜਿਆਂ ਨੂੰ, ਅਪੀਲ ਕੀਤੀ ਕਿ ਉਹ ਰੂਸ ਦਾ ਹਮਲਾ ਹੋਣ ਦੀ ਸੂਰਤ ਵਿਚ ਅੰਗਰੇਜ਼ਾਂ ਵਿਰੁਧ ਬਗ਼ਾਵਤ ਕਰ ਦੇਣ। ਉਸ ਵੇਲੇ ਸਿੱਖਾਂ ਵਿਚ ਕੇਵਲ ਕੂਕਿਆਂ ਨੇ ਇਸ ਗੱਲ ਦਾ ਸਵਾਗਤ ਕੀਤਾ ਤੇ ਉਨ੍ਹਾਂ ਦਾ ਇਕ ਵਫ਼ਦ ਮਹਾਰਾਜਾ ਦਲੀਪ ਸਿੰਘ ਦੀ ਮੁਲਾਕਾਤ ਲਈ ਮਾਸਕੋ ਚਲ ਪਿਆ। ਇਸ ਵਫ਼ਦ ਬਾਰੇ ਸਾਡੇ ਪਾਸ ਪ੍ਰਮਾਣਿਕ ਇਤਿਹਾਸਕ

Namdhari Elibrary NamdhariElibrary@gmail.com

ਗਵਾਹੀ ਮੌਜੂਦ ਹੈ। ਇਸ ਮੌਕੇ ਤੇ ਕੂਕਿਆਂ ਵਿਚ ਫਿਰ ਤੋਂ ਜੋਸ਼ ਉਠ ਪਿਆ ਤੇ ਉਨ੍ਹਾਂ ਨੇ ਕਈ ਖੁਫੀਆ ਸਮਾਗਮ ਕੀਤੇ। ਇਸ ਸਬੰਧੀ ਵੀ ਚੋਖੀ ਇਤਿਹਾਸਕ ਗਵਾਹੀ ਮਿਲਦੀ ਹੈ।

ਬਾਬਾ ਰਾਮ ਸਿੰਘ ਜੀ ਨੇ ਕੂਕਾ ਜਥੇਬੰਦੀ ਦਾ ਜੋ ਢਾਂਚਾ ਹੋਂਦ ਵਿਚ ਲਿਆਂਦਾ, ਉਸ ਤੋਂ ਇਕ ਮਤਵਾਜ਼ੀ ਸਰਕਾਰ ਦਾ ਭੁਲੇਖਾ ਪੈਂਦਾ ਸੀ । ਉਨ੍ਹਾਂ ਨੇ ਆਪਣੇ ਸੂਬਿਆਂ ਨੂੰ ਮੁਗਲ ਜਾਂ ਸਿੱਖ ਸੂਬੇਦਾਰਾਂ ਵਾਂਗੂੰ ਵਖ ਵਖ ਇਲਾਕਿਆਂ ਦੀ ਜ਼ਿਮੇਂਦਾਰੀ ਸੌਂਪੀ। ਆਪਣੇ ਆਪਣੇ ਇਲਾਕੇ ਵਿਚ ਇਹ ਸੂਬੇ ਕੂਕਾ ਲਹਿਰ ਦਾ ਪ੍ਰਚਾਰ ਕਰਦੇ ਸਨ। ਕੂਕਿਆਂ ਦਾ ਡਾਕ ਪ੍ਰਬੰਧ ਵੀ ਆਪਣਾ ਸੀ ਤੇ ਉਹ ਸਰਕਾਰੀ ਅਦਾਲਤਾਂ ਵਿਚ ਆਪਣੇ ਮੁਆਮਲੇ ਲੈ ਕੇ ਨਹੀਂ ਜਾਂਦੇ ਸਨ। ਉਹ ਅੰਗਰੇਜ਼ਾਂ ਦੇ ਚਲਾਏ ਸਕੂਲਾਂ ਤੇ ਕਾਲਜਾਂ ਦੇ ਵੀ ਵਿਰੁਧ ਸਨ। ਇਸ ਪ੍ਰਬੰਧਕ ਸਿਲਸਿਲੇ ਨੇ ਅੰਗਰੇਜ਼ਾਂ ਦੇ ਮਨਾਂ ਵਿਚ ਕੂਕਿਆਂ ਦੇ ਰਾਜਸੀ ਉਦੇਸ਼ ਸਬੰਧੀ ਸ਼ਕ ਹੋਰ ਪਕੇ ਕਰ ਦਿਤੇ । ਉਨ੍ਹਾਂ ਦਾ ਵਿਚਾਰ ਸੀ ਕਿ ਜੇ ਕੂਕਿਆਂ ਦਾ ਕੋਈ ਰਾਜਸੀ ਮਨੋਰਥ ਨਹੀਂ ਤਾਂ ਇਨ੍ਹਾਂ ਨੇ ਅਜਿਹੀ ਮੁਤਵਾਜ਼ੀ ਜਥੇਬੰਦੀ ਕਿਉਂ ਬਣਾਈ ਹੋਈ ਹੈ ?

ਅੰਗਰੇਜ਼ਾਂ ਨੇ ਕੂਕਾ ਅੰਦੋਲਨ ਨੂੰ ਕੁਚਲਣ ਲਈ ਪੂਰਾ ਵਾਹ ਲਾਇਆ। ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੇ ਲਗ ਪਗ ਸਾਰੇ ਪ੍ਰਸਿਧ ਸੂਬਿਆਂ ਨੂੰ ਪਕੜ ਕੇ ਪ੍ਰਦੇਸ ਭੇਜ ਦਿਤਾ। ਭੈਣੀ ਸਾਹਿਬ ਵਿਚ, ਜੋ ਕੂਕਾ ਅੰਦੋਲਨ ਦਾ ਹੈੱਡਕਵਾਰਟਰਜ਼ ਸੀ, ਪੋਲੀਸ ਦੀ ਚੌਕੀ ਬਿਠਾ ਦਿਤੀ ਗਈ। ਕੂਕਾ ਜਥੇਬੰਦੀ ਨੂੰ ਕਾਨੂੰਨ-ਵਿਰੁਧ ਕਰਾਰ ਦੇ ਦਿਤਾ ਗਿਆ ਤੇ ਉਸ ਦੀਆਂ ਕਾਰਵਾਈਆਂ ਤੇ ਕਰੜੀ ਨਜ਼ਰ ਰਖੀ ਜਾਣ ਲਗ ਪਈ। ਪਰੰਤੂ ਇਸ ਦਮਨ-ਨੀਤੀ ਦੇ ਬਾਵਜੂਦ ਕੂਕਾ ਲਹਿਰ ਕੁਚਲੀ ਨਾ ਜਾ ਸਕੀ ਅਤੇ ਜੋ ਵੀਰਤਾ ਦੀ ਸ਼ਾਨਦਾਰ ਰਵਾਇਤ ਇਸ ਨੇ ਸਥਾਪਿਤ ਕੀਤੀ ਸੀ, ਉਹ ਚਲਦੀ ਰਹੀ। ਬਾਬਾ ਸੋਹਣ ਸਿੰਘ ਭਕਣਾ ਦੀ ਰਚਿਤ 'ਆਤਮ ਕਹਾਣੀ' ਤੋਂ ਪਤਾ ਲਗਦਾ ਹੈ ਕਿ ਇਸ ਲਹਿਰ ਦਾ ਗ਼ਦਰੀ ਬਾਬਿਆਂ ਉਤੇ ਚੋਖਾ ਅਸਰ ਸੀ। ਬਾਬਾ ਸੋਹਣ ਸਿੰਘ ਨੇ ਲਿਖਿਆ ਹੈ ਕਿ ਉਸ ਨੂੰ ਦੇਸ਼-ਆਜ਼ਾਦੀ ਦੀ ਪਹਿਲੀ ਲਾਗ ਇਕ ਗਵਾਂਢੀ ਪਿੰਡ ਦੇ ਕੂਕਾ ਬਾਬਾ ਕੇਸਰ ਸਿੰਘ ਨੇ ਲਾਈ ਸੀ।

ਅੰਤ ਵਿਚ ਮੈਂ ਇਹ ਕਹਿਣਾ ਕੋਈ ਅਤ-ਕਥਨੀ ਨਹੀਂ ਸਮਝਦਾ ਕਿ ਕੂਕਾ ਅੰਦੋਲਨ ਦਾ ਸਾਡੇ ਦੇਸ ਦੇ ਇਤਿਹਾਸ ਵਿਚ, ਵਿਸ਼ੇਸ਼ ਕਰਕੇ ਪੰਜਾਬ ਦੇ ਤੇ ਸਿੱਖ ਕੌਮ ਦੇ ਇਤਿਹਾਸ ਵਿਚ, ਬੜਾ ਮਹੱਤਵਪੂਰਨ ਅਸਥਾਨ ਹੈ । ਜਿਸ ਸਮੇਂ ਅੰਗਰੇਜ਼ ਸਰਕਾਰ ਨੇ ਸਿੱਖ ਸਰਦਾਰਾਂ ਨੂੰ ਦਮਨ ਜਾਂ ਜਾਗੀਰਾਂ ਦੁਆਰਾ ਸਾਹਸ-ਹੀਣ ਬਣਾ ਦਿਤਾ ਸੀ ਤੇ ਰਾਜਸੀ ਤਾਕਤ ਖੁਸਣ ਉਪਰੰਤ ਸਿੱਖਾਂ ਦੀ ਹਾਲਤ ਦਿਨੋ ਦਿਨ ਨਿਘਰਦੀ ਜਾਂਦੀ ਸੀ, ਉਸ ਔਖੇ ਸਮੇਂ ਬਾਬਾ ਰਾਮ ਸਿੰਘ ਜੀ ਦੀ ਸੁਚੱਜੀ ਤੇ ਸਿਆਣੀ ਅਗਵਾਈ ਨੇ ਦਰਮਿਆਨੀ ਸ਼੍ਰੇਣੀ ਦੇ ਹੇਠਲੇ ਤਬਕੇ ਵਿਚੋਂ ਇਕ ਕ੍ਰਾਂਤੀਕਾਰੀ ਲਹਿਰ ਚਲਾਈ ਜਿਸ ਨੇ ਸਾਬਤ ਕੀਤਾ ਕਿ ਸਿੱਖ ਦਬਾਈ ਜਾਣ ਵਾਲੀ ਕੌਮ ਨਹੀਂ ਹੈ। ਜੇ ਅੰਗਰੇਜ਼ਾਂ ਨੇ ਇਹ ਸਬਕ ਕੂਕਾ ਲਹਿਰ ਤੋਂ ਨਾ ਸਿਖਿਆ ਹੁੰਦਾ, ਤਾਂ ਉਹ ਕਦੇ ਵੀ ਸਿੰਘ ਸਭਾ ਲਹਿਰ ਵਿਚ ਇੰਨੀ ਦਿਲਚਸਪੀ ਨਾ ਵਖਾਉਂਦੇ।

ਕੂਕਾ ਲਹਿਰ ਦੀ ਇਕ ਹੋਰ ਮਹੱਤਾ ਇਹ ਹੈ ਕਿ ਇਸ ਤੋਂ ਸਾਬਤ ਹੁੰਦਾ ਹੈ ਕਿ ਜੋ ਲੋਕ ਸਿੱਖਾਂ ਤੇ ਦੋਸ਼ ਲਗਾਉਂਦੇ ਹਨ ਕਿ ਉਨ੍ਹਾਂ ਨੇ ੧੮੫੭ ਦੇ ਵਿਦ੍ਰੋਹ ਵਿਚ ਹਿੰਦੁਸਤਾਨੀ ਬਾਗ਼ੀਆਂ ਦੇ ਵਿਰੁਧ ਅੰਗਰੇਜ਼ਾਂ ਦਾ ਸਾਥ ਦਿਤਾ, ਉਹ ਗ਼ਲਤ ਹਨ । ੧੮੫੭ ਵਿਚ ਜੋ ਮਦਦ ਸਿੱਖਾਂ ਵਲੋਂ ਅੰਗਰੇਜ਼ਾਂ ਨੂੰ ਦਿਤੀ ਗਈ, ਉਹ ਸਿੱਖ ਰਾਜਿਆਂ ਤੇ ਵਡੇ ਵਡੇ ਜਾਗੀਰਦਾਰਾਂ ਜਾਂ ਰਈਸਾਂ ਵਲੋਂ ਸੀ। ਆਮ ਲੋਕ ਉਸ ਵੇਲੇ ਵੀ ਅੰਗਰੇਜ਼ਾਂ ਦੇ ਵਿਰੁਧ ਸਨ ਤੇ ਕਈ ਥਾਵਾਂ ਤੇ ਉਨ੍ਹਾਂ ਨੇ ਰੌਲਾ ਮਚਾਇਆ। ਉਹ ਅਜੇ ਢੁਕਵੇਂ ਸਮੇਂ ਦੀ ਇੰਤਜ਼ਾਰ ਹੀ ਕਰ ਰਹੇ ਸਨ ਕਿ ਦਿੱਲੀ ਮੁੜ ਅੰਗਰੇਜ਼ਾਂ ਦੇ ਕਬਜ਼ੇ ਵਿਚ ਆ ਗਿਆ। ਦਿੱਲੀ ਦੀ ਇਸ ਫ਼ਤਹ ਨੇ ਉਨ੍ਹਾਂ ਦੇ ਹੌਂਸਲੇ ਢਾਹ ਦਿਤੇ ਤੇ ਉਨ੍ਹਾਂ ਦੇ ਦਿਲਾਂ ਦੀਆਂ ਦਿਲਾਂ ਵਿਚ ਹੀ ਰਹਿ ਗਈਆਂ। ਉਸੇ ਸਾਲ ਹੀ ਕੂਕਾ ਲਹਿਰ ਨੇ ਜਨਮ ਲਿਆ ਅਤੇ ਥੋੜ੍ਹੇ ਚਿਰ ਵਿਚ ਹੀ ਇਹ ਆਮ ਜਨਤਾ ਵਿਚ ਫੈਲ ਗਈ। ਇਹ ਸਫ਼ਲਤਾ ਕਦੀ ਵੀ ਸੰਭਵ ਨਹੀਂ ਸੀ ਹੋ ਸਕਦੀ ਜੇ ਆਮ ਸਿੱਖ ਜਨਤਾ ਵਿਚ ਸਰਕਾਰ ਦੀ ਵਿਰੋਧਤਾ ਦੀ ਭਾਵਨਾ ਨਾ ਹੁੰਦੀ । ਉਸ ਭਾਵਨਾ ਨੂੰ ਪ੍ਰਗਟਾਉਣ ਦਾ ਸਿਹਰਾ ਬਾਬਾ ਰਾਮ ਸਿੰਘ ਜੀ ਦੇ ਸਿਰ ਹੈ। ਇਸ ਲਈ ਉਨ੍ਹਾਂ ਦੀ ਦੇਣ ਸਦਾ ਸ਼ੁਕਰੀਏ ਸਹਿਤ ਯਾਦ ਰਖੀ ਜਾਏਗੀ।

Namdhari Elibrary NamdhariElibrary@gmail.com

ਮਲੇਛ ਭਾਖਾ ਦੇ ਹਮਲੇ ਵਿਰੁਧ ਸਤਿਗੁਰੂ ਸਾਹਿਬਾਨ ਦਾ ਸੰਘਰਸ਼

ਅਮਰ ਭਾਰਤੀ

ਹੁਣੇ ਹੁਣੇ ਆਜ਼ਾਦ ਹੋਏ ਬੰਗਲਾ ਦੇਸ਼ ਦੀ ਆਜ਼ਾਦੀ ਦੀ ਲੜਾਈ ਨੇ ਇਕ ਇਤਿਹਾਸਕ ਨਿਰਣਾ ਦਿਤਾ ਹੈ — ਕਿ ਬੰਗਲਾ ਦੇਸ਼ ਦੇ ਸਾਢੇ ਛੇ ਕਰੋੜ ਬੰਗਾਲੀ ਮੁਸਲਮਾਨ ਕਾਬਲੋਂ ਧਾਈ ਕਰ ਕੇ ਆਈ ਬਾਬਰ ਦੀ ਪਾਪ ਦੀ ਜੰਞ ਵਿਚ ਸ਼ਾਮਲ ਨਹੀਂ ਸਨ ।

ਬਚੇ ਖੁਚੇ ਪਾਕਿਸਤਾਨ ਵਿਚ ਰਹਿ ਗਏ ਚਾਰ ਪੰਜ ਕਰੋੜ ਮੁਸਲਮਾਨਾਂ ਬਾਰੇ ਵੀ ਅੱਜ ਇਹੋ ਗੱਲ ਸਪੱਸ਼ਟ ਹੋ ਰਹੀ ਹੈ ਅਤੇ ਭਾਰਤ ਵਿਚ ਰਹਿ ਰਹੇ ਛੇ-ਸੱਤ ਕਰੋੜ ਮੁਸਲਮਾਨਾਂ ਬਾਰੇ ਵੀ ।

ਜਿਹੜੇ ਮੁਸਲਮਾਨ ਹਮਲਾਵਰ ਦੇ ਰੂਪ ਵਿਚ ਭਾਰਤ ਆਏ ਸਨ—ਭਾਰਤ ਨੇ ਉਨ੍ਹਾਂ ਦੇ ਖ਼ਿਲਾਫ਼ ਲੰਮੀ ਅਤੇ ਅਣਥੱਕ ਲੜਾਈ ਲੜੀ ਹੈ । ਦੇਸ਼ ਦੇ ਹਰ ਹਿੱਸੇ ਵਿਚ ਹਮਲਾਵਰ ਦੇ ਖ਼ਿਲਾਫ਼ ਲੜਾਈ ਚਲਦੀ ਰਹੀ ਹੈ ਅਤੇ ਪੰਜਾਬ ਵਿਚ ਇਸ ਲੜਾਈ ਦੀ ਅਗਵਾਈ ਇਕ ਲੰਮੇ ਸਮੇਂ ਤਕ ਗੁਰੂ ਨਾਨਕ ਪਰੰਪਰਾ ਦੇ ਸਤਿਗੁਰੂ ਸਾਹਿਬਾਨ ਦੇ ਹੱਥ ਰਹੀ ਹੈ।

ਸੰਸਕ੍ਰਿਤੀ ਦੀ ਸੁਰੱਖਿਆ

ਸਤਿਗੁਰੂ ਦਾ ਕਰਮ ਖੇਤਰ ਆਮ ਤੌਰ ਤੇ ਅਧਿਆਤਮਕ ਹੀ ਮੰਨਿਆਂ ਜਾਂਦਾ ਹੈ, ਪਰ ਅਧਿਆਤਮਕ ਖੇਤਰ ਦੀ ਆਜ਼ਾਦੀ, ਉੱਨਤੀ ਤੇ ਸੁਰੱਖਿਆ ਦਾ ਨਿਰਭਰ ਸੰਸਕ੍ਰਿਤੀ ਉਪਰ ਅਤੇ ਸੰਸਕ੍ਰਿਤੀ ਦਾ ਬਹੁਤਾ ਸੰਬੰਧ ਬੋਲੀ ਤੇ ਸਾਹਿਤ ਨਾਲ ਹੈ।

ਸੋ ਅਧਿਆਤਮ ਦੀ ਆਜ਼ਾਦੀ ਅਤੇ ਉੱਨਤੀ ਉਸ ਨਾਲ ਸੰਬੰਧਤ ਸੰਸਕ੍ਰਿਤੀ ਦੀ ਸੁਰੱਖਿਆ ਨਾਲ ਜੁੜੀ ਹੋਣ ਕਰ ਕੇ ਸਤਿਗੁਰੂ ਸਾਹਿਬਾਨ ਨੇ ਆਪਣੇ ਆਪ ਨੂੰ ਨਾਮ ਜਪਣ ਤੱਕ ਹੀ ਸੀਮਤ ਨਾ ਰੱਖ ਕੇ ਬੋਲੀ ਤੇ ਸਾਹਿਤ ਰਾਹੀਂ ਵਿਚਾਰਾਂ ਦੇ ਟਕਰਾ ਵਿਚ ਲਿਆ ਖਲਿਆਰਿਆ ਸੀ ।

ਸਤਿਗੁਰੂ ਨਾਨਕ ਦੀ ਚੋਣ

ਸਤਿਗੁਰੂ ਨਾਨਕ ਦੇਵ ਜੀ ਤੋਂ ਹੀ ਜੇ ਲਈਏ ਤਾਂ ਬੋਲੀ ਅਤੇ ਸਾਹਿਤਕ ਵਿਚਾਰ-ਪਰੰਪਰਾ ਬਾਰੇ ਆਪ ਦੀ ਚੋਣ ਸਾਨੂੰ ਉਸ ਦਿਸ਼ਾ ਬਾਰੇ ਸੰਕੇਤ ਕਰਦੀ ਹੈ ਜਿਸ ਦਿਸ਼ਾ ਵਿਚ ਆਪ ਨੇ ਆਪਣੀ ਸਾਰੀ ਘਾਲਣਾ ਨੂੰ ਲਗਾਇਆ ਸੀ । ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਅਰੰਭ

" ੧ ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥ ਜਪੁ ॥

ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।" ਤੋਂ ਹੁੰਦਾ ਹੈ । ਇਸ ਵਿਚ ਆਪ ਨੇ ਵਿਚਾਰ ਪਰੰਪਰਾ ਉਪਨਿਸ਼ਦ ਦੀ ਅਦਵੈਤ ਧਾਰਾ ਵਾਲੀ ਅਪਣਾਈ ਅਤੇ ਬੋਲੀ ਸੰਸਕ੍ਰਿਤ ਰਲੀ ਪੰਜਾਬੀ । ਸਾਹਿਤਕ ਆਖਿਆਨ ਤੇ ਪ੍ਰਤੀਕ ਆਪ ਨੇ ਆਪਣੀ ਸਾਰੀ ਬਾਣੀ ਵਿਚ ਹੀ ਪੌਰਾਣਕ ਰੱਖੇ ।

ਸਤਿਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਤੱਕ ਦੀ ਬਾਣੀ ਵਿਚ ਸਾਨੂੰ ਵਿਚਾਰ ਪਰੰਪਰਾ,ਬੋਲੀ ਤੇ ਸਾਹਿਤ ਦਾ ਇਹੋ ਹੀ ਸਿਲਸਿਲਾ ਮਿਲਦਾ ਹੈ । ਸੱਤਾਂ ਗੁਰੂ ਸਾਹਿਬਾਂ ਨੇ ਬਾਣੀ ਦੀ ਰਚਨਾ ਕੀਤੀ ਤੇ ਸਭਨਾਂ ਦੀ ਹੀ ਮੁਖ ਬਾਣੀ ਸੰਸਕ੍ਰਿਤ ਪਰੰਪਰਾ ਨਾਲ ਸੰਬੰਧਤ ਬੋਲੀਆਂ ਵਿਚ ਹੀ ਰਚੀ ਗਈ। ਉਰਦੂ, ਫ਼ਾਰਸੀ ਜਾਂ ਅਰਬੀ ਬੋਲੀ ਦੀ ਵਰਤੋਂ ਆਪ ਨੇ ਵਿਸ਼ੇਸ਼ ਸਮਿਆਂ ਤੇ ਅਤੇ ਵਿਸ਼ੇਸ਼ ਸੰਦਰਭ ਵਿਚ ਹੀ ਕੀਤੀ — ਉਹ ਵੀ ਘਟ ਤੋਂ ਘਟ । ਉਰਦੂ, ਫ਼ਾਰਸੀ ਜਾਂ ਅਰਬੀ ਨਾਲ ਸੰਬੰਧਤ ਵਿਚਾਰ ਪਰੰਪਰਾ ਦੀ ਚਰਚਾ ਬਾਰੇ ਵੀ ਇਹੋ ਹੀ ਗੱਲ ਰਹੀ ।

ਮਲੇਛਾਚਾਰ ਦੇ ਪ੍ਰਤੀਕ

ਇਸ ਦਾ ਕਾਰਣ ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚੋਂ ਹੀ ਸਪਸ਼ਟ ਹੋਣਾ ਸ਼ੁਰੂ ਹੋ ਜਾਂਦਾ ਹੈ । ਆਪ ਨੇ ਆਪਣੇ ਸਮੇਂ ਦੀ ਚਰਚਾ ਤਿੰਨ ਪ੍ਰਤੀਕ ਰੂਪਾਂ ਵਿਚ ਕੀਤੀ ਹੈ :

(੧) "... ..ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ......।" (੨) "......ਕਲਿ ਮਹਿ ਬੇਦੁ ਅਥਰਬਣੁ

Namdhari Elibrary NamdhariElibrary@gmail.com

ਹੂਆ ਨਾਉ ਖੁਦਾਈ ਅਲਹੁ ਭਇਆ । ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ......।" ਅਤੇ (੩) "ਖਤ੍ਰੀਆ ਤ ਧਰਮੁ ਛੋਡਿਆ, ਮਲੇਛ ਭਾਖਿਆ ਗਹੀ।"

ਵਿਚਾਰ ਤੱਤ, ਆਗੂ ਤੇ ਭਾਖਾ ਤਿੰਨਾਂ ਬਾਰੇ ਹੀ ਆਪ ਦਾ ਨਿਰਣਾ ਨਾਂਹ ਧਰਮੀ ਹੈ — ਹਾਂ, ਧਰਮੀ ਨਹੀਂ। "......ਧੋਤੀ ਟਿਕਾ ਤੈ ਜਪ ਮਾਲੀ ਧਾਨੁ ਮਲੇਛਾਂ ਖਾਈ । ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ.. ...।" "ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ । ਮਲੇਛ ਧਾਨੁ ਲੇ ਪੂਜਹਿ ਪੁਰਾਣੁ......।"

ਮਲੇਛ ਸ਼ਬਦ ਦੀ ਜਿੱਥੇ ਅਤੇ ਜਿਸ ਸੰਦਰਭ ਵਿਚ ਵੀ ਵਰਤੋਂ ਹੋਈ ਹੈ, ਉਹ ਉਸ ਦੇ ਪ੍ਰਤੀ ਨਿੰਦਿਆ ਸੂਚਕ ਭਾਵਨਾ ਨੂੰ ਜ਼ਾਹਿਰ ਕਰਨ ਲਈ ਹੀ ਕੀਤੀ ਗਈ ਤੇ ਇਹ ਮੁਖ ਰੂਪ ਵਿਚ ਹਮਲਾਵਰਾਂ ਬਾਰੇ ਸੀ। ਉਸ ਵੇਲੇ ਦੇ ਜਿਹੜੇ ਵੀ ਹਮਲਾਵਰ ਸਨ ਤੇ ਜਿਨ੍ਹਾਂ ਨੇ ਹਿੰਦੁਸਤਾਨ ਉਤੇ ਆਪਣੀ ਹਕੂਮਤ ਕਾਇਮ ਕੀਤੀ ਸੀ, ਉਨ੍ਹਾਂ ਨੂੰ ਗੁਰੂ ਸਾਹਿਬ ਨੇ ਮਲੇਛ ਕਿਹਾ, ਉਨ੍ਹਾਂ ਦੀ ਬੋਲੀ ਨੂੰ ਮਲੇਛ ਭਾਖਿਆ ਕਿਹਾ, ਅਤੇ ਉਨ੍ਹਾਂ ਦੇ ਧਨ ਨੂੰ 'ਮਲੇਛ ਧਾਨ' ਦਾ ਨਾਮ ਦਿਤਾ। ਉਨ੍ਹਾਂ ਦੇ ਪਹਿਨਣ ਵਾਲੇ ਕਪੜਿਆਂ ਦਾ ਰੰਗ ਨੀਲਾ ਦਸਿਆ ਅਤੇ ਨੀਲੇ ਕਾਲੇ ਰੰਗ ਨੂੰ ਮਲੇਛ ਦਾ ਪਰਯਾਯਵਾਚੀ ਜਾਂ ਪ੍ਰਤੀਕ ਰੂਪ ਵਿਚ ਪੇਸ਼ ਕੀਤਾ।

ਆਪ ਨੇ ਉਸ ਸਮੇਂ ਦੇ ਰੀਤੀ ਰਿਵਾਜਾਂ ਨੂੰ ਉਸ ਅਥਰਵ ਵੇਦ ਨਾਲ ਤੁਲਨਾ ਦਿਤੀ ਜਿਹੜਾ ਤੰਤਰਾਂ ਮੰਤਰਾਂ, ਜਾਦੂ ਟੂਣਿਆਂ ਨਾਲ ਭਰਿਆ ਹੋਇਆ ਹੈ ਅਤੇ ਜਿਸ ਦਾ ਤੱਤ ਰੂਪ ਵਿਚ ਵਰਣ ਕਾਲਾ, ਪੀਠੇ ਹੋਏ ਸੁਰਮੇ ਵਰਗਾ ਹੈ। ਆਪ ਨੇ ਚੌਹਾਂ ਵੇਦਾਂ ਨੂੰ ਚੌਂਹ ਜੁਗਾਂ ਵਿਚ ਵੰਡਿਆ ਹੈ ਤੇ ਹਰ ਵੇਦ ਦਾ ਵੱਖਰਾ ਵੱਖਰਾ ਵਰਣ ਜਾਂ ਰੰਗ ਦੱਸਿਆ ਹੈ। ਸਤਿਜੁਗ ਦੇ ਵੇਦ ਦਾ ਰੰਗ ਚਿੱਟਾ, ਤ੍ਰੇਤੇ ਦਾ ਪੀਲਾ, ਦਵਾਪਰ ਦਾ ਲਾਲ ਅਤੇ ਕਲਿਜੁਗ ਦਾ ਕਾਲਾ — "ਬਗਾ ਰਤਾ ਪੀਅਲਾ ਕਾਲਾ ਬੇਦਾ ਕਰੀ ਪੁਕਾਰ"

— ਵਾਰ ਮਾਝ ਮਹਲਾ ੧

ਅਤੇ ਭਾਰਤ ਵਿਚ ਹਮਲਾਵਰ ਮਲੇਛਾਂ ਦੇ ਰਾਜ ਪਸਾਰੇ ਦੇ ਅਸਰ ਦੀ ਚਰਚਾ ਕਰਦਿਆਂ ਹੋਇਆਂ ਸਤਿਗੁਰੂ ਨਾਨਕ ਨੇ ਆਖਿਆ — "ਆਦਿ ਪੁਰਖ ਕਉ ਅਲਹੁ ਕਹੀਐ ਸੇਖਾਂ ਆਈ ਵਾਰੀ। ਦੇਵਲ ਦੇਵਤਿਆਂ ਕਰੁ ਲਾਗਾ ਐਸੀ ਕੀਰਤਿ ਚਾਲੀ। ਕੂਜਾ ਬਾਂਗ ਨਿਵਾਜ ਮੁਸਲਾ ਨੀਲ ਰੂਪ ਬਨਵਾਰੀ। ਘਰ ਘਰ ਮੀਆਂ ਸਭਨਾ ਜੀਆਂ ਬੋਲੀ ਅਵਰ ਤੁਮਾਰੀ।"

(ਬਸੰਤ ਹਿੰਡੋਲ ਮਹਲਾ ੧)

ਇਹ ਸਪਸ਼ਟ ਰੂਪ ਵਿਚ ਸੰਸਕ੍ਰਿਤੀ ਉਤੇ ਹਮਲੇ ਦੀ ਚਰਚਾ ਹੈ, ਜਿਸ ਹਮਲੇ ਨੇ ਮੰਦਰਾਂ ਤੇ ਦੇਵਤਿਆਂ ਉਤੇ ਟੈਕਸ ਲਗਾ ਦਿਤਾ, ਪੂਜਾ ਪਾਠ ਦੀ ਥਾਂ ਬਾਂਗ ਨਮਾਜ਼ ਮੁਸੱਲਾ ਚਾਲੂ ਹੋ ਗਏ, ਅਕਾਲ ਪੁਰਖ ਦਾ ਨਾਮ ਅਲਾਹ ਪੈ ਗਿਆ ਅਤੇ ਉਸ ਸਮੇਂ ਦੇ ਰਿਸ਼ੀ ਦੇ ਬਸਤਰ ਨੀਲੇ ਥਾਪ ਦਿਤੇ ਗਏ, ਬੋਲੀ ਵੱਖਰੀ ਹੋ ਗਈ। ਘਰ ਘਰ ਮੀਆਂ ਮੀਆਂ ਹੋਣ ਲਗੀ।

ਗੁਰਬਾਣੀ ਵਿਚ ਬ੍ਰਾਹਮਣਾਂ ਖਤਰੀਆਂ ਦਾ ਜਿਥੇ ਵੀ ਹਾਕਮ ਮਲੇਛ ਨਾਲ ਜੁੜ ਕੇ ਜ਼ਿਕਰ ਆਉਂਦਾ ਹੈ ਓਥੇ ਹੀ ਉਹ ਨਿੰਦਿਆ ਸੂਚਕ ਹੈ । ਹੋਰ ਤੇ ਹੋਰ ਇਕ ਥਾਂ ਤੇ ਗੁਰੂ ਅਰਜਨ ਦੇਵ ਜੀ ਨੇ ਇਕ ਬ੍ਰਾਹਮਣ ਨੂੰ ਵੀ ਉਸ ਦੇ ਭੈੜੇ ਆਚਰਣ ਕਰ ਕੇ ਮਲੇਛ ਆਖ ਕੇ ਨਿੰਦਿਆ ਹੈ। ਜਿਸ ਬ੍ਰਾਹਮਣ ਖਿਡਾਵੇ ਨੇ ਬਾਲ ਗੁਰੂ ਹਰਿਗੋਬਿੰਦ ਸਾਹਿਬ ਨੂੰ ਜ਼ਹਿਰ ਦੇਕੇ ਮਾਰਨਾ ਚਾਹਿਆ ਸੀ—ਉਸਦਾ ਜ਼ਿਕਰ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ ਕਿਹਾ — "ਮਲੇਛ ਪਾਪੀ ਪਚਿਆ ਭਇਆ ਨਿਰਾਸੁ।"

(ਭੈਰਉ ਮਹਲਾ ੫)

ਮੁਸਲਿਮ ਹਮਲਾਵਰਾਂ ਦੇ ਨਾਲ ਨਾਲ ਭਾਰਤ ਵਿਚ ਅਰਬੀ ਤੇ ਫ਼ਾਰਸੀ ਭਾਸ਼ਾਵਾਂ ਆਈਆਂ। ਅਰਬੀ ਫ਼ਾਰਸੀ ਦੇ ਸੰਜੋਗ ਨਾਲ ਭਾਰਤ ਵਿਚ ਜਿਹੜੀ ਭਾਸ਼ਾ ਬਣੀ ਸੰਵਰੀ, ਉਹ ਉਰਦੂ ਸੀ।

ਅਰਬੀ-ਫ਼ਾਰਸੀ ਉਨ੍ਹਾਂ ਕੁਝ ਖ਼ਾਸ ਦੇਸ਼ਾਂ ਦੀਆਂ ਭਾਸ਼ਾਵਾਂ ਸਨ ਜਿਨ੍ਹਾਂ ਦੇਸ਼ਾਂ ਦੇ ਲੋਕਾਂ ਦਾ ਮਜ਼ਹਬ ਇਸਲਾਮ ਸੀ ਤੇ ਜਿਨ੍ਹਾਂ ਦੇਸ਼ਾਂ ਤੋਂ ਭਾਰਤ ਵਿਚ ਆਏ ਹਮਲਾਵਰਾਂ ਨੇ ਭਾਰਤ ਵਿਚ ਪਰਚਲਤ ਧਰਮ ਅਤੇ ਸੰਸਕ੍ਰਿਤੀ ਉਪਰ ਹਮਲਾ ਕਰ ਕੇ ਏਥੇ ਵੀ ਜ਼ੋਰੀਂ ਇਸਲਾਮ ਦਾ ਪਸਾਰਾ ਕਰਨ ਦੀ ਕੋਸ਼ਿਸ਼ ਕੀਤੀ।

ਗੁਰੂ ਸਾਹਿਬਾਂ ਨੇ ਨਾ ਅਰਬੀ ਨੂੰ ਮੰਨਿਆ ਨਾ ਫ਼ਾਰਸੀ ਨੂੰ ਅਤੇ ਨਾ ਹੀ ਇਨ੍ਹਾਂ ਦੇ ਸੰਜੋਗ ਨਾਲ ਬਣੀ ਨਵੀਂ ਭਾਸ਼ਾ ਉਰਦੂ ਨੂੰ ਹੀ। ਅਰਬੀ ਫ਼ਾਰਸੀ ਹਮਲਾਵਰ ਭਾਸ਼ਾਵਾਂ ਸਨ ਤੇ ਉਰਦੂ ਉਨ੍ਹਾਂ ਦੀ ਔਲਾਦ। ਇਹ ਤਿੰਨੇ ਭਾਸ਼ਾਵਾਂ ਬਦੇਸ਼ੀ ਹਮਲਾਵਰਾਂ ਦੇ ਆਚਰਣ, ਧਰਮ ਤੇ ਸੰਸਕ੍ਰਿਤੀ ਦੀਆਂ ਵਾਹਨ ਸਨ ਜੋ ਕਿ ਮੂਲ ਰੂਪ ਵਿਚ ਭਾਰਤ ਦੇ ਵਿਚਾਰ, ਧਰਮ ਤੇ ਸੰਸਕ੍ਰਿਤੀ ਦੇ ਖ਼ਿਲਾਫ਼ ਹਮਲਾਵਰ ਸਨ । ਗੁਰੂ ਸਾਹਿਬਾਂ ਨੇ ਏਸੇ ਕਰ ਕੇ ਇਨ੍ਹਾਂ ਭਾਸ਼ਾਵਾਂ ਨੂੰ ਮਲੇਛ ਭਾਖਾ ਆਖਿਆ — ਉਹ ਭਾਖਾ — ਜਿਹੜੀ ਭਾਰਤ ਦੇ ਲੋਕਾਂ ਦਾ ਧਰਮ ਭ੍ਰਿਸ਼ਟ ਕਰਦੀ ਸੀ, ਆਚਾਰ ਭ੍ਰਿਸ਼ਟ ਕਰਦੀ ਸੀ।

ਉਰਦੂ ਅੱਜ ਵੀ ਆਪਣੇ ਪ੍ਰਤੀਕਾਂ, ਬਿੰਬਾਂ, ਉਪਮਾਵਾਂ, ਅੱਖਰਾਂ ਤੇ ਰਵਾਇਤੀ ਹਵਾਲਿਆਂ ਨਾਲ ਪਾਠਕ ਨੂੰ ਅਰਬੀ,

Namdhari Elibrary NamdhariElibrary@gmail.com

ਫ਼ਾਰਸੀ ਭਾਸ਼ਾਵਾਂ ਵਾਲੇ ਦੇਸ਼ਾਂ ਦੇ ਵਿਚਾਰਾਂ ਤੇ ਧਰਮ ਪਰੰਪਰਾਵਾਂ ਨਾਲ ਜਾ ਜੋੜਦੀ ਹੈ — ਭਾਰਤ ਦੇ ਪ੍ਰਾਚੀਨ ਇਤਿਹਾਸ, ਵਿਚਾਰ, ਧਰਮ ਤੇ ਸੰਸਕ੍ਰਿਤੀ ਨਾਲ ਨਹੀਂ ।

ਉਰਦੂ ਦਾ ਸਥਾਨ

ਉਰਦੂ ਅੱਜ ਵੀ ਇਕ ਮਜ਼ਹਬੀ ਭਾਸ਼ਾ ਹੈ — ਕਿਸੇ ਇਲਾਕੇ ਦੀ ਭਾਸ਼ਾ ਨਹੀਂ — ਨਾ ਭਾਰਤ ਵਿਚ ਅਤੇ ਨਾ ਹੀ ਪਾਕਿਸਤਾਨ ਵਿਚ ।

ਉਰਦੂ ਨੂੰ ਸਾਹਿਤ ਦੀ ਅਤੇ ਰਾਜ ਕਾਜ ਦੀ ਬੋਲੀ ਮੰਨਣ ਤੋਂ ਬੰਗਾਲੀ ਮੁਸਲਮਾਨਾਂ ਨੇ ਇਨਕਾਰ ਕਰ ਦਿਤਾ । ਉਰਦੂ ਨੂੰ ਪਾਕਿਸਤਾਨ ਦੇ ਸਿੰਧ ਤੇ ਪੰਜਾਬ ਨੇ ਵੀ ਸਾਹਿਤ ਤੇ ਰਾਜ ਕਾਜ ਦੀ ਬੋਲੀ ਮੰਨਣ ਤੋਂ ਇਨਕਾਰ ਕਰਨਾ ਸ਼ੁਰੂ ਕਰ ਦਿਤਾ ਹੈ । ਬੰਗਾਲੀਆਂ ਨੇ ਬੰਗਲਾ ਭਾਸ਼ਾ ਰਾਜ ਭਾਸ਼ਾ ਮੰਨਵਾ ਲਈ, ਸਿੰਧੀਆਂ ਨੇ ਸਿੰਧੀ ਅਤੇ ਪੰਜਾਬੀਆਂ ਨੇ ਪੰਜਾਬੀ ਨੂੰ ਰਾਜ ਭਾਸ਼ਾ ਮੰਨਵਾਣ ਲਈ ਅੰਦੋਲਨ ਸ਼ੁਰੂ ਕੀਤਾ ਹੋਇਆ ਹੈ । ਕਲ੍ਹ ਤੱਕ ਦੇ ਪਾਕਿਸਤਾਨ ਦੇ ਇਹ ਤਿੰਨੇ ਸੂਬੇ ੧੯੪੭ ਵਿਚ ਇਸਲਾਮ ਦੇ ਨਾਮ ਉੱਤੇ ਭਾਰਤ ਨਾਲੋਂ ਅੱਡ ਹੋਏ ਸਨ ਅਤੇ ਦੋ ਹੋਰ ਸੂਬਿਆਂ ਸਮੇਤ ਸਾਰੇ ਪਾਕਿਸਤਾਨ ਦੀ ਰਾਜ ਭਾਸ਼ਾ ਇਸ ਲਈ ਉਰਦੂ ਰੱਖੀ ਗਈ ਸੀ ਕਿ ਉਹ ਇਸਲਾਮੀ ਭਾਸ਼ਾ ਹੈ । ਭਾਰਤ ਵਿਚ ਰਹਿ ਗਏ ਮੁਸਲਮਾਨਾਂ ਦਾ ਇਕ ਹਿੱਸਾ ਅੱਜ ਵੀ ਉਰਦੂ ਨੂੰ ਰਾਜ ਕਾਜ ਦੀ ਭਾਸ਼ਾ ਮੰਨਵਾਣਾ ਚਾਹੁੰਦਾ ਹੈ ਕਿਉਂਕਿ ਉਰਦੂ ਨੂੰ ਉਹ ਇਸਲਾਮ ਦੀ ਭਸ਼ਾ ਸਮਝਦਾ ਹੈ । ਪਰ ਪਾਕਿਸਤਾਨ — ਜਿਹੜਾ ਕਿ ਬਣਿਆਂ ਹੀ ਇਸਲਾਮ ਦੇ ਆਧਾਰ ਉਤੇ ਸੀ — ਉਸ ਦੇ ਲੋਕ ਛੇਤੀ ਹੀ ਸਮਝ ਗਏ ਹਨ ਕਿ ਉਰਦੂ ਉਨ੍ਹਾਂ ਦੀ ਮਾਤ-ਭਾਸ਼ਾ ਨਹੀਂ — ਉਹ ਉਨ੍ਹਾਂ ਦੀ ਕੁਝ ਵੀ ਨਹੀਂ । ਉਹ ਸੰਸਾਰ ਭਰ ਦੀ ਤਰੱਕੀ ਦੀ ਦੌੜ ਵਿਚੋਂ ਪਛੜ ਗਏ ਸਨ — ਇਸ ਲਈ ਉਨ੍ਹਾਂ ਨੇ ਅਖੌਤੀ ਇਸਲਾਮੀ ਭਾਸ਼ਾ ਨੂੰ ਛੱਡ ਕੇ ਮਾਤ ਭਾਸ਼ਾ ਦੀ ਗੱਲ ਕਰਨੀ ਮੁਨਾਸਬ ਸਮਝੀ — ਤਾਕਿ ਉਹ ਹੋਰ ਨਾ ਪੱਛੜ ਜਾਣ । ਉਰਦੂ ਉਨ੍ਹਾਂ ਲਈ ਅੱਜ ਉਸ ਹਾਕਮ ਤਬਕੇ ਦੀ ਭਾਸ਼ਾ ਦੇ ਰੂਪ ਵਿਚ ਉਘੜ ਕੇ ਸਾਹਮਣੇ ਆ ਰਹੀ ਹੈ — ਜਿਹੜਾ ਹਾਕਮ ਉਨ੍ਹਾਂ ਦਾ ਆਪਣਾ ਨਹੀਂ, ਉਨ੍ਹਾਂ ਦੇ ਵਿਚੋਂ ਨਹੀਂ, ਜਿਹੜਾ ਇਸਲਾਮ ਅਤੇ ਅਖੌਤੀ ਇਸਲਾਮੀ ਭਾਸ਼ਾ ਉਰਦੂ ਦੇ ਸਹਾਰੇ ਉਨ੍ਹਾਂ ਲੋਕਾਂ ਉਤੇ ਉਸੇ ਤਰ੍ਹਾਂ ਜਬਰ ਜ਼ੁਲਮ ਕਰਦਾ ਹੈ — ਜਿਵੇਂ ਕਿਸੇ ਸਮੇਂ ਉਹ ਗੁਰੂ ਨਾਨਕ ਦੇਵ ਜੀ ਦੇ ਸਾਹਮਣੇ — ਪਾਪ ਦੀ ਜੰਞ ਲੈ ਕੇ ਕਾਬਲੋਂ ਧਾਅ ਕੇ ਆਇਆ ਸੀ । ਜਿਹੜਾ ਮਲੇਛ ਸੀ, ਜਿਸ ਦੀ ਭਾਖਾ ਮਲੇਛ ਭਾਖਾ ਸੀ ।

ਇਸਲਾਮ ਦੇ ਅਦਵੈਤ ਤੱਤ ਨੂੰ ਗੁਰੂ ਸਾਹਿਬਾਂ ਨੇ ਨਿੰਦਿਆ ਨਹੀਂ, ਉਸ ਨਾਲ ਭਾਰਤੀ ਸੰਸਕ੍ਰਿਤੀ ਦੀ ਸਾਂਝ ਪੁਆਉਣ ਦਾ ਜਤਨ ਹੀ ਕੀਤਾ ਹੈ — ਪਰ ਇਸਲਾਮ ਦੇ ਨਾਮ ਉਤੇ ਮਲੇਛ ਆਚਰਣ ਤੇ ਉਸ ਆਚਰਣ ਦੀ ਵਾਹਕ ਭਾਖਾ ਦਾ ਉਨ੍ਹਾਂ ਨੇ ਸਖ਼ਤ ਵਿਰੋਧ ਕੀਤਾ ਸੀ ।

ਜਿਸ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮੁਸਲਿਮ ਹਾਕਮਾਂ ਦੇ ਖ਼ਿਲਾਫ਼ ਤਲਵਾਰ ਚੁਕੀ, ਉਨ੍ਹਾਂ ਨੇ ਓਸ ਇਸਲਾਮ ਦੇ ਖ਼ਿਲਾਫ਼ ਲੜਾਈ ਲੜੀ ਜਿਹੜਾ ਹਮਲਾਵਰ ਸੀ—ਮੁਸਲਮਾਨ ਮਾਤ੍ਰ ਦੇ ਖ਼ਿਲਾਫ਼ ਉਨ੍ਹਾਂ ਨੇ ਲੜਾਈ ਨਹੀਂ ਲੜੀ ।

ਬੰਗਲਾ ਦੇਸ਼ ਦੀ ਆਜ਼ਾਦੀ ਦੀ ਲੜਾਈ ਦਾ ਅਰੰਭ ਉਰਦੂ ਭਾਸ਼ਾ ਦੀ ਗ਼ੁਲਾਮੀ ਦੇ ਖ਼ਿਲਾਫ਼ ਬੰਗਲਾ ਭਾਸ਼ਾ ਦੀ ਰੱਖਿਆ ਲਈ ਅੰਦੋਲਨ ਦੇ ਰੂਪ ਵਿਚ ਹੋਇਆ ਸੀ। ਬਾਅਦ ਵਿਚ ਉਸ ਨਾਲ ਆਰਥਕ, ਸਮਾਜਕ ਤੇ ਜਾਤੀ-ਗਤ ਤੱਤ ਅਤੇ ਲੁੱਟ ਖਸੁਟ ਦੇ ਤੱਤ ਵੀ ਜੁੜਦੇ ਗਏ, ਪਰ ਲੜਾਈ ਦਾ ਅਰੰਭ ਨਿਰੋਲ ਭਾਸ਼ਾ, ਸਾਹਿਤ ਤੇ ਸੰਸਕ੍ਰਿਤੀ ਦੇ ਖੇਤਰ ਵਿਚ ਹੋਇਆ ।

ਠੀਕ ਇਹੋ ਗੱਲ -- ਪੰਜਾਬ ਵਿਚ ਪੰਜ ਸੌ ਸਾਲ ਪਹਿਲਾਂ ਹੋਈ ਸੀ ਜਦੋਂ ਗੁਰੂ ਨਾਨਕ ਦੇਵ ਜੀ ਨੇ ਭਾਰਤ ਦੀ ਭਾਸ਼ਾ, ਸਾਹਿਤ ਤੇ ਸੰਸਕ੍ਰਿਤੀ ਉਪਰ ਮਲੇਛ ਹਮਲੇ ਦਾ ਵਿਰੋਧ ਕੀਤਾ ਅਤੇ ਮੁਕਾਬਲੇ ਵਿਚ ਆਪਣੇ ਦੇਸ਼ ਦੀ ਭਾਸ਼ਾ, ਲਿਪੀ, ਸਾਹਿਤ ਤੇ ਸੰਸਕ੍ਰਿਤੀ ਦੀ ਗੱਲ ਟੋਰੀ । ਅੱਗੇ ਚਲ ਕੇ ਗੁਰੂ ਨਾਨਕ ਪਰੰਪਰਾ ਦੇ ਗੁਰੂ ਸਾਹਿਬਾਂ ਨੇ ਮਲੇਛ ਹਮਲੇ ਦੇ ਖ਼ਿਲਾਫ਼ ਕਲਮ ਦੇ ਨਾਲ ਨਾਲ ਤਲਵਾਰ ਵੀ ਚੁਕੀ ।

ਸਤਿਗੁਰੂ ਰਾਮ ਸਿੰਘ ਜੀ ਵੱਲੋਂ

ਠੀਕ ਏਸੇ ਪਰੰਪਰਾ ਵਿਚ ਹੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਮਲੇਛ ਹਮਲੇ ਅਤੇ ਮਲੇਛ ਭਾਸ਼ਾ ਵਿਰੁਧ ਅੰਦੋਲਨ ਨੂੰ ਵੇਖਿਆ ਜਾ ਸਕਦਾ ਹੈ ।

ਸਤਿਗੁਰੂ ਰਾਮ ਸਿੰਘ ਜੀ ਜਦੋਂ ਆਏ ਓਦੋਂ ਤਕ ਭਾਰਤ ਵਿਚ ਮੁਸਲਿਮ ਰਾਜ ਦਾ ਚਰਿਤ੍ਰ ਤਾਂ ਭਾਵੇਂ ਬਦਲ ਗਿਆ ਸੀ — ਅੰਗਰੇਜ਼ ਭਾਰਤ ਵਿਚ ਪਹੁੰਚ ਚੁਕਾ ਸੀ, ਪਰ ਭਾਰਤ ਦੀ ਸੰਸਕ੍ਰਿਤੀ ਉਤੇ ਹਮਲੇ ਦਾ ਸਿਲਸਿਲਾ ਬਾਕਾਇਦਗੀ ਨਾਲ ਚਲ ਹੀ ਰਿਹਾ ਸੀ ।

ਉਰਦੂ ਫ਼ਾਰਸੀ ਅੰਗਰੇਜ਼ਾਂ ਤੋਂ ਪਹਿਲਾਂ ਰਾਜ ਕਾਜ ਦੀ ਭਾਸ਼ਾ ਸੀ ਤੇ ਅਰਬੀ ਕੁਰਾਨ ਦੀ । ਇਹ ਤਿੰਨੇ ਭਾਸ਼ਾਵਾਂ ਹੀ ਭਾਰਤੀ ਭਾਸ਼ਾਵਾਂ ਨੂੰ ਦਬਾਈ ਰੱਖਣ ਵਿਚ ਜਾਂ ਖ਼ਤਮ ਹੀ ਕਰਣ ਵਿਚ ਜੁਟੀਆਂ ਹੋਈਆਂ ਸਨ।

ਇਨ੍ਹਾਂ ਦੇ ਨਾਲ ਨਾਲ ਹੀ ਭਾਰਤ ਵਿਚ ਅੰਗਰੇਜ਼ਾਂ ਦੇ

Namdhari Elibrary NamdhariElibrary@gmail.com

ਆਉਣ ਨਾਲ ਅੰਗਰੇਜ਼ੀ ਭਾਸ਼ਾ ਵੀ ਆ ਗਈ।

ਸਤਿਗੁਰੂ ਰਾਮ ਸਿੰਘ ਜੀ ਨੇ ਉਰਦੂ, ਫ਼ਾਰਸੀ ਤੇ ਅਰਬੀ ਦੇ ਨਾਲ ਨਾਲ ਹੀ ਅੰਗਰੇਜ਼ੀ ਸਾਮਰਾਜ ਦੇ ਨਾਲ ਆਈ ਉਸ ਦੇ ਰਾਜ ਕਾਜ ਦੀ ਭਾਸ਼ਾ ਅੰਗਰੇਜ਼ੀ ਦੇ ਖ਼ਿਲਾਫ਼ ਵੀ ਅੰਦੋਲਨ ਸ਼ੁਰੂ ਕੀਤਾ ਤੇ ਹਮਲਾਵਰ ਅੰਗਰੇਜ਼ਾਂ ਨੂੰ ਮਲੇਛ ਮੰਨਣ ਦੇ ਨਾਲ ਨਾਲ ਹੀ ਉਨ੍ਹਾਂ ਦੀ ਭਾਸ਼ਾ ਅੰਗਰੇਜ਼ੀ ਨੂੰ ਵੀ ਮਲੇਛ ਭਾਖਾ ਦੇ ਰੂਪ ਵਿਚ ਹੀ ਜਾਣਿਆ।

ਅੰਗਰੇਜ਼ੀ ਭਾਸ਼ਾ ਦਾ ਚਰਿਤਰ

ਹਾਲਾਂ ਕਿ ਅੰਗਰੇਜ਼ੀ ਭਾਸ਼ਾ ਦਾ ਚਰਿਤਰ ਅਰਬੀ ਫ਼ਾਰਸੀ ਤੇ ਉਰਦੂ ਵਾਂਗ ਮਜ਼ਹਬੀ ਚਰਿਤਰ ਨਹੀਂ ਸੀ। ਅਰਬੀ ਫ਼ਾਰਸੀ ਤੇ ਉਰਦੂ ਸ਼ੁਰੂ ਤੋਂ ਅੰਤ ਤਕ ਭਾਰਤ ਅੰਦਰ ਮੂਲ ਰੂਪ ਵਿਚ ਇਸਲਾਮਕ ਭਾਸ਼ਾ ਰਹੀਆਂ ਜਦੋਂ ਕਿ ਅੰਗਰੇਜ਼ਾਂ ਨੇ ਭਾਰਤ ਵਿਚ ਈਸਾਈਅਤ ਦਾ ਸਾਰਾ ਪਰਚਾਰ ਭਾਰਤ ਦੀਆਂ ਸਥਾਨਕ ਬੋਲੀਆਂ ਰਾਹੀਂ ਕੀਤਾ। ਅੰਗਰੇਜ਼ ਈਸਾਈ ਮਿਸ਼ਨਰੀਆਂ ਨੇ ਭਾਰਤ ਵਿਚ ਈਸਾਈਆਂ ਦੇ ਪਰਚਾਰ ਪਰਸਾਰ ਲਈ ਭਾਰਤ ਦੀਆਂ ਆਪਣੀਆਂ ਸਥਾਨਕ ਭਾਸ਼ਾਵਾਂ ਦਾ ਉੱਧਾਰ ਕੀਤਾ, ਉਨ੍ਹਾਂ ਨੂੰ ਬਣਾਨ ਸੰਵਾਰਣ ਵਿਚ ਤਗੜੀ ਮਿਹਨਤ ਕੀਤੀ, ਉਨ੍ਹਾਂ ਲਈ ਛਾਪੇ ਦੇ ਅੱਖਰ ਬਣਾਏ ਤੇ ਉਨ੍ਹਾਂ ਨੂੰ ਠੇਠ ਸਥਾਨਕ ਬੋਲ ਚਾਲ ਦੀ ਸਾਹਿਤਕ ਭਾਸ਼ਾ ਦਾ ਰੂਪ ਦੇਣ ਵਿਚ ਤਗੜਾ ਰੋਲ ਅਦਾ ਕੀਤਾ। ਅੰਗਰੇਜ਼ੀ ਭਾਸ਼ਾ ਨੂੰ ਅੰਗਰੇਜ਼ਾਂ ਨੇ ਆਪਣੇ ਰਾਜ ਕਾਜ ਦੀ ਭਾਸ਼ਾ ਦੇ ਰੂਪ ਵਿਚ ਚਲਾਇਆ।

ਇਸ ਦੇ ਮੁਕਾਬਲੇ ਵਿਚ ਅਰਬੀ ਫ਼ਾਰਸੀ ਤੇ ਉਰਦੂ ਹਾਕਮ ਭਾਸ਼ਾਵਾਂ ਦੇ ਨਾਲ ਨਾਲ ਮਜ਼ਹਬੀ ਗ਼ਲਬੇ ਅਤੇ ਭਾਰਤੀ ਸੰਸਕ੍ਰਿਤੀ ਉਤੇ ਜਬਰ ਦੀਆਂ ਭਾਸਾਵਾਂ ਦੇ ਰੂਪ ਵਿਚ ਚਲਦੀਆਂ ਰਹੀਆਂ।

ਪੰਜਾਬੀ ਭਾਸ਼ਾ ਦੀ ਸਭ ਤੋਂ ਵਡੀ ਦੁਸ਼ਮਣ

ਪੰਜਾਬ ਵਿਚ ਪੰਜਾਬੀ ਬੋਲੀ ਦੀ ਉਨਤੀ ਤੇ ਵਿਕਾਸ ਵਿਚ ਸਭ ਤੋਂ ਵਡੀ ਰੁਕਾਵਟ ਜੇ ਕੋਈ ਬੋਲੀ ਰਹੀ ਹੈ ਤਾਂ ਉਹ ਅਰਬੀ ਫ਼ਾਰਸੀ ਦੀ ਸੰਤਾਨ ਉਰਦੂ ਹੀ ਰਹੀ। ਪੰਜਾਬ ਵਿਚ ਇਸਲਾਮੀ ਪਸਾਰੇ ਦੇ ਨਾਲ ਨਾਲ ਹੀ ਉਰਦੂ ਦਾ ਪਸਾਰਾ ਵੀ ਹੋਇਆ ਅਤੇ ਵੇਖਿਆ ਗਿਆ ਹੈ ਕਿ ਪਹਿਲੇ ਦਸਾਂ ਵਿਚੋਂ ਸੱਤਾਂ ਗੁਰੂਆਂ ਨੇ ਉਸ ਇਸਲਾਮੀ ਹਮਲੇ ਦੇ ਟਾਕਰੇ ਲਈ ਗੁਰਮੁਖੀ ਅੱਖਰਾਂ ਵਿਚ ਭਾਰਤੀ ਸੰਸਕ੍ਰਿਤੀ ਤੇ ਵਿਚਾਰ-ਪਰੰਪਰਾ ਦੇ ਆਧਾਰ ਉਤੇ ਬਾਣੀ ਦੀ ਰਚਨਾ ਕਰ ਕੇ ਭਾਰਤੀ ਸੰਸਕ੍ਰਿਤੀ ਉਤੇ ਹਮਲੇ ਨੂੰ ਠਲ੍ਹ ਪਾਈ।

ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਤੋਂ ਪਹਿਲਾਂ ਦੇ ਗੁਰੂਆਂ ਦੀ ਓਸੇ ਸੰਸਕ੍ਰਿਤੀ ਪਰੰਪਰਾ ਨੂੰ ਅਗਾਂਹ ਵਧਾਉਂਦਿਆਂ ਹੋਇਆਂ ਗੁਰਬਾਣੀ ਦੇ ਪਾਠ ਦਾ ਹੋਕਾ ਦਿਤਾ। ਘਰ ਘਰ ਇਹ ਸੁਨੇਹਾ ਦਿਤਾ ਕਿ ਗੁਰਬਾਣੀ ਪੜ੍ਹੋ, ਹਰ ਮਾਈ ਭਾਈ, ਬੁੱਢਾ ਬਾਲਾ ਗੁਰਮੁਖੀ ਪੜ੍ਹੇ। ਇਸ ਮਨੋਰਥ ਲਈ ਆਪ ਨੇ ਗੁਰਬਾਣੀ ਦੇ ਗੁਟਕੇ ਤਿਆਰ ਕਰਵਾਏ। ਪੰਜ ਗ੍ਰੰਥੀ ਤੇ ਦਸ ਗ੍ਰੰਥੀ ਦੀ ਰੀਤ ਟੋਰੀ। ਸ੍ਰੀ ਆਦਿ ਗ੍ਰੰਥ ਸਾਹਿਬ ਜੋ ਕਿ ਮਲੇਛ ਪ੍ਰਭਾਵ ਕਾਰਨ ਲੋਕਾਂ ਦੀ ਯਾਦ ਅਤੇ ਨਜ਼ਰ ਤੋਂ ਓਹਲੇ ਹੋ ਗਏ ਸਨ, ਉਨ੍ਹਾਂ ਨੂੰ ਪ੍ਰਕਾਸ਼ ਵਿਚ ਲਿਆਂਦਾ। ਸ੍ਰੀ ਆਦਿ ਗ੍ਰੰਥ ਸਾਹਿਬ ਨੂੰ ਆਮ ਜਨਤਾ ਤਕ ਸੌਖਿਆਂ ਪੁਚਾਣ ਲਈ ਉਸ ਦੀ ਛਾਪੇ ਦੀ ਜਿਲਦ ਤਿਆਰ ਕਰਵਾਈ। ਆਪ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਨਾਲ ਨਾਲ ਸ੍ਰੀ ਦਸਮ ਗ੍ਰੰਥ ਦੇ ਪਾਠ ਦੀ ਰੀਤ ਵੀ ਟੋਰੀ ਅਤੇ ਉਸ ਗ੍ਰੰਥ ਦੀਆਂ ਕੁਝ ਕੁ ਬਾਣੀਆਂ ਨੂੰ ਰੋਜ਼ਾਨਾ ਪਾਠ ਦਾ ਅੰਗ ਬਣਾਇਆ।

ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬੀ ਬੋਲੀ ਦੇ ਹੱਕ ਵਿਚ ਅਤੇ ਅਰਬੀ, ਫ਼ਾਰਸੀ, ਉਰਦੂ ਤੇ ਅੰਗਰੇਜ਼ੀ ਦੇ ਖ਼ਿਲਾਫ਼ ਉਸ ਸਮੇਂ ਅੰਦੋਲਨ ਛੇੜਿਆ — ਜਦੋਂ ਮਹਾਰਾਜਾ ਰਣਜੀਤ ਸਿੰਘ ਤਕ ਨੇ ਉਰਦੂ ਫ਼ਾਰਸੀ ਨੂੰ ਆਪਣੇ ਖ਼ਾਲਸਾ ਰਾਜ ਦੀ ਰਾਜ ਭਾਸ਼ਾ ਦੀ ਮਰਯਾਦਾ ਬਖ਼ਸ਼ ਦਿਤੀ ਹੋਈ ਸੀ। ਮਹਾਰਾਜਾ ਰਣਜੀਤ ਸਿੰਘ ਦੀ ਇਸ ਕਿਰਪਾ ਦਾ ਅਸਰ ਇਹ ਹੋਇਆ ਕਿ ਪੰਜਾਬ ਵਿਚ ਮਲੇਛਾਚਾਰ ਪੂਰੇ ਜ਼ੋਰ ਨਾਲ ਵਧਿਆ ਫੁਲਿਆ। ਅਵਿਵੇਕ ਦੀਆਂ ਫ਼ੌਜਾਂ ਭਾਰੂ ਹੋ ਗਈਆਂ ਅਤੇ ਵਿਵੇਕ ਦੀਆਂ ਕਮਜ਼ੋਰ। ਨਤੀਜਾ ਜੋ ਹੋ ਸਕਦਾ ਸੀ ਓਹੋ ਹੀ ਹੋਇਆ। ਖੋਹਮਖੋਹੀ ਮਰ ਗਈ ਤੇ ਅੰਤ ਨੂੰ ਖ਼ਾਲਸਾ ਰਾਜ ਮਲੇਛ ਖ਼ਾਲਸੇ ਦੇ ਹੱਥੀਂ ਹੀ ਖੁੱਸ ਗਿਆ।

ਅਰਬੀ ਫ਼ਾਰਸੀ ਤੇ ਉਰਦੂ ਨੂੰ ਭਾਰਤ ਵਿਚ ਵਧਣ ਫੁਲਣ ਦਾ ਇਕ ਹਜ਼ਾਰ ਸਾਲ ਤਕ ਖੁਲ੍ਹਾ ਮੌਕਾ ਮਿਲਿਆ ਹੈ। ਪਰ ਅਸਚਰਜ ਹੈ ! ਕਿ ਇਨ੍ਹਾਂ ਵਿਚੋਂ ਕੋਈ ਵੀ ਭਾਸ਼ਾ ਭਾਰਤ ਦੇ ਲੋਕ ਜੀਵਨ ਵਿਚ ਜੜ੍ਹ ਨਹੀਂ ਜਮਾ ਸਕੀ। ਪੰਜਾਬ ਵਿਚੋਂ ਮੁਸਲਮਾਨਾਂ ਦੇ ਪਾਕਿਸਤਾਨ ਜਾਂਦਿਆਂ ਹੀ ਪੰਜਾਬ ਵਿਚ ਉਰਦੂ ਦਾ ਹਰਾਸ ਸ਼ੁਰੂ ਹੋ ਗਿਆ ਅਤੇ ਅੱਜ ਨਵੀਂ ਪੀੜ੍ਹੀ ਵਿਚ ਉਰਦੂ ਬੇਪਛਾਣ ਹੈ। ਕਲ੍ਹ ਤਕ ਦੇ ਪਾਕਿਸਤਾਨ ਦੇ ਵਡੇ ਹਿੱਸੇ ਪੂਰਬੀ ਬੰਗਾਲ ਵਿਚ ਉਰਦੂ ਦੇ ਖ਼ਿਲਾਫ਼ ਓਥੋਂ ਦੇ ਮੁਸਲਮਾਨਾਂ ਨੇ ਹੀ ਬਗ਼ਾਵਤ ਕੀਤੀ ਅਤੇ ਅਸਚਰਜ ਇਸ ਗੱਲ ਦਾ ਹੈ ਕਿ ਅੱਜ ਪਾਕਿਸਤਾਨੀ ਪੰਜਾਬ ਦੇ ਮੁਸਲਮਾਨ ਅਤੇ ਸਿੰਧ ਦੇ ਮੁਸਲਮਾਨ ਵੀ ਉਰਦੂ ਤੋਂ ਬਾਗ਼ੀ ਹੋ ਰਹੇ ਹਨ। ਉਰਦੂ ਦਾ ਨਾ ਭਾਰਤ ਵਿਚ

Namdhari Elibrary NamdhariElibrary@gmail.com

ਕੋਈ ਆਪਣਾ ਘਰ ਹੈ ਅਤੇ ਨਾ ਹੀ ਪਾਕਿਸਤਾਨ ਵਿਚ। ਇਹ ਮਲੇਛ ਹਮਲਾਵਰਾਂ ਨਾਲ ਆਈ, ਅਰਬੀ-ਫ਼ਾਰਸੀ ਤੋਂ ਜਨਮੀ ਅਤੇ ਮਲੇਛ ਹਮਲਾਵਰਾਂ ਦੀ ਵਿਦਾਈ ਦੇ ਨਾਲ ਨਾਲ ਹੀ ਖ਼ਤਮ ਹੋਣੀ ਸ਼ੁਰੂ ਹੋ ਗਈ। ਭਾਰਤ ਵਿਚ ਮੁਸਲਿਮ ਰਾਜ ਅਤੇ ਖ਼ਾਲਸਾ ਰਾਜ ਦੇ ਵਾਰਸ ਅੰਗਰੇਜ਼ਾਂ ਨੇ ਉਰਦੂ ਨੂੰ ਵੀ ਭਾਰਤ ਦੇ ਕੁਝ ਇਲਾਕਿਆਂ ਵਿਚ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ ਪਰ ਅੰਗਰੇਜ਼ਾਂ ਦੇ ਭਾਰਤ ਵਿਚੋਂ ਜਾਂਦਿਆਂ ਹੀ ਉਰਦੂ ਦੇ ਪ੍ਰਤੀ ਆਗ੍ਰਹਿ ਖ਼ਤਮ ਹੋ ਗਿਆ। ਹੁਣ ਉਰਦੂ ਨੂੰ ਕਾਇਮ ਰੱਖਣ ਲਈ ਕੇਵਲ ਓਹੋ ਤੱਤ ਕੋਸ਼ਿਸ਼ ਕਰ ਰਿਹਾ ਹੈ ਜਿਹੜਾ ਅੱਜ ਵੀ ਮਜ਼ਹਬੀ ਵਖਰੇਵੇਂ ਨੂੰ ਪਹਿਲ ਦੇਂਦਾ ਤੇ ਜਿਸ ਨੇ ੧੯੪੭ ਵਿਚ ਪਾਕਿਸਤਾਨ ਬਣਵਾਇਆ ਸੀ ਅਤੇ ਜਾਂ ਉਹ ਤੱਤ — ਜਿਸ ਦੀ ਸਿਆਸੀ ਦੁਕਾਨ ਮਜ਼ਹਬੀ ਘਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਦੇ ਨਾਮ ਉਤੇ ਚਲਦੀ ਹੈ।

ਪੰਜਾਬ ਵਿਚ ਅੱਜ ਜਿਸ ਪੰਜਾਬੀ ਭਾਸ਼ਾ ਦਾ ਪਸਾਰਾ ਹੋ ਰਿਹਾ ਹੈ, ਜਿਸ ਨੂੰ ਜੰਮਦਿਆਂ ਹੀ ਮਰਨ ਤੋਂ ਬਚਾਣ ਲਈ ਸਭ ਤੋਂ ਪਹਿਲਾਂ ਗੁਰੂ ਨਾਨਕ ਦੇਵ ਨੇ ਸੰਘਰਸ਼ ਕੀਤਾ ਤੇ ਫਿਰ ਆਪ ਦੀ ਗੱਦੀ ਦੇ ਦੂਜੇ ਵਾਰਸਾਂ ਨੇ। ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬੀ ਲਈ ਉਸ ਵੇਲੇ ਸੰਘਰਸ਼ ਕੀਤਾ ਜਦੋਂ ਬ੍ਰਾਹਮਣਾਂ, ਖਤਰੀਆਂ ਨੇ ਹੀ ਆਪਣਾ ਧਰਮ ਛਡ ਕੇ "ਮਲੇਛ ਭਾਖਿਆ ਗਹੀ" ਵਾਲੀ ਗੁਰੂ ਨਾਨਕ ਦੀ ਉਕਤੀ ਨੂੰ ਸਤਿ ਨਹੀਂ ਸੀ ਸਿੱਧ ਕਰ ਦਿਤਾ ਸਗੋਂ ਸਿੱਖ ਰਾਜੇ ਰਣਜੀਤ ਸਿੰਘ ਨੇ ਉਸ ਭਾਸ਼ਾ ਨੂੰ ਰਾਜ ਸਿੰਘਾਸਨ ਉਪਰ ਬਿਠਾ ਕੇ ਗੁਰੂ ਸਾਹਿਬਾਨ ਦੀ ਸੰਸਕ੍ਰਿਤੀ ਸੰਬੰਧੀ ਸਾਰੀ ਧਾਰਨਾ ਉੱਤੇ ਹੀ ਪਾਣੀ ਫੇਰ ਦਿਤਾ ਹੋਇਆ ਸੀ। ਉਰਦੂ ਫ਼ਾਰਸੀ ਵਧਦੀ ਵਧਦੀ ਅਕਾਲ ਤਖ਼ਤ ਤੋਂ ਜਾਰੀ ਹੋਣ ਵਾਲੇ ਫ਼ੁਰਮਾਨਾਂ ਦੀ ਭਾਸ਼ਾ ਤਕ ਪੱਸਰ ਚੁੱਕੀ ਸੀ ਤੇ ਓਧਰ ਪਰਤਾਪਸ਼ਾਲੀ ਅੰਗਰੇਜ਼ੀ ਸਾਮਰਾਜ ਦੀ ਬਦੌਲਤ ਅੰਗਰੇਜ਼ੀ ਭਾਸ਼ਾ ਰਾਜ ਕਾਜ ਵਿਚ ਆਪਣਾ ਪਸਾਰਾ ਕਰ ਰਹੀ ਸੀ।

ਸਤਿਗੁਰੂ ਨਾਨਕ ਨੇ ਪੰਜ ਸੌ ਸਾਲ ਪਹਿਲਾਂ ਸੰਸਕ੍ਰਿਤੀ ਦੀ ਰੱਖਿਆ ਲਈ ਜਿਹੜਾ ਅੰਦੋਲਨ ਸ਼ੁਰੂ ਕੀਤਾ ਸੀ ਅਤੇ ਜਿਸ ਨੂੰ ਸਤਿਗੁਰੂ ਰਾਮ ਸਿੰਘ ਜੀ ਨੇ ਅਰਬੀ, ਫ਼ਾਰਸੀ ਉਰਦੂ ਤੇ ਅੰਗਰੇਜ਼ੀ ਦੇ ਬਾਈਕਾਟ ਦਾ ਹੋਕਾ ਦੇ ਕੇ ਅਗਾਂਹ ਵਧਾਇਆ, ਉਹ ਅੰਦੋਲਨ ਅੱਜ ਸਫ਼ਲ ਹੋ ਚੁਕਾ ਹੈ। ਅਰਬੀ-ਫ਼ਾਰਸੀ ਆਪਣੇ ਆਪਣੇ ਦੇਸ਼ਾਂ ਦੀ ਭਾਸ਼ਾ ਹੀ ਰਹੀ ਹੈ ਅਤੇ ਉਰਦੂ ਦੇ ਖ਼ਿਲਾਫ਼ ਉਸ ਦੇ ਅਸਲ ਮੁਦੱਈਆਂ (ਪਾਕਿਸਤਾਨੀ ਮੁਸਲਮਾਨਾਂ) ਨੇ ਹੀ ਬਗਾਵਤ ਖੜੀ ਕਰ ਕੇ ਉਸ ਦੀ ਅਸਾਰਥਕਾ ਪਰਮਾਨਤ ਕਰ ਦਿਤੀ ਹੈ।

ਭਾਰਤੀ ਉਪਮਹਾਂਦੀਪ ਦਾ ਚੇਹਰਾ ਬਦਲ ਰਿਹਾ ਹੈ। ਬੰਗਲਾ ਦੇਸ਼ ਦੀ ਆਜ਼ਾਦੀ ਨਾਲ ਉਸ ਸਦੀਆਂ ਲੰਮੇ ਮਲੇਛ ਹਮਲੇ ਦਾ ਮੂੰਹ ਮੁੜ ਗਿਆ ਹੈ ਤੇ ਸੰਤੋਖ ਵਾਲੀ ਗੱਲ ਇਹ ਹੈ ਕਿ ਉਸ ਦਾ ਮੂੰਹ ਮੋੜਣ ਲਈ ਅੰਤਿਮ ਲੜਾਈ ਉਨ੍ਹਾਂ ਮੁਸਲਮਾਨਾਂ ਨੇ ਕੀਤੀ ਹੈ ਜਿਹੜੇ ਕਿਸੇ ਜ਼ਮਾਨੇ ਵਿਚ ਜ਼ੋਰ ਜਬਰ ਨਾਲ ਮੁਸਲਮਾਨ ਬਣਾਏ ਗਏ ਸਨ ਤੇ ਹਜ਼ਾਰ ਸਾਲ ਤਕ ਹਮਲਾਵਰਾਂ ਦੀ ਸੰਸਕ੍ਰਿਤੀ ਦੇ ਵਾਹਕ ਬਣੇ ਚਲੇ ਆ ਰਹੇ ਸਨ। ਅੱਜ ਉਨ੍ਹਾਂ ਦਾ ਚਰਿਤਰ ਬਦਲ ਰਿਹਾ ਹੈ। ਉਨ੍ਹਾਂ ਨੇ ਆਪਣੇ ਆਪ ਨੂੰ ਪਹਿਲੋਂ ਮੁਸਲਮਾਨ ਮੰਨਣ ਦੀ ਥਾਂ ਪਹਿਲਾਂ ਬੰਗਾਲੀ, ਪੰਜਾਬੀ, ਸਿੰਧੀ, ਬਲੋਚ ਤੇ ਪਖਤੂਨ ਮੰਨਣਾ ਸ਼ੁਰੂ ਕਰ ਦਿਤਾ ਹੈ। ਮਜ਼ਹਬੀ ਭਾਸ਼ਾ ਦੀ ਥਾਂ ਉਨ੍ਹਾਂ ਨੇ ਮਾਤ ਭਾਸ਼ਾ ਨੂੰ ਪਹਿਲ ਦੇਣੀ ਅਰੰਭ ਕਰ ਦਿਤੀ ਹੈ ਜਿਹੜੀ ਕਿ ਸੰਸਕ੍ਰਿਤੀ ਦੇ ਪੱਖ ਤੋਂ ਅੰਤ ਨੂੰ ਉਨ੍ਹਾਂ ਨੂੰ ਭਾਰਤੀ ਸੰਸਕ੍ਰਿਤੀ ਦੇ ਮੂਲ ਸੋਮੇ ਨਾਲ ਜੋੜਣ ਵਿਚ ਸਫ਼ਲ ਹੋਵੇਗੀ।

ਅੰਗਰੇਜ਼ੀ ਮਜ਼ਹਬੀ ਭਾਸ਼ਾ ਨਹੀਂ ਸੀ। ਉਹ ਪਹਿਲਾਂ ਅੰਗਰੇਜ਼ੀ ਸਾਮਰਾਜ ਦੇ ਰਾਜ ਪਸਾਰੇ ਦੀ ਭਾਸ਼ਾ ਸੀ ਅਤੇ ਅੱਜ ਵਿਗਿਆਨ ਦੀ ਭਾਸ਼ਾ ਹੈ। ਸਤਿਗੁਰੂ ਰਾਮ ਸਿੰਘ ਜੀ ਦਾ ਅੰਗਰੇਜ਼ੀ ਭਾਸ਼ਾ ਦੇ ਪ੍ਰਤੀ ਵਿਰੋਧ-ਭਾਵ ਉਸ ਦਾ ਅੰਗਰੇਜ਼ੀ ਸਾਮਰਾਜ ਦੇ ਪਸਾਰੇ ਦੀ ਵਾਹਕ ਭਾਸ਼ਾ ਕਾਰਨ ਸੀ। ਅੱਜ ਦੁਨੀਆਂ ਭਰ ਵਿਚੋਂ ਅੰਗਰੇਜ਼ੀ ਸਾਮਰਾਜ ਦਾ ਸੂਰਜ ਡੁਬ ਰਿਹਾ ਹੈ, ਪਰ ਅੰਗਰੇਜ਼ੀ ਭਾਸ਼ਾ ਦੀ ਵਿਦਾਈ ਦੇ ਲੱਛਣ ਅਜੇ ਸਪਸ਼ਟ ਨਹੀਂ ਹਨ। ਹਾਂ, ਏਨਾ ਜ਼ਰੂਰ ਹੈ ਕਿ ਹਰ ਦੇਸ਼ ਵਿਚ ਅਤੇ ਭਾਰਤ ਵਿਚ ਵੀ ਸਥਾਨਕ ਭਾਸਾਵਾਂ ਰਾਜ ਕਾਜ ਦੀਆਂ ਭਾਸ਼ਾਵਾਂ ਬਣਦੀਆਂ ਜਾ ਰਹੀਆਂ ਹਨ, ਅੰਗਰੇਜ਼ੀ ਨੂੰ ਹੋਲੀ ਹੋਲੀ ਰਾਜ ਕਾਜ ਵਿਚੋਂ ਬੇਦਖ਼ਲ ਕੀਤਾ ਜਾ ਰਿਹਾ ਹੈ — ਪਰ ਵਿਗਿਆਨ ਦੀ ਇਕ ਵਾਹਕ ਭਾਸ਼ਾ ਦੇ ਰੂਪ ਵਿਚ ਇਸ ਨੂੰ ਹਰ ਥਾਂ ਹੀ ਪ੍ਰਵਾਨਗੀ ਮਿਲ ਗਈ ਹੈ।

ਸਤਿਗੁਰੂ ਰਾਮ ਸਿੰਘ ਜੀ ਦਾ ਅੰਗਰੇਜ਼ੀ ਭਾਸ਼ਾ ਦੇ ਪ੍ਰਤੀ ਵਿਰੋਧ ਉਸ ਅਰਥ ਵਿਚ ਸਫ਼ਲ ਹੋ ਗਿਆ ਹੈ — ਜਿਸ ਅਰਥ ਵਿਚ ਇਹ ਅੰਗਰੇਜ਼ੀ ਸਾਮਰਾਜ ਦੀ ਵਾਹਕ ਭਾਸਾ ਸੀ ਤੇ ਹੁਣ ਅੰਗਰੇਜ਼ੀ ਸਾਮਰਾਜ ਦੀ ਵਿਦਾਈ ਦੇ ਨਾਲ ਨਾਲ ਹੀ ਅੰਗਰੇਜ਼ੀ ਭਾਸ਼ਾ ਵੀ ਰਾਜ ਕਾਜ ਵਿਚ ਸਥਾਨਕ ਭਾਸ਼ਾਵਾਂ ਲਈ ਥਾਂ ਖ਼ਾਲੀ ਕਰ ਕੇ ਵਿਦਾ ਹੋ ਰਹੀ ਹੈ।

Namdhari Elibrary NamdhariElibrary@gmail.com

ਨਾਮਧਾਰੀ ਲਹਿਰ ਦੀ ਮਹੱਤਤਾ

ਪ੍ਰੋ: ਜਸਵੰਤ ਸਿੰਘ 'ਜਸ' ਐਮ. ਏ., ਐਮ. ਐੱਡ

ਗੁਰਮਤ ਅਨੁਸਾਰ ਪਰਮਾਤਮਾ ਦੀ ਯਾਦ ਜਾਂ ਉਸ ਦਾ ਨਾਮ-ਜਾਪੁ ਸੰਸਾਰ ਦਾ ਕੇਂਦਰ ਤੇ ਧੁਰਾ ਮੰਨਿਆ ਗਿਆ ਹੈ। ਨਾਮ ਵਿਚ, ਅਨੇਕਾਂ ਦੀਪਾਂ, ਲੋਆਂ, ਮੰਡਲਾਂ, ਖੰਡਾਂ, ਬ੍ਰਹਮੰਡਾਂ ਨੂੰ ਧਾਰਨ ਕਰਨ, ਇਕ ਸੂਤ ਵਿਚ ਪਰੋਈ ਰੱਖਣ ਅਤੇ ਇਕ ਬੱਝਵੇਂ ਅਟੱਲ ਨੇਮ ਵਿਚ ਚਲਾਈ ਰੱਖਣ ਦੀ ਸ਼ਕਤੀ ਹੈ। ਕਲੂ ਕਾਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਨਾਮ' ਨੂੰ ਪ੍ਰਗਟ ਕਰ ਕੇ ਇਸ ਦਾ ਖੁਲ੍ਹਾ ਛੱਟਾ ਸੰਸਾਰ ਵਿਚ ਦਿਤਾ ਤੇ ਜਗਤ ਜਲੰਦੇ ਦੀ ਤਪਸ਼ ਮਿਟਾਈ। ਇਹ ਨਾਮ ਹੀ ਸਾਰੀਆਂ ਸ਼ਕਤੀਆਂ ਦਾ ਮੰਬਾ ਤੇ ਆਧਾਰ ਹੈ। ਗੁਰਵਾਕ ਹੈ :

ਨਾਮ ਕੇ ਧਾਰੇ ਸਗਲੇ ਜੰਤ ॥
ਨਾਮ ਕੇ ਧਾਰੇ ਖੰਡ ਬ੍ਰਹਮੰਡ ॥

ਸਮਾਂ ਪਾ ਕੇ ਸਿੱਖ ਗੁਰੂਆਂ ਦੀ ਸਰ ਜ਼ਮੀਨ ਪੰਜਾਬ ਉੱਤੇ ਇਕ ਅਜਿਹਾ ਸਮਾਂ ਆਇਆ ਜਦ ਕਿ ਉਨ੍ਹਾਂ ਦੇ ਪੈਰੋਕਾਰ ਸਿੱਖ, ਸੁਖਾਂ ਤੇ ਲਟਕਾਂ ਵਿਚ ਗਲਤਾਨ ਹੋ ਕੇ ਨਾਮ ਦਾ ਲੜ ਛੱਡ ਬੈਠੇ। ਕੌਮੀ ਜਥੇਬੰਦੀ ਖੇਰੂੰ ਖੇਰੂੰ ਹੋ ਗਈ। ਭਾਰਤ ਦੇਸ਼ ਨੇ ਬਦੇਸ਼ੀ ਅੰਗਰੇਜ਼ ਹਕੂਮਤ ਦੇ ਜੂਲੇ ਨੂੰ ਸਵੀਕਾਰ ਕਰ ਲਿਆ। ਭਾਰਤ ਦੀ ਸਭਿਅਤਾ, ਸੰਸਕ੍ਰਿਤੀ; ਬੀਰਤਾ ਤੇ ਧਰਮ-ਪ੍ਰਿਅਤਾ ਦਾ ਬੀਜ ਨਾਸ ਕਰਨ ਲਈ ਅੰਗਰੇਜ਼ ਨੇ ਆਪਣੀ ਦਮਨ ਨੀਤੀ ਨਾਲ ਭਾਰਤ ਵਾਸੀਆਂ ਉਤੇ ਵੱਡੇ ਤੋਂ ਵੱਡੇ ਜ਼ੁਲਮ ਢਾਹੇ ਅਤੇ ਕੌਮੀ ਜਜ਼ਬੇ ਨੂੰ ਕੁਚਲ ਕੇ ਰੱਖ ਦਿਤਾ।

ਸੰਨ ੧੮੪੯ ਈਸਵੀ ਵਿਚ ਪੰਜਾਬ ਨੂੰ ਆਪਣੇ ਰਾਜ ਵਿਚ ਸਾਮਲ ਕਰਨ ਦੀਆਂ ਖੁਸ਼ੀਆਂ ਮਨਾ ਰਹੇ ਅੰਗਰੇਜ਼ਾਂ ਨੂੰ ਕੀ ਪਤਾ ਸੀ ਕਿ ਜਿਸ ਕੌਮੀਅਤ ਤੇ ਸੰਸਕ੍ਰਿਤੀ ਨੂੰ ਉਹ ਖਤਮ ਕਰਨਾ ਚਾਹੁੰਦਾ ਹੈ, ਉਸ ਨੂੰ ਸੁਰਜੀਤ ਕਰਨ ਲਈ ਪੰਜਾਬ ਵਿਚ ਹੀ ਇਕ ਅਜਿਹੀ ਮਹਾਨ ਦੇਸ਼ ਭਗਤ ਹਸਤੀ ਜਨਮ ਲੈ ਕੇ ਤੇਤੀਏਂ ਸਾਲ ਵਿਚ ਪਰਵੇਸ਼ ਕਰ ਚੁਕੀ ਹੈ ਜੋ ਆਉਣ ਵਾਲੇ ਦੋ ਦਹਾਕਿਆਂ ਵਿਚ ਨਾ ਕੇਵਲ ਅੰਗਰੇਜ਼ਾਂ ਦਾ ਵਕਾਰ ਤੇ ਐਸ਼ਵਰਜ ਹੀ ਮਿੱਟੀ ਵਿਚ ਮਿਲਾ ਕੇ ਰੱਖ ਦੇਵੇਗੀ ਸਗੋਂ ਪੰਜਾਬੀਆਂ ਨੂੰ ਨਵਾਂ ਜੀਵਨ ਦੇ ਕੇ ਆਜ਼ਾਦੀ ਦਾ ਝੰਡਾ ਬਰਦਾਰ ਬਣਾ ਦੇਵੇਗੀ। ਇਹ ਮਹਾਨ ਹਸਤੀ ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਦੀ ਸੀ ਜਿਸ ਨੇ ਸਿੱਖ ਕੌਮ ਨੂੰ ਨਾ ਕੇਵਲ ਰੂਹਾਨੀ ਤੇ ਸਦਾਚਾਰਕ ਤੌਰ ਤੇ ਉੱਚਿਆਂ ਕੀਤਾ ਸਗੋਂ ਉਸ ਵਿਚ ਦੇਸ਼ ਪਿਆਰ ਦੀ ਅਗਨੀ ਪਰਜਵਲਤ ਕਰ ਕੇ ਭਾਂਬੜ ਬਾਲ ਦਿੱਤੇ। ਇਸ ਪੈਦਾ ਹੋਈ ਪਰਚਡ ਅਗਨੀ ਨੇ ਪੰਜਾਬ ਵਾਸੀਆਂ ਵਿਚੋਂ ਭਰਮ, ਵਹਿਮ, ਅੰਧ ਵਿਸ਼ਵਾਸ਼, ਅਗਿਆਨਤਾ, ਕਾਇਰਤਾ ਤੇ ਨਿਊਨਤਾ ਨੂੰ ਕੱਢ ਕੇ ਗਿਆਨ ਦੇ ਪਰਕਾਸ ਨਾਲ ਨੂਰੋ ਨੂਰ ਕਰ ਦਿੱਤਾ। ਸੁਤੰਤਰਤਾ ਦੀ ਲਹਿਰ ਦੇ ਹਿੱਸ ਚੁਕੇ ਦੀਵੇ ਨੂੰ ਆਤਮ ਬਲੀਦਾਨ ਦਾ ਤੇਲ ਪਾ ਕੇ ਪਰਚੰਡ ਕਰਨਾ ਅਤੇ ਹਾਲਾਤ ਦੇ ਨਾਮੁਆਫਿਕ ਹੁੰਦਿਆਂ ਵੀ, ਪੰਜਾਬ ਵਿਚ ਅੰਗਰੇਜ਼ਾਂ ਦੇ ਟਾਕਰੇ ਤੇ ਖੁਫੀਆ ਹਕੂਮਤ ਕਾਇਮ ਕਰਨੀ, ਬਾਬਾ ਰਾਮ ਸਿੰਘ ਜੀ ਦੇ ਕਾਰਨਾਮਿਆਂ ਵਿਚੋਂ ਇਕ ਅਦੁੱਤੀ ਮੋਅਜਜ਼ਾ ਸੀ।

ਮਹਾਰਾਜਾ ਰਣਜੀਤ ਸਿੰਘ ਜੀ ਦੇ ਸਰਬ-ਸਾਂਝੇ ਤੇ ਸਰਬ ਸੁਖਦਾਈ ਰਾਜ ਦੇ ਪਤਨ ਉਪਰੰਤ ਨਾ ਤਾਂ ਸਿਖਾਂ ਦੀ ਕੋਈ ਜਥੇਬੰਦੀ ਰਹੀ ਤੇ ਨਾ ਹੀ ਸਿੱਖੀ ਜੀਵਨ ਤੇ ਸਦਾਚਾਰ ਦੀ ਝਲਕ ਵਿਖਾਈ ਦੇਂਦੀ ਸੀ। ਸਿੱਖ ਰਾਜਸੀ ਤੌਰ ਤੇ ਅੰਗਰੇਜ਼ਾਂ ਦੇ ਅਧੀਨ ਹੋਣ ਦੇ ਨਾਲ ਨਾਲ ਆਤਮਕ ਤੇ ਮਾਨਸਿਕ ਤੌਰ ਤੇ ਵੀ ਗੁਲਾਮ ਹੋ ਚੁਕੇ ਸਨ ਅਤੇ ਮੁੜ ਪੁਰਾਤਨ ਹਿੰਦੂ ਰੀਤਾਂ ਵਿਚ ਵਿਸ਼ਵਾਸ਼ ਰੱਖਣ ਲੱਗ ਪਏ ਸਨ। ਗੁਰਦੁਆਰਿਆ ਤੇ ਇਤਿਹਾਸਿਕ ਸਿੱਖ ਅਸਥਾਨਾਂ ਵਿਚ ਦੰਭੀ ਪੁਜਾਰੀਆਂ ਦਾ ਬੋਲਬਾਲਾ ਹੋ ਗਿਆ ਸੀ।

ਆਮ ਚਾਲਾਕ ਤੇ ਸ਼ੈਤਾਨ ਅੰਗ੍ਰੇਜ਼ ਨੂੰ ਪਤਾ ਸੀ ਕਿ ਜੇ ਸਿੱਖ ਕੌਮ ਦਾ ਧਰਮ ਜੀਂਦਾ ਰਿਹਾ ਤਾਂ ਆਪਿ ਭੀ ਜੀਂਦੀ ਰਹੇਗੀ॥ ਆਪ ਜੀਂਦੀ ਰਹੀ ਤਾਂ ਸਾਡੇ ਰਾਜ ਦਾ ਰੋਬ੍ਹ ਨਹੀਂ ਜਮ ਸਕੇਗਾ-ਅਸੀਂ ਬਹੁਤ ਦੇਰ ਰਾਜ ਨਹੀਂ ਕਰ ਸਕਾਂਗੇ॥

Namdhari Elibrary NamdhariElibrary@gmail.com

ਸਮਾਜਿਕ ਮਸਲਿਆਂ ਦੀ ਗਿਰਾਵਟ

ਮਹੰਤਾਂ, ਸੋਢੀਆਂ, ਬੇਦੀਆਂ ਤੇ ਉਦਾਸੀਆਂ ਆਦਿ ਸੰਪ੍ਰਦਾਵਾਂ ਨੇ ਥਾਉਂ ਥਾਈਂ ਆਪਣੀਆਂ ਗੱਦੀਆਂ ਕਾਇਮ ਕਰ ਲਈਆਂ ਸਨ। ਸਿੱਖਾਂ ਵਿਚ ਉਹ ਸਾਰੇ ਭਰਮ, ਵਹਿਮ ਤੇ ਕੁਰੀਤੀਆਂ ਪਰਵੇਸ਼ ਕਰ ਗਈਆਂ ਸਨ ਜਿਨ੍ਹਾਂ ਨੂੰ ਸਿੱਖ ਗੁਰੂਆਂ ਤੇ ਸ਼ਹੀਦ ਸਿੰਘਾਂ ਨੇ ਬੜੀਆਂ ਘਾਲਾਂ ਘਾਲ ਕੇ ਤੇ ਕੁਰਬਾਨੀਆਂ ਕਰ ਕੇ ਦੂਰ ਕੀਤਾ ਸੀ। ਕੌਮ ਦੀ ਇਸ ਅਧੋਗਤੀ ਨੂੰ ਨਾ ਸਹਾਰਦਿਆਂ ਹੋਇਆਂ ਬਾਬਾ ਰਾਮ ਸਿੰਘ ਜੀ ਨੇ ਸੰਨ ੧੮੫੭ ਦੀ ਵਸਾਖੀ ਵਾਲੇ ਦਿਨ ਨਗਰ ਭੈਣੀ ਜ਼ਿਲ੍ਹਾ ਲੁਧਿਆਣਾ ਵਿਖੇ ਸਿੱਖ ਸੰਗਤਾਂ ਦਾ ਇਕੱਠ ਕੀਤਾ ਤੇ ਚੋਣਵੇਂ ਸਿੰਘਾਂ ਨੂੰ ਅੰਮ੍ਰਿਤ ਛਕਾ ਕੇ, ਗਿਆਨੀ ਗਿਆਨ ਸਿੰਘ ਕਰਤਾ ਪੰਥ ਪ੍ਰਕਾਸ਼ ਦੇ ਸ਼ਬਦਾਂ ਵਿਚ ਹੇਠ ਲਿਖੀ ਸਿਖਿਆ ਦਿੱਤੀ :

ਪਾਇ ਇਹ ਹੁਕਮ ਪ੍ਰਮੇਸ਼ ਕਾ ਵਿਸ਼ੇਸ਼ ਫਿਰ,
ਰਾਮਮ੍ਰਿਗੇਸ਼ ਉਪਦੇਸ਼ ਦੇਨ ਲਾਗਯੋ।
ਫੈਲਯੋ ਜਸ ਭਾਰੀ ਸਿੱਖ ਥੀਏ ਤਾਹਿ ਕੇ ਅਪਾਰੀ,
ਸਿੰਘ ਪੰਥ ਬ੍ਰਿਧਾਨੋਂ ਨਾਮ ਰਸ ਪਾਗਯੋ।
ਹੁਕੇ ਛੁਡਵਾਏ,
ਰੱਖਵਾਏ ਕੇਸ ਮੋਨਯੋਂ ਕੇ,
ਸੁਧਾ ਛਕ ਥੀਏ ਸਿੰਘ ਭਾਗ ਜਿਨ ਜਾਗਯੋ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ ਠੱਗੀ ਤਜ
ਥੀਏ ਸੰਤ ਸਤਿਜੁਗ ਆ ਗਯੋ।

ਬਾਬਾ ਜੀ ਨੇ ਸਿੱਖਾਂ ਨੂੰ ਆਪਸ ਵਿਚ ਪਿਆਰ ਨਾਲ ਮਿਲ ਬੈਠਣ, ਰੋਜ਼ਾਨਾ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਣ, ਢੋਲਕ, ਛੈਣੇ ਖੜਤਾਲਾਂ ਆਦਿ ਸਾਜ਼ਾਂ ਨਾਲ ਸਧਾਰਨ ਧਾਰਨਾ ਰਾਹੀਂ ਜੋਸ਼ ਨਾਲ ਸ਼ਬਦ ਕੀਰਤਨ ਕਰਨ, ਨਾਮ ਜਪਣ ਅਤੇ ਮਾਲਾ ਨਾਲ ਭਜਨ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਇਹ ਨਾਮਧਾਰੀ ਲਹਿਰ ਦਾ ਮੁੱਢ ਸੀ। ਫੇਰ ਬਾਬਾ ਜੀ ਨੇ ਪੰਜਾਬ ਦਾ ਦੌਰਾ ਅਰੰਭ ਦਿੱਤਾ। ਸ਼ੇਖੂਪੁਰੇ ਤੇ ਸਿਆਲਕੋਟ ਦੇ ਜ਼ਿਲੇ, ਪਸਰੂਰ, ਉਗੋਚੱਕ, ਵਜ਼ੀਰਾਬਾਦ, ਮਾਨਾਵਾਲੀ ਆਦਿ ਕੇਂਦਰਾਂ ਦੇ ਦੀਵਾਨਾਂ ਵਿਚ ਹਜ਼ਾਰਾਂ ਮਰਦ ਇਸਤਰੀਆਂ ਅੰਮ੍ਰਿਤ ਛਕ ਕੇ ਤਿਆਰ ਬਰਤਿਆਰ ਨਾਮਧਾਰੀ ਸਿੰਘ ਸਜ ਗਏ। ਸਾਰੇ ਪੰਜਾਬ ਵਿਚ ਬਾਬਾ ਜੀ ਦੇ ਪਰਚਾਰ ਦਾ ਗੋਗਾ ਫਿਰ ਗਿਆ। ਨਾਮਧਾਰੀ ਸਜੇ ਸਿੰਘਾਂ ਵਿਚ ਸੁਧਾਰ ਦਾ ਅਥਾਹ ਜੋਸ਼ ਠਾਠਾਂ ਮਾਰਨ ਲੱਗ ਪਿਆ। ਇਹ ਸਤਰਾਂ ਹਰੇਕ ਨਾਮਧਾਰੀ ਦੀ ਜ਼ਬਾਨ ਤੋਂ ਸੁਣੀਆਂ ਜਾਂਦੀਆਂ ਸਨ :

ਮੜ੍ਹੀ ਮਸਾਣੀ ਢਾਹ ਕੇ ਕਰ ਦਿਉ ਮੈਦਾਨਾ।
ਪੈਲ੍ਹਾਂ ਪਾਂਧਾ ਪੀਰ ਫਿਰ ਮਾਰੋ ਸੁਲਤਾਨਾ।
ਉਮਤ ਸਭ ਮੁਹੰਮਦੀ ਖਪ ਜਾਇ ਮੈਦਾਨਾ।
ਸੁੰਨਤ ਕੋਇ ਨ ਕਰ ਸਕੇ, ਕੰਬਨ ਤੁਰਕਾਨਾ।
ਭੈਣੀ ਸਤਿਗੁਰੂ ਜਾਗਿਆ, ਹੋਰ ਝੂਠ ਜਹਾਨਾ।

ਇਸ ਅਠੱਲ੍ਹਵੇ ਜੋਸ਼ ਨੇ ਅੰਗਰੇਜ਼ਾਂ ਵਲੋਂ ਖੋਲ੍ਹੇ ਗਏ ਗਊਆਂ ਦੇ ਬੁੱਚੜ੍ਹ ਖਾਨਿਆਂ ਵਿਰੁਧ ਜਜ਼ਬਾ ਪੈਦਾ ਕਰ ਦਿਤਾ। ਅੰਗਰੇਜ਼ੀ ਚੀਜ਼ਾਂ ਦੇ ਬਾਈਕਾਟ ਤੇ ਅੰਗਰੇਜ਼ਾਂ ਨਾਲ ਨਾਮਿਲਵਰਤਨ ਦੀ ਲਹਿਰ ਜ਼ੋਰ ਫੜਦੀ ਗਈ। ਨਾਮਧਾਰੀਆਂ ਨੇ ਆਪਣੀਆਂ ਸਥਾਨਕ ਪੰਚਾਇਤਾਂ ਤੇ ਜਥੇਬੰਦੀਆਂ ਬਣਾ ਲਈਆਂ। ਹਰੇਕ ਪਿੰਡ ਦੀ ਆਪਣੀ ਨਾਮਧਾਰੀ ਪੰਚਾਇਤ, ਉਸ ਦੇ ਉਤੇ 'ਪਟੜੀ ਪੰਚਾਇਤ' ਅਤੇ ਉਸ ਦੇ ਉਤੋਂ ਦੀ 'ਤਪਾ ਪੰਚਾਇਤ' ਵਜੂਦ ਵਿਚ ਆਈ। ਬਾਬਾ ਜੀ ਨੇ ਆਪਣੇ ਬਾਈ ਬਲਵਾਨ ਸੂਬੇ ਤੇ ਬਹੁਤ ਸਾਰੇ ਨਾਇਬ ਸੂਬੇ ਚੁਣੇ ਹੋਏ ਸਨ ਜੋ ਆਪੋ ਆਪਣੇ ਇਲਾਕਿਆਂ ਦੀ ਨਾਮਧਾਰੀ ਸੰਗਤ ਦੇ ਝਗੜੇ ਨਿਬੇੜਦੇ, ਅਪੀਲਾਂ ਸੁਣਦੇ, ਅਗਵਾਈ ਕਰਦੇ ਤੇ ਜਥੇਬੰਦੀ ਦੇ ਅਸੂਲਾਂ ਤੇ ਪ੍ਰੋਗਰਾਮਾਂ ਉਤੇ ਵਰਤੋਂ ਕਰਵਾਉਂਦੇ ਸਨ।

ਬਾਬਾ ਰਾਮ ਸਿੰਘ ਜੀ ਇਕ ਤਗੜੇ ਸਮਾਜ ਸੁਧਾਰਕ ਸਨ। ਉਹ ਪੰਜਾਬ ਵਿਚੋਂ ਪੁਰਾਤਨ ਸਮੇਂ ਤੋਂ ਚਲੀਆਂ ਆ ਰਹੀਆਂ ਭੈੜੀਆਂ ਰਸਮਾਂ ਦਾ ਜ਼ੋਰਦਾਰ ਖੰਡਨ ਕਰਦੇ ਸਨ ਅਤੇ ਆਪਣੇ ਸ਼ਰਧਾਲੂਆਂ ਨੂੰ ਪਿਆਰ ਨਾਲ ਸਮਝਾ ਬੁਝਾ ਕੇ ਅਤੇ ਅੰਤ ਵਿਚ ਸਖ਼ਤੀ ਨਾਲ ਵੀ ਉਨ੍ਹਾਂ ਦਾ ਤਿਆਗ ਕਰਨ ਲਈ ਕਹਿੰਦੇ ਹੁੰਦੇ ਸਨ। ਉਹ ਅਜਿਹੇ ਸਮਾਜ ਨੂੰ ਕਦੀ ਵੀ ਸਵੀਕਾਰ ਕਰਨ ਨੂੰ ਤਿਆਰ ਨਹੀਂ ਸਨ ਜਿਸ ਵਿਚ ਇਸਤਰੀ ਜਾਤੀ ਨਿਰਬਲ, ਕਮਜ਼ੋਰ ਤੇ ਅਬਲਾ ਸਮਝੀ ਜਾਂਦੀ ਹੋਵੇ ਅਤੇ ਪਸ਼ੂਆਂ ਵਾਂਗ ਵਟਾਈ ਤੇ ਵੇਚੀ ਜਾਂਦੀ ਹੋਵੇ। ਉਨ੍ਹਾਂ ਦੀ ਇਕ ਪੱਤਰਕਾ ਦੀ ਲਿਖਤ ਇਸ ਪਰਕਾਰ ਹੈ :

"..... ਅਗੇ ਜੋ ਲੜਕੀ ਮਾਰੇ ਤੇ ਲੜਕੀ ਬੇਚ ਦੇਨੇ ਕਾ ਬੜਾ ਪਾਪ ਹੈ। ਕੁੜੀਆਂ ਦਾ ਮਾਰਨਾ ਗਊ ਤੋਂ ਵੀ ਬਡਾ ਪਾਪ ਹੈ। ਜੋ ਲੜਕੀ ਮਾਰੇ ਜਾਂ ਬੇਚੇ, ਬੱਟਾ ਕਰੇ, ਉਸ ਦੇ ਨਾਲ ਨਹੀਂ ਸੰਗਤ ਨੇ ਬਰਤਨਾ, ਨਾ ਉਸ ਦੇ ਹੱਥ ਦਾ ਜਲ ਪਾਨ ਕਰਨਾ।"

ਨਾਮਧਾਰੀਆਂ ਵਿਚ ਗਊ ਗਰੀਬ ਦੀ ਰਖਿਆ ਲਈ ਬੁੱਚੜਾਂ ਦੇ ਵਿਰੁਧ ਬੜਾ ਗੁੱਸਾ ਅਤੇ ਰੋਹ ਸੀ, ਜਿਸ ਦਾ ਫਲ ਰੂਪ ਕੁਝ ਨਾਮਧਾਰੀਆਂ ਨੇ ਅੰਮ੍ਰਿਤਸਰ ਵਿਚ ੧੪ ਜੂਨ ਸੰਨ ੧੮੭੧ ਦੀ ਰਾਤ ਨੂੰ ਬੁੱਚੜਾਂ ਉਤੇ ਹੱਲਾ ਬੋਲ ਦਿਤਾ ਤੇ ਚਾਰ ਬੁੱਚੜਾਂ ਨੂੰ ਕਤਲ ਕਰ ਦਿਤਾ। ਇਕ ਮਹੀਨਾ ਪਿੱਛੋਂ ਪਿੰਡ

Namdhari Elibrary NamdhariElibrary@gmail.com

ਰਾਇਕੋਟ ਜ਼ਿਲਾ ਲੁਧਿਆਣਾ ਵਿਚ ਵੀ ਕੁਝ ਬੁੱਚੜ ਵੱਢੇ ਗਏ। ੧੫ ਜੁਲਾਈ ਨੂੰ ਨਾਮਧਾਰੀਆਂ ਦੇ ਇਕ ਜੱਥੇ ਨੇ ਮਲੇਰ-ਕੋਟਲੇ ਉਤੇ ਧਾਵਾ ਬੋਲ ਦਿਤਾ। ਅਹਿਮਦ ਖ਼ਾਂ ਕੋਤਵਾਲ ਤੇ ਸੱਤ ਸਿਪਾਹੀ ਟਾਕਰਾ ਕਰਦੇ ਹੋਏ ਮਾਰੇ ਗਏ। ਪੰਦਰਾਂ ਆਦਮੀ ਜ਼ਖ਼ਮੀ ਹੋਏ। ਸੱਤ ਨਾਮਧਾਰੀਏ ਵੀ ਸ਼ਹੀਦ ਹੋ ਗਏ। ਇਨ੍ਹਾਂ ਉਤੋੜੱਤੀ ਵਾਪਰਣ ਵਾਲੀਆਂ ਹਿੰਸਕ ਘਟਨਾਵਾਂ ਤੋਂ ਅੰਗਰੇਜ਼ੀ ਸਰਕਾਰ ਹਰਕਤ ਵਿਚ ਆਈ। ੧੬ ਜਨਵਰੀ ਸੰਨ ੧੮੭੨ ਨੂੰ ੬੮ ਨਾਮਧਾਰੀਆਂ ਦਾ ਜੱਥਾ ਫੜਿਆ ਗਿਆ ਤੇ ਮਲੇਰਕੋਟਲੇ ਦੇ ਮੈਦਾਨ ਵਿਚ ਇਕ ਇਕ ਕਰ ਕੇ ਤੋਪਾਂ ਨਾਲ ਉਡਾਏ ਗਏ। ਬਾਬਾ ਰਾਮ ਸਿੰਘ ਜੀ ਨੂੰ ਲੁਧਿਆਣੇ ਪੇਸ਼ ਹੋਣ ਲਈ ਕਿਹਾ ਗਿਆ ਜਿਥੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਦੇਸ਼ ਨਿਕਾਲਾ ਦੇਣ ਲਈ ਸਪੈਸ਼ਲ ਗੱਡੀ ਰਾਹੀਂ ਅਲਾਹਾਬਾਦ ਭੇਜ ਦਿਤਾ। ਅਲਾਹਬਾਦ ਪੰਜਾਬ ਦੇ ਨੇੜੇ ਹੋਣ ਕਰ ਕੇ ਆਪ ਨੂੰ ੧੬ ਮਾਰਚ ੧੮੭੨ ਨੂੰ ਰੰਗੂਨ (ਬਰਮਾ) ਵਿਚ ਨਜ਼ਰਬੰਦ ਕਰ ਦਿਤਾ। ਆਪ ਦੇ ਪ੍ਰਮੁਖ ਸੂਬਿਆਂ ਨੂੰ ਅਦਨ, ਬਰਮਾ, ਯੂ. ਪੀ. ਤੇ ਕਿਲਾ ਅਸੀਰਗੜ੍ਹ (ਬੰਬਈ ਪ੍ਰੈਜ਼ੀਡੈਂਸੀ) ਆਦਿ ਥਾਵਾਂ ਤੇ ਜਲਾਵਤਨ ਕਰ ਦਿਤਾ ਗਿਆ।

ਬਾਬਾ ਰਾਮ ਸਿੰਘ ਜੀ ਤੇ ਉਨ੍ਹਾਂ ਦੀ ਸ਼ਰਧਾਲੂ ਨਾਮਧਾਰੀ ਜਥੇਬੰਦੀ ਅੰਗਰੇਜ਼ੀ ਸਾਮਰਾਜ ਦੀ ਕੱਟੜ ਵਿਰੋਧੀ ਸੀ। ਬਾਬਾ ਜੀ ਨੇ ਉਨ੍ਹਾਂ ਨੂੰ ਸਾਦਗੀ, ਸੁਵੱਛਤਾ, ਭਜਨ, ਸਿਮਰਨ, ਸੰਗਤ ਪੰਗਤ, ਸੰਜਮ, ਤਿਆਗ ਤੇ ਪਰਉਪਕਾਰ ਦੇ ਨਾਲ ਨਾਲ ਦੇਸ਼ ਉਤੇ ਅੰਗਰੇਜ਼ਾਂ ਵਲੋਂ ਪਾਈ ਗਈ ਗ਼ੁਲਾਮੀ ਦੀ ਛਟ ਨੂੰ ਲਾਹੁਣ ਲਈ ਭਰਪੂਰ ਉਪਰਾਲੇ ਕੀਤੇ। ਉਨ੍ਹਾਂ ਵਲੋਂ ਅੰਗਰੇਜ਼ੀ ਅਦਾਲਤਾਂ, ਰੇਲਾਂ, ਡਾਕ, ਤਾਰ, ਦਵਾਈਆਂ ਅਤੇ ਬਦੇਸ਼ੀ ਚੀਜ਼ਾਂ ਆਦਿ ਦਾ ਬਿਲਕੁਲ ਬਾਈਕਾਟ ਕੀਤਾ ਗਿਆ, ਸੁਤੰਤਰਤਾ ਸੰਗਰਾਮ ਦੇ ਇਸ ਪ੍ਰੋਗਰਾਮ ਵਿਚ ਗੁਪਤ ਫ਼ੌਜੀ ਜਥੇਬੰਦੀ, ੧੮੫੭ ਦੇ ਗ਼ਦਰੀ ਇਨਕਲਾਬ ਵਿਚ ਹਿੱਸਾ ਲੈਣ ਵਾਲੇ ਆਗੂਆਂ ਨਾਲ ਤਾਲਮੇਲ ਤੇ ਬਦੇਸ਼ੀ ਰਾਜਾਂ ਨਾਲ ਸੰਬੰਧ ਕਾਇਮ ਕਰਨ ਦੇ ਯਤਨ ਸ਼ਾਮਲ ਸਨ। ਨਾਮਧਾਰੀਏ ਇਹ ਤੁਕ ਐਲਾਨੀਆਂ ਗਾਉਂਦੇ ਸਨ :

ਅਸਾਂ ਹਿੰਦ ਵਿਚ ਗ਼ਦਰ ਮਚਾਉਣਾ,
ਕੱਢਣਾ ਫ਼ਰੰਗੀਆਂ ਨੂੰ।

ਅਤੇ

ਚੁੱਕ ਲੈ ਫ਼ਰੰਗੀਆ ਡੇਰਾ, ਖ਼ਾਲਸੇ ਨੇ ਰਾਜ ਕਰਨਾ।

ਬਾਬਾ ਜੀ ਦਾ ਇਕ ਸ਼ਰਧਾਲੂ ਸੇਵਕ ਬਿਸ਼ਨ ਸਿੰਘ ਸੀ ਜੋ ਅਰਬੀ, ਫ਼ਾਰਸੀ ਤੇ ਪਸ਼ਤੋ ਦਾ ਵਿਦਵਾਨ ਸੀ। ਬਾਬਾ ਜੀ ਨੇ ਇਸ ਨੂੰ ਅਮੀਰ ਕਾਬਲ (ਅਫ਼ਗਾਨਿਸਤਾਨ) ਪਾਸ ਬਤੌਰ ਸਫ਼ੀਰ ਬਣਾ ਕੇ ਭੇਜਿਆ ਜੋ ਕਾਬਲ ਵਿਚ ਰਹਿ ਕੇ ਬਾਬਾ ਜੀ ਦੇ ਸੰਬੰਧ ਰੂਸ ਨਾਲ ਵੀ ਕਾਇਮ ਰਖਦਾ ਸੀ। ਬਿਸ਼ਨ ਸਿੰਘ ਕੁਝ ਸਾਲ ਕਾਬਲ ਰਹਿਣ ਤੋਂ ਪਿੱਛੋਂ ਰੂਸ ਜਾ ਪੁੱਜਾ। **ਇਨ੍ਹੀਂ ਦਿਨੀਂ ਕਾਬਲ ਦੇ ਸ਼ਾਹੀ ਘਰਾਣੇ ਨਾਲ ਸੰਬੰਧ ਰਖਣ ਵਾਲੇ ਦੋ ਸ਼ਾਹਜ਼ਾਦੇ ਬਾਬਾ ਜੀ ਪਾਸ ਭੈਣੀ ਸਾਹਿਬ ਪੁੱਜੇ।** ਇਸ ਗੱਲ ਦਾ ਪਤਾ ਲੱਗਣ ਪਰ ਅੰਗਰੇਜ਼ ਬੜੇ ਘਬਰਾਏ। ਕਸ਼ਮੀਰ ਦਾ ਮਹਾਰਾਜਾ ਰਣਬੀਰ ਸਿੰਘ, ਅੰਗਰੇਜ਼ਾਂ ਨਾਲ ਕੀਤੇ ਗਏ ਸੰਧੀਨਾਮੇ ਨਾਲੋਂ ਵਧੇਰੇ ਅੰਗਰੇਜ਼ੀ ਦਖ਼ਲ ਨੂੰ ਬੁਰਾ ਮਨਾਉਂਦਾ ਸੀ, ਪਰ ਅੰਗਰੇਜ਼ ਅੰਤਰਰਾਸ਼ਟਰੀ ਹਾਲਾਤ ਨੂੰ ਨਜ਼ਰ ਵਿਚ ਰਖਦੇ ਹੋਏ ਕਸ਼ਮੀਰ ਨੂੰ ਆਪਣੇ ਹੱਥਾਂ ਵਿਚ ਰਖਣਾ ਚਾਹੁੰਦੇ ਸਨ। ਅੰਗਰੇਜ਼ਾਂ ਨੇ ਆਪਣੇ ਰੈਜ਼ੀਡੈਂਟ ਰਾਹੀਂ ਰਿਆਸਤ ਦੇ ਵੱਡੇ ਵਜ਼ੀਰ, ਦੀਵਾਨ ਕਿਰਪਾ ਰਾਮ ਨੂੰ ਆਪਣੇ ਪੱਖ ਵਿਚ ਕੀਤਾ ਹੋਇਆ ਸੀ ਜੋ ਮਹਾਰਾਜੇ ਦੀ ਕੋਈ ਪੇਸ਼ ਨਹੀਂ ਸੀ ਜਾਣ ਦਿੰਦਾ। ਦੂਜੇ ਪਾਸੇ ਮਹਾਰਾਜਾ ਗੁਲਾਬ ਸਿੰਘ ਦੇ ਗੁਰੂ, ਵੇਦਾਂਤੀ ਜੀ, ਮਹਾਰਾਜ ਰਣਬੀਰ ਸਿੰਘ ਦੇ ਨਿੱਜੀ ਸਲਾਹਕਾਰ ਸਨ। ਵੇਦਾਂਤੀ ਜੀ ਸੁਤੰਤਰ ਖ਼ਿਆਲਾਂ ਦੇ ਸਨ ਤੇ ਅੰਗਰੇਜ਼ ਨੀਤੀ ਦੀ ਕਰੜੀ ਟੀਕਾ ਟਿਪਣੀ ਕਰਨ ਵਾਲੇ ਬੰਦੇ ਸਨ। ਆਪ ਬਾਬਾ ਰਾਮ ਸਿੰਘ ਜੀ ਦਾ ਬੜਾ ਸਤਿਕਾਰ ਕਰਦੇ ਸਨ। ਵੇਦਾਂਤੀ ਜੀ ਦੀਆਂ ਸ਼ੁਭ ਇੱਛਾਵਾਂ ਦਾ ਸਦਕਾ ਸੰਨ ੧੮੬੯ ਦੀਆਂ ਗਰਮੀਆਂ ਵਿਚ ਤੀਹ ਪੈਂਤੀ ਨਾਮ-ਧਾਰੀਏ, ਸਰਦਾਰ ਹੀਰਾ ਸਿੰਘ ਸਢੋਰਾ (ਅੰਬਾਲਾ) ਦੀ ਅਗਵਾਈ ਹੇਠ ਜੰਮੂ ਪਹੁੰਚ ਕੇ ਮਹਾਰਾਜਾ ਰਣਬੀਰ ਸਿੰਘ ਨੂੰ ਮਿਲੇ ਤੇ ਉਸ ਦੀ ਡੋਗਰਾ ਫ਼ੌਜ ਵਿਚ ਭਰਤੀ ਹੋਣ ਦੀ ਇੱਛਾ ਪਰਗਟ ਕੀਤੀ। ਇਹ ਤਾਲ ਮੇਲ ਇੰਨਾ ਸਫ਼ਲ ਰਿਹਾ ਕਿ ਮਹਾਰਾਜੇ ਨੇ ਸਰਦਾਰ ਹੀਰਾ ਸਿੰਘ ਦੀ ਕਮਾਨ ਹੇਠ ਇਕ ਵੱਖਰੀ ਕੂਕਾ (ਨਾਮਧਾਰੀ) ਪਲਟਨ ਖੜੀ ਕਰ ਦਿਤੀ। ਇਸ ਪਲਟਨ ਵਿਚ ਭਰਤੀ ਹੋਣ ਸਮੇਂ ਹਰੇਕ ਨਾਮਧਾਰੀਏ ਨੂੰ ਆਪਣੇ ਆਚਰਣ ਤੇ ਚੰਗੀ ਰਹਿਤ ਬਹਿਤ ਬਾਰੇ ਬਾਬਾ ਰਾਮ ਸਿੰਘ ਜੀ ਪਾਸੋਂ ਇਕ ਸਰਟੀਫ਼ੀਕੇਟ ਲਿਆਉਣਾ ਪੈਂਦਾ ਸੀ।

ਇਨ੍ਹਾਂ ਹੀ ਦਿਨਾਂ ਵਿਚ ਕਈ ਨਾਮਧਾਰੀਏ, ਪੰਜਾਬ ਵਿਚੋਂ ਨਿਕਲ ਕੇ ਨਿਪਾਲ ਦੇ ਸੁਤੰਤਰ ਰਾਜ ਵਿਚ ਜਾ ਕੇ ਸ: ਹਰੀ ਸਿੰਘ ਨਲੂਏ ਦੇ ਸਪੁੱਤਰ ਸ. ਮੋਤੀ ਸਿੰਘ ਦੇ ਰਸੂਖ਼ ਨਾਲ ਭਰਤੀ ਹੋ ਗਏ ਸਨ। ਸ: ਮੋਤੀ ਸਿੰਘ ਉਸ ਸਮੇਂ ਨਿਪਾਲ ਦੀਆਂ ਫ਼ੌਜਾਂ ਵਿਚ ਉੱਚੇ ਅਹੁਦੇ ਤੇ ਲਗਾ ਹੋਇਆ ਸੀ। ਬਾਬਾ ਜੀ ਵਲੋਂ ਭੇਜਿਆ ਹੋਇਆ ਨਾਮਧਾਰੀਆਂ ਦਾ

Namdhari Elibrary NamdhariElibrary@gmail.com

ਇਕ ਮਿਸ਼ਨ ਨਿਪਾਲ ਦੇ ਮੁਖ ਮੰਤਰੀ ਰਾਣਾ ਜੰਗ ਬਹਾਦਰ ਨੂੰ ਮਿਲਿਆ ਸੀ।

ਏਸੇ ਤਰ੍ਹਾਂ ਬਾਬਾ ਰਾਮ ਸਿੰਘ ਜੀ ਨੇ, ਅੰਗਰੇਜ਼ ਵਿਰੋਧੀ ਦੇਸ਼ ਰੂਸ ਨਾਲ ਵੀ ਆਪਣਾ ਸੰਬੰਧ ਕਾਇਮ ਕੀਤਾ। ਉਸ ਵੇਲੇ ਆਇਰਨਬਰਗ (ਰੂਸ) ਵਿਚ ਕਈ ਪੰਜਾਬੀ ਰਹਿੰਦੇ ਸਨ ਜੋ ਬਾਬਾ ਜੀ ਦੇ ਰੂਸ ਸਰਕਾਰ ਨਾਲ ਤਾਲ ਮੇਲ ਦੀ ਵਿਚੋਲਗੀ ਕਰਦੇ ਸਨ। ਜ਼ਾਰ ਰੂਸ ਨੇ ਬਾਬਾ ਜੀ ਦੇ ਭੇਜੇ ਹੋਏ ਸਫ਼ੀਰ ਰਾਹੀਂ ਸੱਤ ਬਹੁਮੁੱਲੇ ਚੋਗੇ ਤੇ ਇਕ ਚਾਂਦਨੀ ਤੋਹਫ਼ੇ ਵਜੋਂ ਭੇਟੀ ਸਾਹਿਬ ਭੇਜੀ।

ਬਾਬਾ ਜੀ ਨੇ ਪੰਜਾਬੋਂ ਬਾਹਰ ਹੈਦਰਾਬਾਦ, ਲਖਨਊ, ਬਨਾਰਸ, ਭੂਟਾਨ ਤੇ ਗਵਾਲੀਅਰ ਆਦਿ ਵਿਚ ਰਹਿਣ ਵਾਲੇ ਸਿੱਖਾਂ ਨਾਲ ਵੀ ਆਪਣਾ ਸੰਬੰਧ ਕਾਇਮ ਕੀਤਾ ਹੋਇਆ ਸੀ। ਇਨ੍ਹਾਂ ਥਾਵਾਂ ਦੇ ਸਿੱਖਾਂ ਨੂੰ, ਅੰਗਰੇਜ਼ਾਂ ਵਿਰੁਧ ਜਥੇਬੰਦ ਕਰਨ, ਅੰਗਰੇਜ਼ ਵਿਰੋਧੀ ਗੁਆਂਢੀ ਤਾਕਤਾਂ ਨਾਲ ਮਿੱਤਰਾਨਾ ਸੰਬੰਧ ਕਾਇਮ ਕਰਨ ਅਤੇ ਯੋਗ ਸਮਾਂ ਆਉਣ ਪਰ ਅੰਗਰੇਜ਼ ਵਿਰੁਧ ਵਰਤਣ ਲਈ ਆਪ ਨੇ ਵੱਖਰਾ ਵਿਭਾਗ ਖੋਲ੍ਹਿਆ ਹੋਇਆ ਸੀ। ਇਸ ਸੰਬੰਧੀ ਸ੍ਰੀ ਸ਼ਿਵ ਲਾਲ ਵਲੋਂ ੧੧ ਮਈ ੧੯੫੭ ਦੇ 'ਟ੍ਰਿਬਿਊਨ' ਅਖ਼ਬਾਰ ਵਿਚ ਛਪੀਆਂ ਹੇਠ ਲਿਖੀਆਂ ਸਤਰਾਂ ਦਿਤੀਆਂ ਜਾਂਦੀਆਂ ਹਨ :

"In order to make his political programme a success, Guru Ram Singh had spread his sphere of activity in the border states of Nepal, Bhutan and Kashmir, contacts were made with rulers through Namdhari embassies. Guru Ram Siggh is also stated to have had close contact with the Rani of Jhansi and other leaders of the 1857 rebellion. The Guru, even from jail exchanged letters with Russia through the Governor of Russian Turkistan."

ਸੁਤੰਤਰ ਭਾਰਤ ਦੇ ਪਹਿਲੇ ਪਰਧਾਨ ਮੰਤਰੀ, ਸਵਰਗ-ਵਾਸੀ ਪੰਡਿਤ ਜਵਾਹਰ ਲਾਲ ਜੀ ਨੇ, ਬਾਬਾ ਰਾਮ ਸਿੰਘ ਜੀ ਨੂੰ ਹੇਠ ਲਿਖੇ ਸ਼ਬਦਾਂ ਵਿਚ ਸ਼ਰਧਾਂਜਲੀ ਪੇਸ਼ ਕੀਤੀ :

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੀ ਮਾਤਰੀ ਭੂਮੀ ਨੂੰ ਸੁਤੰਤਰਤਾ ਦਿਵਾਣ ਲਈ ਅੱਜ ਤੋਂ ਪੌਣੀ ਸਦੀ ਪਹਿਲਾਂ ਜੋ ਮਹਾਨ ਗੌਰਵਤਾਸ਼ਾਲੀ ਪ੍ਰੀਸ਼ਰਮ ਕੀਤੀ ਸੀ, ਉਸ ਦੀ ਮਹਾਨਤਾ ਤੋਂ ਕੋਈ ਹਿੰਦੁਸਤਾਨੀ ਵੀ ਇਨਕਾਰ ਨਹੀਂ ਕਰ ਸਕਦਾ। ਕਾਂਗਰਸ ਨੇ ਆਪ ਦੇ ਵਿਖਾਏ ਹੋਏ ਰਸਤੇ ਨੂੰ ਅਖ਼ਤਿਆਰ ਕਰ ਕੇ ਹੀ ਸ਼ਾਨਦਾਰ ਕਾਮਯਾਬੀਆਂ ਪ੍ਰਾਪਤ ਕੀਤੀਆਂ ਹਨ ਅਤੇ ੭੫ ਸਾਲ ਦੇ ਲਗ ਪਗ ਸਮਾਂ ਗੁਜ਼ਰ ਜਾਣ ਦੇ ਉਪਰੰਤ ਵੀ ਉਹ ਪਰੋਗਰਾਮ ਪੁਰਾਣਾ ਨਹੀਂ ਹੋਇਆ ਜਿਸ ਨੂੰ ਅਮਲੀ ਸ਼ਕਲ ਦੇਣ ਨਮਿੱਤ ਆਪ ਨੂੰ ਕਠਿਨ ਘਾਲਣਾ ਘਾਲਣੀ ਪਈ ਸੀ।"

ਬਾਬਾ ਰਾਮ ਸਿੰਘ ਜੀ ਦੀ ਅਦੁਤੀ ਸ਼ਖ਼ਸੀਅਤ, ਉਨ੍ਹਾਂ ਵਲੋਂ ਕੀਤਾ ਗਿਆ ਗੁਰਮਤ ਪਰਚਾਰ, ਭਾਈਚਾਰਕ ਤੇ ਰਾਜਸੀ ਸੁਧਾਰ ਪੰਜਾਬ ਵਾਸੀਆਂ ਨੂੰ ਇਕ ਅਜੀਬ ਤੇ ਨਵਾਂ ਜੀਵਨ ਹੁਲਾਰਾ ਦੇ ਗਿਆ। ਉਨ੍ਹਾਂ ਤੇ ਉਨ੍ਹਾਂ ਦੇ ਸ਼ਰਧਾਲੂਆਂ ਦੀਆਂ ਕੁਰਬਾਨੀਆਂ ਦਾ ਸਦਕਾ ਅਸੀਂ ਭਾਰਤਵਾਸੀ ਅੱਜ ਆਜ਼ਾਦੀ ਦੀ ਹਵਾ ਵਿਚ ਜੀਉ ਰਹੇ ਹਾਂ। ਨਾਮਧਾਰੀ ਲਹਿਰ, ਸੱਚ ਮੁੱਚ ਬਾਬਾ ਜੀ ਦੀ ਭਾਰਤ ਨੂੰ ਇਕ ਅਦੁਤੀ ਦੇਣ ਸੀ।

Namdhari Elibrary NamdhariElibrary@gmail.com

ਨਾਮਧਾਰੀ ਲਹਿਰ, ਰੂਸ ਤੇ ਸੰਸਾਰ ਅਮਨ

ਜਗਜੀਤ ਸਿੰਘ ਆਨੰਦ

ਸਿਖ ਰਾਜ ਤੇ ਅੰਤ ਪਿਛੋਂ ਤੇ ੧੮੫੭ ਦੇ ਮਹਾਨ ਸੁਤੰਤਰਤਾ ਸੰਗਰਾਮ ਦੀ ਅਸਫਲਤਾ ਪਿਛੋਂ ਭਾਰਤ ਵਿਚ ਜਿਹੜੀ ਪਹਿਲੀ ਉੱਘੀ ਸਾਮਰਾਜ ਵਿਰੋਧੀ ਲਹਿਰ ਉਠੀ, ਉਹ ਸੀ ਨਾਮਧਾਰੀ ਲਹਿਰ।

ਲਹਿਰ ਦੇ ਮੋਢੀ ਬਾਬਾ ਬਾਲਕ ਸਿੰਘ ਜੀ ਨੇ ਇਕ ਖਾਲਸ-ਧਾਰਮਕ ਤੇ ਸਮਾਜ ਸੁਧਾਰਕ ਲਹਿਰ ਦੇ ਰੂਪ ਵਿਚ ਇਸ ਦੀ ਨੀਂਹ ਸਿਖ ਰਾਜ ਦੇ ਅੰਤਲੇ ਦਿਨਾਂ ਵਿਚ ਹੀ ਰਖ ਦਿਤੀ ਸੀ, ਪਰ ਨਿਰੋਲ ਧਾਰਮਕ ਅਤੇ ਸਮਾਜੀ ਲਹਿਰ ਦੀ ਵਲਗਣ ਟੱਪ ਕੇ ਇਸ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਅੰਗਰੇਜ਼ੀ ਰਾਜ ਵਿਰੁਧ ਇਕ ਜਨਤਕ ਲਹਿਰ ਦਾ ਰੂਪ ਧਾਰਨ ਕਰ ਲਿਆ।

ਇਹ ਲਹਿਰ ਪੰਜਾਬ ਦੇ ਸਧਾਰਨ ਕਿਸਾਨਾਂ ਤੇ ਦਸਤਕਾਰਾਂ ਦੀ ਲਹਿਰ ਸੀ। ਸਿਖ ਰਾਜ ਦੇ ਪਤਨ ਅਤੇ ਸਿਖ ਜਗੀਰਦਾਰਾਂ ਤੇ ਸਰਦਾਰਾਂ ਦੀ ਆਚਰਣਕ ਗਿਰਾਵਟ ਦੇ ਪ੍ਰਤੀਕਰਮ ਵਜੋਂ ਉਪਜੀ ਇਹ ਲਹਿਰ ਕਰੜੇ ਧਾਰਮਕ ਜ਼ਾਬਤੇ, ਸੁੱਚੇ ਨਿਜੀ ਵਿਹਾਰ ਤੇ ਸਾਦਾ ਜੀਵਨ ਦੀ ਸਾਕਾਰ ਮੂਰਤ ਬਣ ਉਭਰੀ, ਇਸਦੇ ਦੂਜੇ ਮੁੱਖੀ, ਸਤਿਗੁਰੂ ਰਾਮ ਸਿੰਘ, ਆਪ ਖਾਲਸਾ ਫ਼ੋਜ ਵਿਚ ਰਹਿ ਚੁਕੇ ਸਨ ਅਤੇ ਜੰਗ ਦੇ ਮਾੜੇ ਪਹਿਲੂਆਂ ਤੇ ਫ਼ੌਜਾਂ ਅੰਦਰਲੇ ਦੁਰ-ਵਿਚਾਰ ਵਿਰੁਧ ਬਗਾਵਤ ਕਰ ਕੇ, ਆਪਣੀ ਬੰਦੂਕ ਦਰਿਆ ਭੇਟ ਕਰ ਕੇ ਮੈਦਾਨ ਵਿਚ ਆਏ ਸਨ।

ਸਤਿਗੁਰੂ ਰਾਮ ਸਿੰਘ ਜੀ ਪਹਿਲੇ ਭਾਰਤੀ ਆਗੂ ਸਨ, ਜਿਨ੍ਹਾਂ ਫਰੰਗੀ ਰਾਜ ਨਾਲ ਨਾ ਮਿਲਵਰਤਣ ਦਾ ਨਾਹਰਾ ਉੱਚਾ ਕੀਤਾ। ਫਰੰਗੀ ਦੀ ਕਚਹਿਰੀ ਨਹੀਂ ਜਾਣਾ, ਉਸਦੀ ਰੇਲ ਨਹੀਂ ਚੜ੍ਹਨਾ, ਉਸਦੇ ਡਾਕਖਾਨੇ ਨੂੰ ਨਹੀਂ ਵਰਤਣਾ, ਉਸਦੇ ਦੇਸ਼ ਤੋਂ ਆਈਆਂ ਵਸਤਾਂ ਨੂੰ ਨਹੀਂ ਖਾਣਾ, ਨਹੀਂ ਪਹਿਨਣਾ, ਇਹ ਉਨ੍ਹਾਂ ਦਾ ਉਪਦੇਸ਼ ਸੀ। ਮਹਾਤਮਾ ਗਾਂਧੀ ਨੇ ਪੰਜਾਹ ਸਾਲ ਪਿਛੋਂ ਪਹਿਲੀ ਨਾ-ਮਿਲਵਰਤਣ ਲਹਿਰ ਸਮੇਂ ਜਿਨ੍ਹਾਂ ਵਿਚਾਰਾਂ ਨੂੰ ਦੇਸ਼ ਭਰ ਵਿਚ ਫੈਲਾ ਦਿਤਾ, ਉਨ੍ਹਾਂ ਨੂੰ ਸਭ ਤੋਂ ਪਹਿਲਾਂ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਪਰਚਾਰਿਆ ਤੇ ਅਸਲੀ ਰੂਪ ਦਿਤਾ।

ਕਰੜੇ ਨੇਮ-ਸੰਜਮ ਅਤੇ ਧਾਰਮਕ ਰਹੁ ਰੀਤੀ ਵਾਲੀ ਇਹ ਲਹਿਰ ਆਪਣੇ ਤੱਤ ਵਜੋਂ ਇਕ ਸ਼ਕਤੀ-ਸ਼ਾਲੀ ਸਾਮਰਾਜ ਵਿਰੋਧੀ ਲਹਿਰ ਸੀ, ਤੇ ਅੰਗਰੇਜ਼ਾਂ ਨੂੰ ਇਹ ਤੱਤ ਪਛਾਣਨ ਵਿਚ ਬਹੁਤੀ ਦੇਰ ਨਾ ਲਗੀ। ਸਤਿਗੁਰੂ ਰਾਮ ਸਿੰਘ ਦੇ ਪੈਰੋਕਾਰਾਂ ਦੀ ਗਿਣਤੀ ਇਕ ਲਖ ਤੋਂ ਉਪਰ ਹੋ ਚੁਕੀ ਸੀ। ਉਨ੍ਹਾਂ ਨੇ ਪੂਰਣ ਫ਼ੌਜੀ ਯੋਗਤਾ ਨਾਲ ਉਨ੍ਹਾਂ ਨੂੰ ਬਾਈ ਸੂਬਿਆਂ ਵਿਚ ਵੰਡ ਰਖਿਆ ਸੀ। ਉਨ੍ਹਾਂ ਦਾ ਡਾਕ-ਤਾਰ ਦਾ ਤੇ ਆਵਾਜਾਈ ਦਾ ਮੁਕਾਬਲੇ ਦਾ ਸਿਲਿਸਿਲਾ ਪੂਰੀ ਸੁਯੋਗਤਾ ਨਾਲ ਚਲ ਰਿਹਾ ਸੀ। ਆਪਣੇ ਨਾਮ-ਲੇਵਿਆਂ ਵਿਚ ਉਨ੍ਹਾ ਸਾਦਗੀ, ਜ਼ਾਬਤੇ ਤੇ ਭਾਈਵਾਲੀ ਦੀ ਜ਼ਬਰਦਸਤ ਸਪਿਰਟ ਪੈਦਾ ਕਰ ਰਖੀ ਸੀ। ਇਸ ਲਈ ਅੰਗਰੇਜ਼ੀ ਸਰਕਾਰ ਵਲੋਂ ਇਸ ਨਾਲ ਸਿੱਝਣਾ ਸੌਖਾ ਨਹੀਂ ਸੀ ਰਹਿ ਗਿਆ।

ਸਤਿਗੁਰੂ ਰਾਮ ਸਿੰਘ ਜੀ ਦੀਆਂ ਸਰਗਰਮੀਆਂ ਤੋਂ ਵੇਲੇ ਦੀ ਸਰਕਾਰ ਬਹੁਤ ਭੈ-ਭੀਤ ਹੋਈ. ਉਨ੍ਹਾਂ ਨੂੰ ਭੈਣੀ ਸਾਹਿਬ (ਜ਼ਿਲ੍ਹਾ ਲੁਧਿਆਣਾ) ਵਿਚ ਜੂਹ ਬੰਦ ਕਰ ਦਿਤਾ ਗਿਆ ਤੇ ਪਿੰਡ ਵਿਚ ਪੁਲਸੀ ਚੌਕੀ ਬਿਠਾ ਦਿਤੀ ਗਈ ਜੋ ਹਰ ਆਏ ਗਏ ਉਤੇ ਕਰੜੀ ਨਜ਼ਰ ਰਖਦੀ ਸੀ। ਪਰ ਇਹ ਪਾਬੰਦੀਆਂ ਸਤਿਗੁਰੂ ਜੀ ਦੀਆਂ ਸਰਗਰਮੀਆਂ ਵਿਚ ਰੋੜਾ ਸਾਬਤ ਨਾ ਹੋ ਸਕੀਆਂ। ਉਨ੍ਹਾਂ ਬੜੀ ਕਾਮਯਾਬੀ ਨਾਲ ਇਕ ਦੂਰ ਦੂਰ ਤਕ ਫੈਲੀ ਹੋਈ ਗੁਪਤ ਜਥੇਬੰਦੀ ਬਣਾ ਲਈ ਤੇ ਉਨ੍ਹਾਂ ਦੇ ਪੈਰੋਕਾਰਾਂ ਨੇ ਬਰਤਾਨਵੀ ਫ਼ੌਜ ਵਿਚ ਵੀ ਆਪਣੇ ਅੱਡੇ ਕਾਇਮ ਕਰ ਲਏ। ੧੮੬੮-੬੯ ਵਿਚ ਪੰਜਾਬ ਵਿਚ ਪਏ ਕਾਲ ਦੇ ਪ੍ਰਤੀਕਰਮ ਵਜੋਂ ਅੰਮ੍ਰਿਤਸਰ ਵਿਚ ਜਿਹੜਾ ਕਿਸਾਨ ਵਿਦ੍ਰੋਹ ਉਠਿਆ, ਉਸ ਵਿਚ ਵੀ ਨਾਮਧਾਰੀਆਂ ਨੇ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਉਸਦੇ ਫਲ-ਸਰੂਪ ਸਰਕਾਰ ਨੇ ਕੁਝ ਨਾਮਧਾਰੀ ਸੂਰਬੀਰਾਂ ਨੂੰ ਫਾਹੇ ਲਾ ਦਿਤਾ। ਇਸੇ ਤਰ੍ਹਾਂ ੧੮੭੨ ਵਿਚ ਕੂਕਾ ਬਹਾਦਰਾਂ ਨੇ ਮਲੌਟ ਅਤੇ ਮਲੇਰ ਕੋਟਲੇ ਵਿਚ ਬਗਾਵਤ ਦਾ ਜਿਹੜਾ ਝੰਡਾ ਚੁਕਿਆ, ਉਸਨੂੰ ਦਬਾਉਣ ਲਈ ਅੰਗਰੇਜ਼ਾਂ ਨੇ ਮਲੇਰ ਕੋਟਲੇ ਦੇ ਨਵਾਬ ਨੂੰ

Namdhari Elibrary NamdhariElibrary@gmail.com

ਉਚੇਚੀ ਫ਼ੌਜੀ ਕੁਮਕ ਭੇਜੀ। ਮਿਸਟਰ ਕਾਵਨ ਦੀ ਕਮਾਨ ਹੇਠਲੀ ਇਸ ਫ਼ੌਜ ਨੇ ਪੰਜਾਹ ਤੋਪਾਂ ਨਾਲ ੧੭ ਜਨਵਰੀ ੧੮੭੨ ਨੂੰ ਮਲੇਰ ਕੋਟਲੇ ਦੇ ਕੋਲ ਰੜੇ ਮੈਦਾਨ ਵਿਚ ਉੜਾ ਦਿਤੇ। ਸੋਲਾਂ ਨੂੰ ਉਸ ਤੋਂ ਅਗਲੇ ਦਿਨ ਮਲੌਟ ਵਿਚ ਫਾਹੇ ਲਾ ਦਿਤਾ ਗਿਆ।

ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੰਗੂਨ ਮਾਂਡਲੇ (ਬਰਮਾ) ਪੁਚਾਇਆ ਗਿਆ, ਪਰ ਉਨ੍ਹਾਂ ਆਪਣੇ ਪੈਰੋਕਾਰਾਂ ਨਾਲ ਉਥੇ ਵੀ ਸੰਪਰਕ ਕਾਇਮ ਕਰ ਲਿਆ। ਅੰਗਰੇਜ਼ੀ ਰਾਜ ਦੇ ਖਾਤਮੇ ਲਈ ਉਹ ਤੁਲੇ ਹੋਏ ਸਨ, ਅਤੇ ਉਨ੍ਹਾਂ ਦਾ ਵਿਸ਼ਵਾਸ ਸੀ, ਕਿ ਰੂਸ ਵਾਲੇ ਇਸ ਕੰਮ ਵਿਚ ਉਨ੍ਹਾਂ ਦੀ ਸਹਾਇਤਾ ਕਰਣਗੇ। ਉਨ੍ਹਾਂ ਆਪਣੇ ਇਕ ਅਤਿ ਵਿਸ਼ਵਾਸੀ ਸੇਵਕ ਸੂਬਾ ਗੁਰਚਰਨ ਸਿੰਘ ਨੂੰ ਰੂਸ ਦੀ ਸਰਕਾਰ ਤੋਂ ਸਹਾਇਤਾ ਲੈਣ ਲਈ ਇਕ ਉਚੇਚੀ ਚਿਠੀ ਦੇ ਕੇ ਸਮਰਕੰਦ ਭੇਜਿਆ। ਉਥੇ ਪਹੁੰਚ ਕੇ ਉਸ ਅਣਥੱਕ ਲਗਨ ਵਾਲੇ ਹਿੰਮਤੀ ਸੱਜਣ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਚਿਠੀ ਤੁਰਕਿਸਤਾਨ ਦੇ ਰੂਸੀ ਗਵਰਨਰ ਅਗੇ ਪੇਸ਼ ਕਰ ਦਿਤੀ। ਇਸ ਚਿਠੀ ਤੇ ਗੁਰਚਰਨ ਸਿੰਘ ਦੀ ਯਾਤਰਾ ਨਾਲ ਸਬੰਧਤ ਹੋਰ ਦਸਤਵੇਜ਼, ਅਜ ਵੀ ਉਜ਼ਬੇਕ ਸੋਵੀਅਤ ਸੋਸ਼ਲਿਸਟ ਰੀਪਬਲਿਕ ਦੇ ਕੇਂਦਰੀ ਮੁਹਾਫਜ਼ਖਾਨੇ ਵਿਚ ਪਈਆਂ ਹਨ।

ਨਾਮਧਾਰੀ ਸੰਪਰਦਾ ਦੇ ਇਸ ਉੱਘੇ ਆਗੂ (ਗੁਰਚਰਨ ਸਿੰਘ) ਦੀ ਹੁਸ਼ਿਆਰੀ, ਦ੍ਰਿੜ੍ਹਤਾ ਤੇ ਸਾਮਰਾਜ ਵਿਰੋਧਤਾ ਨੂੰ ਖੁਦ ਅੰਗਰੇਜ਼ ਹਾਕਮਾਂ ਨੇ ਸਵੀਕਾਰ ਕੀਤਾ ਅਤੇ ਉਹ ਇਸ ਨਤੀਜੇ ਉਤੇ ਪਹੁੰਚੇ ਕਿ ਜਿੰਨਾਂ ਚਿਰ ਗੁਰਚਰਨ ਸਿੰਘ ਵਾਲਾ ਕੰਡਾ ਨਹੀਂ ਕਢਿਆ ਜਾਂਦਾ, ਉਹਨਾਂ ਦੇ ਰਾਜ-ਵਿਰੁਧ ਸਰਗਰਮੀਆਂ ਜਾਰੀ ਰਹਿਣਗੀਆਂ ਤੇ ਮਧ-ਏਸ਼ੀਆ ਉਨ੍ਹਾਂ ਸਰਗਰਮੀਆਂ ਦਾ ਗੜ੍ਹ ਬਣਿਆ ਰਹੇਗਾ। ਬੜੇ ਹੀਲਿਆਂ ਪਿਛੋਂ ਉਨ੍ਹਾਂ ਆਪਣੇ ਇਕ ਸੂਹੀਏ ਗੁਲਾਬ ਖ਼ਾਨ ਰਾਹੀਂ ਗੁਰਚਰਨ ਸਿੰਘ ਦਾ ਪਿੱਛਾ ਕੀਤਾ, ਤੇ ਅੰਤ ਉਸ ਨੂੰ ਗ੍ਰਿਫਤਾਰ ਕਰ ਲਿਆ।

ਸੋਵੀਅਤ ਯੂਨੀਅਨ ਦੇ ਭਾਰਤ-ਵਿਗਿਆਨੀਆਂ ਨੇ ਨਾਮਧਾਰੀ-ਲਹਿਰ ਦਾ ਬਹੁਤ ਦਿਲਚਸਪੀ ਤੇ ਡੂੰਘਾਈ ਨਾਲ ਅਧਿਅਨ ਕੀਤਾ ਹੈ, ਉਨ੍ਹਾਂ ਨੇ ਇਸ ਲਹਿਰ ਦੇ ਜਨਮ ਤੇ ਵਿਕਾਸ ਬਾਰੇ ਖੋਜ-ਭਰਪੂਰ ਪੱਤਰ ਲਿਖੇ ਹਨ, ਅਤੇ ਇਸਦਾ ਪ੍ਰਸੰਸਾਤਮਕ ਮੁੱਲਅੰਗਿਆ ਹੈ। ਉਹ ਇਸ ਲਹਿਰ ਨੂੰ ਉਨੀਵੀਂ ਸਦੀ ਦੇ ਪਿਛਲੇ ਅੱਧ ਦੀ ਭਾਰਤ ਦੀ ਸਭ ਤੋਂ ਅਹਿਮ ਸਾਮਰਾਜ ਵਿਰੋਧੀ ਲਹਿਰ ਸਮਝਦੇ ਹਨ, ਅਤੇ ਉਨ੍ਹਾਂ ਦੇ ਪੈਰੋਕਾਰਾਂ ਦੀਆਂ ਸਰਗਰਮੀਆਂ ਦਾ ਬੜਾ ਸ਼ਲਾਘਾ ਭਰਿਆ ਜ਼ਿਕਰ ਕੀਤਾ ਹੈ, ਤੇ ਉਨ੍ਹਾਂ ਨੂੰ ਇਸ ਲਹਿਰ ਦੇ ਸਾਮਰਾਜ ਵਿਰੋਧੀ ਜਨਤਕ ਖਾਸੇ ਨੂੰ ਉਭਾਰ ਕੇ ਪੇਸ਼ ਕੀਤਾ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਪੈਰੋਕਾਰ ਰੂਸ ਸਬੰਧੀ ਤੇ ਖਾਸ ਕਰ ਸੋਵੀਅਤ ਯੂਨੀਅਨ ਨਾਲ, ਮੁਢ ਤੋਂ ਹੀ ਮਿੱਤਰਤਾ ਤੇ ਹਮਦਰਦੀ ਦੀਆਂ ਭਾਵਨਾਵਾਂ ਰਖਦੇ ਆਏ ਸਨ। ਸਤਿਗੁਰੂ ਪਰਤਾਪ ਸਿੰਘ ਜੀ ਸੋਵੀਅਤ ਯੂਨੀਅਨ ਦੇ ਵੱਡੇ ਕਦਰਦਾਨ ਸਨ ਤੇ ਸੰਸਾਰ ਅਮਨ ਲਈ ਉਸ ਦੇ ਰੋਲ ਨੂੰ ਹਮੇਸ਼ਾਂ ਵਡਿਆਉਂਦੇ ਸਨ। ਉਹ ੧੯੫੮ ਦੀ ਸਟਾਕ-ਹਾਲਮ ਅਮਨ ਕਾਂਗਰਸ ਦੀ ਤਿਆਰੀ ਲਈ ਪੰਜਾਬ ਵਿਚ ਕੀਤੀ ਗਈ ਅਮਨ ਕਾਨਫ਼੍ਰੰਸ ਵਿਚ ਉਚੇਚੇ ਤੌਰ ਤੇ ਸ਼ਾਮਲ ਹੋਏ ਤੇ ਆਪਣੇ ਵਿਸ਼ੇਸ਼ ਪ੍ਰਤੀਨਿਧ ਵਜੋਂ ਉਨ੍ਹਾਂ ਆਪਣੇ ਸਪੁੱਤਰ ਬਾਬਾ ਬੀਰ ਸਿੰਘ ਜੀ ਨੂੰ ਉਸ ਸੰਮੇਲਨ ਵਿਚ ਭੇਜਣ ਦਾ ਐਲਾਨ ਕੀਤਾ। ਮਹਾਰਾਜ ਬੀਰ ਸਿੰਘ ਜੀ ਉਸ ਸੰਮੇਲਨ ਵਿਚ ਤਾਂ ਐਨ ਅੰਤਲੇ ਸਮੇਂ ਕੋਈ ਵਿਘਣ ਪੈ ਜਾਣ ਕਾਰਣ ਸ਼ਾਮਲ ਨਾ ਹੋ ਸਕੇ, ਪਰ ੧੯੬੫ ਦੀ ਹੈਲਸਿੰਕੀ ਵਿਖੇ ਹੋਈ ਸੰਸਾਰ ਅਮਨ ਕਾਨਫ਼੍ਰੰਸ ਵਿਚ ਉਨ੍ਹਾਂ ਵਧ ਚੜ੍ਹ ਕੇ ਹਿਸਾ ਲਿਆ। ਨਾਮਧਾਰੀ ਪੰਥ ਦੇ ਅਜੋਕੇ ਮੁਖੀ ਸਤਿਗੁਰੂ ਜਗਜੀਤ ਸਿੰਘ ਜੀ ਪੰਜਾਬ ਅਮਨ ਕੌਂਸਲ ਦੇ ਪ੍ਰਧਾਨ, ਸਰਬਹਿੰਦ ਕੌਂਸਲ ਦੇ ਪ੍ਰਧਾਨਗੀ ਮੰਡਲ ਦੇ ਮੈਂਬਰ ਤੇ ਸੰਸਾਰ ਅਮਨ ਕੌਂਸਲ ਦੇ ਉਘੇ ਮੈਂਬਰ ਹਨ। ਭਾਰਤ ਵਿਚ ਹੋਏ ਸਭ ਅਹਿਮ ਅਮਨ ਸਮਾਗਮਾਂ ਵਿਚ ਨਾਮਧਾਰੀ ਵੀਰ ਵਧ ਚੜ੍ਹ ਕੇ ਹਿਸਾ ਲੈਂਦੇ ਆਏ ਹਨ।

ਨਾਮਧਾਰੀ ਜਗਤ ੧੯੭੨ ਦਾ ਸਾਲ ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ ਗਮਨ ਦੀ ਸਤਾਬਦੀ ਦੇ ਸਾਲ ਵਜੋਂ ਮਨਾ ਰਿਹਾ ਹੈ। ਇਹ ਸਾਲ ਨਾਮਧਾਰੀ ਵੀਰਾਂ ਲਈ ਰੂਸ ਨਾਲ ਮਿੱਤਰਤਾ ਦੀ ਸ਼ਤਾਬਦੀ ਦਾ ਸਾਲ ਹੀ ਹੈ। ਮਿੱਤਰਤਾ ਜਿਹੜੀ ਸੋਵੀਅਤ ਸਮਿਆਂ ਵਿਚ ਕਿਤੇ ਵਧ ਫੈਲੀ ਅਤੇ ਮਜ਼ਬੂਤ ਹੋਈ ਹੈ। ਸੋਵੀਅਤ ਯੂਨੀਅਨ ਦੇ ਸੰਸਾਰ ਅਮਨ ਵਿਚ ਮਹਾਨ ਰੋਲ ਨੂੰ ਤੇ ਭਾਰਤ ਨਾਲ ਉਸ ਦੀ ਸੱਚੀ ਅਤੇ ਸਥਾਈ ਮਿੱਤਰਤਾ ਨੂੰ ਨਾਮਧਾਰੀ ਜਗਤ ਵਿਚ ਬੜਾ ਸਲਾਹਿਆ ਤੇ ਵਡਿਆਇਆ ਜਾਂਦਾ ਹੈ। ਹਰ ਵੱਡੇ ਨਾਮਧਾਰੀ ਸੰਮੇਲਨ ਸਮੇਂ ਇਕ ਉਚੇਚਾ ਅਮਨ ਸੰਮੇਲਨ ਕਰ ਕੇ ਸੰਸਾਰ ਅਮਨ ਲਹਿਰ ਦੇ ਕੰਮਾਂ ਤੇ ਕਾਰਵਾਈਆਂ ਨੂੰ ਪ੍ਰਚਾਰਨਾ ਨਾਮਧਾਰੀ ਲਹਿਰ ਦਾ ਇਕ ਉੱਘਾ ਅੰਗ ਬਣ ਗਿਆ ਹੈ।

Namdhari Elibrary NamdhariElibrary@gmail.com

ਇਤਿਹਾਸਕ ਪੱਖ ਤੋਂ—

ਬਾ: ਰਾਮ ਸਿੰਘ ਤੇ ਨਾਮਧਾਰੀ ਲਹਿਰ ਦਾ ਮੁੱਢ

ਸ਼ਮਸ਼ੇਰ ਸਿੰਘ "ਅਸ਼ੋਕ"

ਅਸ਼ੋਕ ਜੀ ਦਾ ਇਹ ਲੇਖ ਪ੍ਰਚੱਲਤ ਧਾਰਨਾਵਾਂ ਤੋਂ ਥੋੜਾ ਹਟ ਕੇ ਹੈ। ਫਿਰ ਵੀ ਅਸੀਂ ਇਸ ਨੂੰ ਜਿਉਂ ਦਾ ਤਿਉਂ ਛਾਪ ਰਹੇ ਹਾਂ — ਤਾ ਕਿ ਵਿਦਵਾਨ ਇਤਿਹਾਸਕਾਰ ਇਸ ਬਾਰੇ ਜਾਣ ਸਕਣ ਤੇ ਜੇ ਉਨ੍ਹਾਂ ਨੂੰ ਤਥ ਇਸ ਤੋਂ ਵਖਰੇ ਜਾਪਣ ਤਾਂ ਉਹ ਵੀ ਇਸ ਬਾਰੇ ਆਪਣੀ ਰਾਏ ਦੇ ਸਕਣ। — ਸੰਪਾਦਕ

ਪੁਰਸ਼ ਤਾਂ ਏਸ ਦੁਨੀਆਂ ਵਿਚ ਹਮੇਸ਼ਾਂ ਆਉਂਦੇ ਹੀ ਰਹਿੰਦੇ ਹਨ, ਪਰ ਸਦੀ ਪੁਰਸ਼ (Century men) ਉਹੋ ਹੁੰਦੇ ਹਨ ਜੋ ਕਿਸੇ ਕੌਮ, ਜਨ-ਸਮਾਜ ਜਾਂ ਦੇਸ ਦਾ ਮੁਹਾਂਦਰਾ ਬਦਲ ਦੇਣ। ਸਤਿਕਾਰ ਯੋਗ ਬਾਬਾ ਰਾਮ ਸਿੰਘ ਜੀ ਸੱਚ ਮੁੱਚ ਇਕ ਅਜਿਹੇ ਹੀ ਸਦੀ ਪੁਰਸ਼ ਸਨ।

ਬਾਬਾ ਰਾਮ ਸਿੰਘ ਜੀ ਦਾ ਜਨਮ ਮਾਘ ਸੁਦੀ ੫, (ਬਸੰਤ ਪੰਚਮੀ) ਸੰਮਤ ੧੮੭੨ ਬਿ: (ਮੁਤਾਬਿਕ ਸਨ ੧੮੧੬ ਈ:) ਨੂੰ ਪਿੰਡ ਭੈਣੀ ਅਰਾਈਆਂ ਜ਼ਿਲਾ ਲੁਧਿਆਣਾ (ਪੰਜਾਬ) ਵਿਚ ਬਾਬਾ ਜੱਸਾ ਸਿੰਘ ਜੀ ਦੇ ਘਰ ਮਾਤਾ ਸਦਾ ਕੌਰ ਦੀ ਕੁੱਖੋਂ ਹੋਇਆ। ਸਿੱਖ-ਰਾਜ ਸੰਬੰਧੀ ਪੁਰਾਤਨ ਹੱਥ ਲਿਖਿਤ ਕਾਗ਼ਜ਼ਾਤ ਦੇ ਅਨੁਸਾਰ ਆਪ ਲਗ ਭਗ ੧੯ ਵਰ੍ਹਿਆਂ ਦੀ ਉਮਰੇ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਕੌਰ ਨੌ ਨਿਹਾਲ ਸਿੰਘ ਦੀ ਫ਼ੌਜ ਵਿਚ ਭਰਤੀ ਹੋ ਕੇ ਲਾਹੌਰ ਚਲੇ ਗਏ। ਸੰਨ ੧੮੪੦ ਈ: ਵਿਚ ਜਦ ਉਹ ਫ਼ੌਜ ਪਹਿਲੇ ਅਫ਼ਗਾਨ-ਜੁੱਧ ਸਮੇਂ ਪਠਾਣੀ ਇਲਾਕੇ ਦਾ ਵਿਦਰੋਹ ਦਬਾਉਣ ਵਾਸਤੇ ਪਿਸ਼ਾਵਰ ਗਈ ਤਾਂ ਨੌਜਵਾਨ ਬਾਬਾ ਰਾਮ ਸਿੰਘ ਜੀ ਦਾ ਮਿਲਾਪ ਬ੍ਰਹਮ ਗਿਆਨੀ ਬਾਬਾ ਬਾਲਕ ਸਿੰਘ ਜੀ ਦੇ ਨਾਲ, ਜੋ ਉਹਨੀਂ ਦਿਨੀਂ ਹੱਟੀ ਪਾ ਕੇ ਹਜ਼ਰੋਂ (ਅਟਕ) ਦੇ ਸਥਾਨ, ਪਰ ਰਹਿੰਦੇ ਤੇ ਲੋਕਾਂ ਵਿਚ ਨਾਮ-ਬਾਣੀ ਦਾ ਪਰਚਾਰ ਕਰਦੇ ਸਨ, ਹੋਇਆ। ਬਸ, ਫੇਰ ਕੀ ਸੀ, ਬਾਬਾ ਰਾਮ ਸਿੰਘ ਜੀ ਉਨ੍ਹਾਂ ਤੋਂ ਨਾਮ-ਦਾਨ ਲੈ ਕੇ ਹਮੇਸ਼ਾਂ ਵਾਸਤੇ ਸਿਰਜਨਹਾਰ ਕਰਤਾਰ ਦੀ ਪ੍ਰੇਮਾ ਭਗਤੀ ਤੇ ਰੰਗ ਵਿਚ ਰੰਗੇ ਗਏ।

ਸਭ ਤੋਂ ਪਹਿਲੇ ਨਾਮਧਾਰੀ ਇਤਿਹਾਸਕਾਰ ਡਾਕਟਰ ਇੰਦਰ ਸਿੰਘ ਜੀ ਅਸਿਸਟੈਂਟ ਸਰਜਨ ਮੈਡੀਕਲ ਵਾਰੰਟ ਔਫ਼ੀਸਰ, ਮੁਲਤਾਨ ਛਾਵਣੀ ਦੀ ਇਤਿਹਾਸਿਕ ਪੁਸਤਕ **"ਜਗਦਾ ਦੀਵਾ"** ਅਥਵਾ "ਲੀਲਾ ਬਾਬਾ ਰਾਮ ਸਿੰਘ ਗੁਰੂ ਨਾਮਧਾਰੀ ਸਿੰਘਾਂ (ਭਾਗ ਪਹਿਲਾ) ਦੇ ਕਥਨ ਅਨੁਸਾਰ, ਜੋ ਸੰਨ ੧੯੧੨ ਈ: (ਪੰਜਾਬ ਕੁਮਰਸ਼ਲ ਪ੍ਰੈਸ, ਅੰਮ੍ਰਿਤਸਰ) ਦੀ ਪ੍ਰਕਾਸਨ ਹੈ, ਬਾਬਾ ਰਾਮ ਸਿੰਘ ਜੀ ਦੇ ਜਨਮ, ਬਾਲਪਨ, ਅੰਮ੍ਰਿਤਸਰ ਦਰਸ਼ਨ, ਲਾਹੌਰ ਦੀ ਫ਼ੌਜੀ ਨੌਕਰੀ ਅਤੇ ਉਥੋਂ ਹਜ਼ਰੋਂ ਜਾਣ ਦਾ ਬ੍ਰਿਤਾਂਤ (ਸਫ਼ੇ ੧੧-੨੦), ਹਜ਼ਰੋਂ ਵਿਚੋਂ ਪਹੁੰਚ ਕਰ ਬਾਬੇ ਜੀ ਦਾ ਗੁਰਮਤਿ ਦੇ ਪ੍ਰਚਾਰ ਸਬੰਧੀ ਵਿਚਾਰ ਕਰਨਾ, ਬਾਬੇ ਰਾਮ ਸਿੰਘ ਜੀ ਨੂੰ ਬਾਬੇ ਬਾਲਕ ਸਿੰਘ ਜੀ ਦੀ ਸ਼ਰਨ ਵਿਚ ਜਾਣ ਦੀ ਅਭਿਲਾਖਾ ਫੁਰਨੀ (ਸਫ਼ਾ ੨੨), ਫੇਰ ਬਾਬੇ ਬਾਲਕ ਸਿੰਘ ਜੀ ਤੋਂ ਗੁਰਮੰਤਰ ਲੈ ਕੇ ਬਾਬੇ ਰਾਮ ਸਿੰਘ ਜੀ ਦਾ ਵੈਰਾਗੀ ਹੋ ਜਾਣਾ ਅਤੇ ਭਗਤੀ ਵਿਚ ਲੀਨ ਹੋਣਾ (ਸਫ਼ਾ ੩੩), ਇਸ ਤੋਂ ਉਪਰੰਤ ਬਾਬੇ ਰਾਮ ਸਿੰਘ ਜੀ ਦਾ ਫ਼ੌਜੀ ਨੌਕਰੀ ਤੋਂ ਅਸਤੀਫ਼ਾ ਦੇਣਾ (ਸਫ਼ਾ ੩੪), ਅਸਤੀਫ਼ਾ ਦੇਣ ਤੇ ਬਾਬਾ ਜੀ ਦੇ ਅਫ਼ਸਰ ਅਤੇ ਹੋਰ ਸਾਥੀਆਂ ਦੀ ਬਾਬੇ ਜੀ ਨਾਲ ਅਤੇ ਆਪਸ ਵਿਚ ਗੋਸ਼ਟਿ (ਸਫ਼ੇ ੩੪-੩੫), ਬਾਬੇ ਜੀ ਦਾ ਅਸਤੀਫ਼ਾ ਦੇਣ ਦਾ ਅਸਲ ਭਾਵ (ਸਫ਼ਾ ੩੯) ਫ਼ੌਜੀ ਅਫ਼ਸਰ ਨੇ ਬਾਬੇ ਜੀ ਦਾ ਅਸਤੀਫ਼ਾ ਮਨਜ਼ੂਰ ਕਰਨਾ ਅਤੇ ਬਾਬੇ ਜੀ ਦਾ ਛਾਵਨੀ ਨੂੰ ਛੱਡਣਾ (ਸਫ਼ੇ ੪੦-੪੧) ਫੇਰ ਭੈਣੀ ਸਾਹਿਬ ਵਿਚ ਵਾਪਸ ਆ ਕੇ ਬਾਬਾ ਜੀ ਦਾ ਬੀਸ ਬਰਸ ਭਗਤੀ ਵਿਚ ਮਗਨ ਰਹਿਣਾ (ਸਫ਼ਾ ੪੩) ਆਦਿ ਸਿਰਲੇਖਾਂ ਤੋਂ ਪਤਾ ਲਗਦਾ ਹੈ ਕਿ ਬਾਬਾ ਰਾਮ ਸਿੰਘ

Namdhari Elibrary NamdhariElibrary@gmail.com

ਜੀ ਦਾ ਮੁੱਢਲਾ ਜੀਵਨ ਕਿਵੇਂ ਤੇ ਕਿਥੇ ਗੁਜ਼ਰਿਆ, ਉਨ੍ਹਾਂ ਨੇ ਸਿੱਖ ਰਾਜ ਦੀ ਫ਼ੌਜੀ ਨੌਕਰੀ ਕਦੋਂ, ਕਿਥੇ ਤੇ ਕਿਵੇਂ ਛੱਡੀ ਅਤੇ ਫੇਰ ਭੈਣੀ ਸਾਹਿਬ ਪਹੁੰਚ ਕੇ ਪੂਰੇ ਵੀਹ ਸਾਲ ਭਗਤੀ ਕਰ ਕੇ ਕਿਵੇਂ ਨਾਮਧਾਰੀ ਲਹਿਰ ਚਲਾਈ।

• ਪੁਸਤਕ "ਜਗਦਾ ਦੀਵਾ" (ਭਾਗ ਪਹਿਲਾ) ਦੇ ਕਥਨ ਅਨੁਸਾਰ ਬਾਬਾ ਰਾਮ ਸਿੰਘ ਜੀ ਨੇ ਸੰਮਤ ੧੮੯੧ ਬਿ: (ਮੁਤਾਬਿਕ ਸੰਨ ੧੮੩੩ ਈ:) ਵਿਚ ਲਾਹੌਰ ਪਹੁੰਚ ਕੇ ਸਿੱਖ ਰਾਜ ਦੀ ਫ਼ੌਜੀ ਸਰਵਿਸ ਕੀਤੀ ਅਤੇ ਫੇਰ ਸੰਨ ੧੮੯੮ ਬਿ: ਮੁਤਾਬਿਕ ਸੰਨ ੧੮੪੧ ਈ: ਵਿਚ ਹਜਰੋਂ ਪਹੁੰਚ ਕੇ ਉਸ ਸਰਵਿਸ ਤੋਂ ਅਸਤੀਫ਼ਾ ਦੇ ਦਿਤਾ, ਜਿਵੇਂ ਕਿ ਸਭ ਤੋਂ ਪਹਿਲੇ ਨਾਮਧਾਰੀ ਇਤਿਹਾਸਕਾਰ ਡਾਕਟਰ ਇੰਦਰ ਸਿੰਘ ਜੀ ਮੁਲਤਾਨੀ ਲਿਖਦੇ ਹਨ :

(੧) ਫ਼ੌਜੀ ਸਰਵਿਸ :

ਇਕ ਹਜ਼ਾਰ ਅੱਠ ਸਦੀ ਅਠਾਵਨ।
ਸੰਮਤ ਬਿਕ੍ਰਮੀ ਬਾਤ ਚਲਾਵਨ।
ਹਜਰੋਂ ਦੀ ਹੈ ਬਦਲੀ ਆਈ।
ਫ਼ੌਜ ਸਾਰੀ ਨੂੰ ਗਈ ਸੁਨਾਈ।
ਸਤਿਗੁਰ ਜੀ ਵੀ ਤਜਾਰੀ ਕੀਤੀ।
ਖ਼ਬਰ ਕਪੜੇ ਬਸਤ੍ਰ ਲੀਤੀ।
ਤੜਕੇ ਬਿਗਲਰ ਬਿਗਲ ਬਜਾਇਆ।
ਅਫਸਰ ਨੇ ਆ ਕੂਚ ਕਰਾਇਆ।
ਤੇਰਾਂ ਚੌਦਾਂ ਰੋਜ ਗੁਜ਼ਾਰੇ।
ਹਜਰੋਂ ਦੇ ਵਿਚ ਪਹੁੰਚੇ ਸਾਰੇ।
ਕਰੀ ਮੁਸਾਫਤ ਹਜਰੋਂ ਆਵਨ।
ਡੇਰੇ ਆ ਕਰ ਖ਼ੂਬ ਜਮਾਵਨ।

(ਜਗਦਾ ਦੀਵਾ, ਸਫ਼ਾ ੨੧)

(੨) ਬਾਬੇ ਬਾਲਕ ਸਿੰਘ ਦਾ ਬਾਬੇ ਰਾਮ ਸਿੰਘ ਜੀ ਨੂੰ ਗੁਰਮੰਤਰ ਤੇ ਖ਼ਾਸ ਹਦਾਇਤ :

ਸੁੱਖ ਸਾਂਦ ਦੀਆਂ ਖ਼ਬਰਾਂ ਪੁੱਛਨ,
ਸਤਿਗੁਰ ਈਸ਼ ਅਵਤਾਰੀ।
ਹੁਨ ਦੇਖੋ ਸਭ ਭੇਦ ਖੁਲ੍ਹਦੇ,
ਜਿਸ ਦੀ ਪਵੇ ਕਹਾਰੀ।
ਬਾਬਾ ਬਾਲਕ ਸਿੰਘ ਮੁਖ਼ਾਤਬ ਹੋ,
ਕਰ ਬਚਨ ਸੁਨਾਵੇਂ।
"ਸੁਨੋ, ਰਾਮ ਸਿੰਘ ! ਹੁਨ ਨਹੀਂ ਵੇਲਾ,
ਅਪਨਾ ਆਪ ਲੁਕਾਵੇਂ।
ਜਿਸ ਕੰਮ ਆਏ, ਕਿਆ ਕਿਆ ਕਰਨਾ,
ਕੀ ਕੰਮ ਪਰ ਹੈ ਫੜਿਆ ?
ਅਸਲੀ ਕੰਮ ਭੁਲਾ ਕਿਉਂ ਬੈਠੇ,
ਕੀ ਕਾਰਜ ਆ ਵੜਿਆ ?
ਪਰਮੇਸ਼ਵਰ ਨੇ ਘਲਿਆ ਤੁਹਾਨੂੰ,
ਜਾ ਕਰ ਜਗਤ ਤਰਾਓ।
ਮਨਮੁਖ ਮੁਗਧ ਹੰਕਾਰੀ ਲੋਕਾਂ,
ਸਚਾ ਰਾਹ ਬਤਾਓ।
ਕੰਮ ਸੰਭਾਲੋ ਛੇਤੀ ਆਪਨਾ,
ਜੋ ਭਗਤਾਂ ਦਾ ਗਹਿਨਾ।
ਕੀ ਜ਼ਰੂਰਤ ਭਗਤ ਈਸ਼ ਨੂੰ,
ਨੌਕਰ ਹੋ ਕੇ ਰਹਿਨਾ ?"
ਕਰ ਉਪਦੇਸ਼ ਦੀਆ ਗੁਰ ਮੰਤ੍ਰ,
ਸਾਰੀ ਕਲਾ ਦਿਖਾਈ।
ਕੀਆ ਸਿਪੁਰਦ ਕੰਮ ਜੋ ਕਰਨਾ,
ਧੰਨ ਹੈ ਭਗਤ ਕਮਾਈ।

(ਜਗਦਾ ਦੀਵਾ, ਸਫ਼ਾ ੩੦)

(੩) ਬਾਬੇ ਰਾਮ ਸਿੰਘ ਦਾ ਫ਼ੌਜੀ ਨੌਕਰੀ ਤੋਂ ਅਸਤੀਫ਼ਾ :

ਫ਼ੌਜੀ ਸੀ ਆਦਤ ਅਗੇ, ਮੰਤ੍ਰ ਲੀਆ ਹੁਨ ਆਇ।
ਮਸਤ ਵੈਰਾਗੀ ਹੋ ਗਏ, ਸਤਿਗੁਰ ਛੋਨੀ ਜਾਇ।
ਗੁਰ ਮੰਤ੍ਰ ਲੈ ਕੇ ਭਲਾ, ਫਿਰ ਨੌਕਰੀ ਕੀ ਆਖ।
ਡੇਰੇ ਸਤਿਗੁਰ ਪਹੁੰਚ ਕੇ, ਕੀ ਮਨ ਆਈ ਭਾਸ।
ਅਫ਼ਸਰ ਨੂੰ ਜਾ ਆਖਦੇ, "ਮੈਂ ਮਨ ਹੋਇਆ ਉਦਾਸ।
ਅਸਤੀਫ਼ਾ ਮੇਰਾ ਲਵੋ, ਕਰ ਅੱਜ ਕ੍ਰਿਪਾ ਖ਼ਾਸ।"
ਸੱਜਨ ਮਿਤ੍ਰ ਆਇ ਕੇ ਸੁਨਦੇ ਸਤਿਗੁਰ ਹਾਲ।
ਇੰਦਰ ਸਿੰਘ ਕੀ ਬਾਤ ਚੀਤ, ਹੋਵੇ ਸਤਿਗੁਰ ਨਾਲ।

(ਜਗਦਾ ਦੀਵਾ, ਸਫ਼ਾ ੩੪)

(੪) ਪਿਛੋਂ ਭੈਣੀ ਸਾਹਿਬ ਵਿਚ ਵਾਪਸ ਆ ਕੇ ਬਾਬਾ (ਰਾਮ ਸਿੰਘ) ਜੀ ਦਾ ਬੀਸ ਬਰਸ ਭਗਤੀ ਵਿਚ ਮਗਨ ਰਹਿਣਾ – ਬੈਂਤ :

ਛੋਨੀ ਛੱਡ ਸਿਮਰਨ ਕਰਨ ਮੰਤ੍ਰ ਗੁਰ ਦਾ,
ਕੇੜ੍ਹੀ ਜਗਾ ਇਕਾਂਤ ਨੂੰ ਜਾਂਵਦੇ ਹਨ।
ਕੰਢੇ ਬੈਠ ਦਰਿਆਇ ਆਰੰਭ ਕਰਦੇ,
ਭਗਤੀ ਕਰਨ ਗੁਨ ਪ੍ਰਭੂ ਦੇ ਗਾਂਵਦੇ ਹਨ।
ਲੋਕੀਂ ਕ੍ਰਿਤ ਕਰਦੇ ਦੇਖੋ ਖ਼ਾਨ ਦੂਨਾ,

Namdhari Elibrary NamdhariElibrary@gmail.com

ਭਗਤ ਭਗਤੀ ਵਿਚ ਦੂਨਾ ਕਮਾਂਵਦੇ ਹਨ।
ਨਿਰਾ ਭਗਤੀ ਤੇ ਕਰਨ ਅਹਾਰ ਸਤਿਗੁਰ,
ਕਦੀ ਰੋਜ਼ ਨਹੀਂ ਓ ਭੋਜਨ ਪਾਂਵਦੇ ਹਨ।
ਦੁਨੀਆਂ ਵਿਚ ਨਾ ਬਹੁਤ ਗ਼ਲਤਾਨ ਹੋਵਨ,
ਜੇੜੇ ਪ੍ਰੀਤਿ ਈਸ਼ਵਰ ਨਾਲ ਲਾਂਵਦੇ ਹਨ।
ਦਿਨੇ ਰਾਤ ਸਤਿਗੁਰ ਭਗਤੀ ਲੀਨ ਰਹਿੰਦੇ,
ਇੱਛਾ ਦੁਨੀਆਂ ਦੀ ਸਭ ਮਿਟਾਂਵਦੇ ਹਨ।
ਕਦੀ ਬਰਸ ਹੋ ਗਏ ਭਗਤੀ ਕਰਦਿਆਂ ਨੂੰ,
ਦਸਵੇਂ ਦਵਾਰ ਨੂੰ ਸੀਸ ਚੜ੍ਹਾਂਵਦੇ ਹਨ।
ਮਨ ਨੂੰ ਸੁਧ ਕਰ ਕੇ ਚੇਤਨ ਆਪਨੇ ਨੂੰ,
ਸਚੀ ਬਾਰਗਾਹ ਪਾਸ ਪਹੁੰਚਾਂਵਦੇ ਹਨ।
ਇੰਦਰ ਸਿੰਘ ਭਗਤੀ ਬੀਸ ਬਰਸ ਕਰ ਕੇ,
ਸਤਿਗੁਰ ਸ੍ਰਿਸ਼ਟੀ ਦੇ ਭਾਗ ਜਗਾਂਵਦੇ ਹਨ।

ਦੋਹਰਾ

ਸਤਿਗੁਰ ਭਗਤੀ ਕਰਦਿਆਂ, ਬੀਸ ਬਰਸ ਗਤੇ ਬੀਤ।
ਗੁਰ ਮੰਤ੍ਰ ਦੇ ਰਟਨ ਤੇ, ਨਿਰਮਲ ਕਰਦੇ ਚੀਤ॥
ਪਰਭਾਤੇ ਉਠ ਬੈਠਦੇ, ਸਤਿਗੁਰ ਜੀ ਮਹਾਰਾਜ।
ਈਸ਼ਵਰ ਹੁਕਮ ਚੜ੍ਹਾਂਵਦਾ, ਇੰਦਰ ਸਿੰਘ ਕੀ ਆਜ॥
ਸਿਰ ਮੱਥੇ ਤੇ ਹੁਕਮ ਨੂੰ, ਮੰਨ ਕੇ ਹੋਨ ਤਯਾਰ।
ਸਤਿਗੁਰ ਪ੍ਰਗਟ ਹੋਨ ਹੁਨ, ਇੰਦਰ ਸਿੰਘ ਬਲਿਹਾਰ॥
(ਜਗਦਾ ਦੀਵਾ, ਸਫ਼ੇ ੪੩-੪੪)

ਇਸ ਤੋਂ ਬਾਅਦ ਸੰਨ ੧੮੬੦ ਈ: ਵਿਚ ਬਾਬਾ ਰਾਮ ਸਿੰਘ ਜੀ ਨੇ ਨਾਮ-ਉਪਦੇਸ਼ ਰਾਹੀਂ ਨਾਮਧਾਰੀ ਲਹਿਰ ਦਾ ਮੁੱਢ ਤੋਰਿਆ। ਡਾਕਟਰ ਇੰਦਰ ਸਿੰਘ ਜੀ ਮੁਲਤਾਨੀ, ਜਿਨ੍ਹਾਂ ਨੇ ਜਗਦਾ ਦੀਵਾ (ਭਾਗ ਪਹਿਲਾ) ਨਾਂ ਥੱਲੇ ਇਤਿਹਾਸਕ ਕਿੱਸਾ ਲਿਖਿਆ, ਆਪਣੇ ਸਮੇਂ ਦੇ ਸਭ ਤੋਂ ਕੱਟੜ ਨਾਮਧਾਰੀ ਕਵੀ ਸਨ।

ਡਾਕਟਰ ਇੰਦਰ ਸਿੰਘ ਮੁਲਤਾਨੀ ਦੇ "ਜਗਦਾ ਦੀਵਾ" ਵਿਚ ਦਿਤੇ ਇਤਿਹਾਸਕ ਕਥਨ ਦੀ ਪੁਸ਼ਟੀ ਸੁਰਗਵਾਸੀ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਨੇ ਆਪਣੀ ਪ੍ਰਸਿੱਧ ਪੁਸਤਕ "ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼" ਵਿਚ ਇਨ੍ਹਾਂ ਸ਼ਬਦਾਂ ਵਿਚ ਬਾਬਾ ਰਾਮ ਸਿੰਘ ਜੀ ਦੇ ਫ਼ੌਜੀ ਨੌਕਰੀ ਛੱਡਣ ਤੇ ਸ੍ਰੀ ਭੈਣੀ ਸਾਹਿਬ ਦੇ ਨਿਵਾਸ ਦਾ ਜ਼ਿਕਰ ਕਰਦਿਆਂ ਕੀਤੀ ਹੈ।

"... ਮਾਘ ਸੁਦੀ ੫ ਸੰਮਤ ੧੮੭੨ ਨੂੰ ਬਾਬਾ ਰਾਮ ਸਿੰਘ ਜੀ ਦਾ ਜਨਮ ਹੋਇਆ। ਇਨ੍ਹਾਂ ਨੂੰ ਛੋਟੀ ਉਮਰ ਤੋਂ ਹੀ ਵਾਹਿਗੁਰੂ ਨਾਮ ਦੇ ਅਭਯਾਸ ਦਾ ਪ੍ਰੇਮ ਸੀ। ਪਹਿਲਾਂ ਇਨ੍ਹਾਂ ਨੇ ਲਾਹੌਰ ਦਰਬਾਰ ਦੀ ਸਿੱਖ ਸੈਨਾ ਵਿਚ ਭਰਤੀ ਹੋ ਕੇ ਕੁਝ ਕਾਲ ਫ਼ੌਜੀ ਸੇਵਾ ਕੀਤੀ। ਫੇਰ ਸੰਨ ੧੮੪੧ (ਸੰਮਤ ੧੮੯੯) ਵਿਚ ਨੌਕਰੀ ਛੱਡ ਕੇ ਛੋਈ ਪਿੰਡ (ਜ਼ਿਲਾ ਅਟਕ) ਦੇ ਵਸਨੀਕ ਬਾਬਾ ਬਾਲਕ ਸਿੰਘ ਜੀ ਦੇ (ਜਿਨ੍ਹਾਂ ਨੇ ਹਜ਼ਰੋਂ ਵਿਚ ਭਗਤੀ ਦਾ ਬਹੁਤ ਪ੍ਰਚਾਰ ਕੀਤਾ) ਚਾਟੜੇ ਹੋ ਕੇ ਨਾਮ ਉਪਦੇਸ਼ ਲੀਤਾ ਅਤੇ ਭੈਣੀ ਵਿਚ ਨਿਵਾਸ ਕਰ ਕੇ ਸਿੱਖੀ ਦਾ ਬਹੁਤ ਪ੍ਰਚਾਰ ਕੀਤਾ।"

(ਦੇਖੋ, ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼, ਸਫ਼ਾ ੭੭੪)

ਨਾਮਧਾਰੀ ਲਹਿਰ ਦਾ ਮੁੱਢ ਬਾਬਾ ਰਾਮ ਸਿੰਘ ਜੀ ਨੇ ਪਹਿਲੇ ਪਹਿਲ ਕਿਵੇਂ ਤੋਰਿਆ ? ਉਨ੍ਹਾਂ ਸਿੱਖ ਰਾਜ (ਲਾਹੌਰ) ਦੀ ਫ਼ੌਜੀ ਨੌਕਰੀ ਕਦੋਂ ਤੇ ਕਿਵੇਂ ਛੱਡੀ ? ਇਸ ਬਾਰੇ ਪੰਜਾਬ ਸਰਕਾਰ ਦੇ ਕਾਨਫੀਡੈਂਸ਼ਲ ਰੀਕਾਰਡਾਂ ਦੇ ਮੁਤਾਬਿਕ ਇਤਿਹਾਸਿਕ ਨੁਕਤਾ ਨਿਗਾਹ ਤੋਂ ਜੋ ਸਚਾਈਆਂ ਦ੍ਰਿਸ਼ਟੀਗਤ ਹੁੰਦੀਆਂ ਹਨ ਉਹ ਕਿਸੇ ਤਰ੍ਹਾਂ ਅੱਖੋਂ ਉਹਲਿਆਂ ਨਹੀਂ ਕੀਤੀਆਂ ਜਾ ਸਕਦੀਆਂ। ਇਹ ਰੀਕਾਰਡ ਮੈਂ ਸੰਨ ੧੯੪੩ ਤੋਂ ੧੯੪੬ ਤੱਕ ਲਾਹੌਰ ਸਿੱਖ ਨੈਸ਼ਨਲ ਕਾਲਜ ਦੀ ਸਰਵਿਸ ਸਮੇਂ ਪੰਜਾਬ ਗਵਰਨਮੈਂਟ ਦੇ ਰੀਕਾਰਡ ਆਫ਼ਿਸ (ਮਕਬਰਾ ਅਨਾਰਕਲੀ, ਸਿਵਲ ਸਕੱਤ੍ਰੇਤ) ਲਾਹੌਰ ਵਿਚੋਂ ਦੇਖੇ ਤੇ ਉਹਨਾਂ ਬਾਰੇ ਨੋਟ ਲਏ ਸਨ। ਪੰਜਾਬ ਰੀਕਾਰਡ ਆਫ਼ਿਸ ਦੀਆਂ ਕੁਝ ਹੱਥ ਲਿਖਤਾਂ ਦੇ ਅਨੁਸਾਰ ਰਾਜਾ ਹੀਰਾ ਸਿੰਘ ਡੋਗਰਾ (ਵਜ਼ੀਰ) ਤੇ ਉਸ ਦੇ ਸਹਾਇਕ ਪੰਡਿਤ ਜਲ੍ਹੇ ਦੇ ਮਾਰੇ ਜਾਣ ਤੇ ਜਦ ਸੰਨ ੧੮੪੪ ਈ: ਵਿਚ ਮਹਾਰਾਣੀ ਜਿੰਦ ਕੌਰ ਦੇ ਭਾਈ ਸਰਦਾਰ ਜਵਾਹਰ ਸਿੰਘ ਨੇ ਦਰਬਾਰ ਲਾਹੌਰ ਦੀ ਵਜ਼ਾਰਤ ਸਾਂਭੀ ਤਾਂ ਰਾਜਾ ਗੁਲਾਬ ਸਿੰਘ ਡੋਗਰੇ ਤੋਂ ਪੌਣੇ ਚਾਰ ਕਰੋੜ ਦੇ ਲਗ ਭਗ ਰਾਜ-ਕਰ, ਸਮੇਤ ਰਾਜਾ ਸੁਚੇਤ ਸਿੰਘ ਤੇ ਰਾਜਾ ਹੀਰਾ ਸਿੰਘ ਦਾ ਮਾਲ-ਧਨ, ਜੋ ਉਹ ਦੱਬੀ ਬੈਠਾ ਸੀ, ਵਸੂਲਣ ਵਾਸਤੇ ਜੰਮੂ ਉਤੇ ਚੜ੍ਹਾਈ ਕੀਤੀ ਤਾਂ ਇਸ ਫ਼ੌਜ ਕਸ਼ੀ ਵਿਚ ਸਰਦਾਰ ਸ਼ਾਮ ਸਿੰਘ ਅਟਾਰੀ, ਜਨਰਲ ਮੇਵਾ ਸਿੰਘ ਮਜੀਠੀਆ, ਸੁਲਤਾਨ ਮਹਮੂਦ ਖ਼ਾਨ ਤੇ ਸਰਦਾਰ ਫਤਿਹ ਸਿੰਘ ਮਾਨ ਖ਼ਾਲਸਾ ਫ਼ੌਜ ਦੇ ਮੋਢੀ ਸਨ।* ਇਸ ਮੁਹਿੰਮ ਵਿਚ ਰਾਜਾ ਗੁਲਾਬ ਸਿੰਘ ਉਪਰਲੇ ਦਿਲੋਂ ਤਾਂ ਸਿੱਖਾਂ ਦੇ ਅਧੀਨ ਹੋ ਗਿਆ, ਪਰ ਅੰਦਰਖਾਨਿਓਂ ਖੋਟ ਰਖ ਕੇ ਉਸ ਨੇ ਇਕ ਮੀਟਿੰਗ ਦੇ ਬਹਾਨੇ ਸਰਦਾਰ ਫਤਿਹ ਸਿੰਘ ਮਾਨ ਨੂੰ, ਜੋ ਸ਼ੇਰਿ ਪੰਜਾਬ ਦਾ ਬਹਾਦਰ ਤੇ ਭਰੋਸੇ ਜੋਗ ਅਹਿਲਕਾਰ ਸੀ, ਕਈ

* Sayad Mohd. Latif, History of the Panjab, 1891, P. 532.

Namdhari Elibrary NamdhariElibrary@gmail.com

ਚੋਣਵੇਂ ਸਾਥੀਆਂ ਸਮੇਤ ਮਰਵਾ ਦਿਤਾ ਤੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲਾ ਤੋਂ ਬਿਨਾਂ ਬਾਕੀ ਸਰਦਾਰ ਰਿਸ਼ਵਤ ਦੇ ਕੇ ਖ਼ਰੀਦ ਲਏ। ਨਾਮਧਾਰੀ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਜੀ, ਜੋ ਇਸ ਚੜ੍ਹਾਈ ਸਮੇਂ ਇਕ ਸਿੱਖ ਸਿਪਾਹੀ ਵਜੋਂ ਇਸ ਫ਼ੌਜ ਦੇ ਹਮਰਾਹ ਸਨ, ਖ਼ਾਲਸੇ ਦੀ ਇਹ ਗਿਰਾਵਟ ਦੇਖ ਕੇ ਡਾਢੇ ਦੁਖੀ ਹੋਏ ਤੇ ਉਹਨਾਂ ਨੇ ਇਸ ਘਟਨਾ ਦੇ ਨਾਲ ਸਿੱਖ ਰਾਜ ਦਾ ਅੰਤ ਆਉਂਦਾ ਦੇਖ ਕੇ ਉਸੇ ਸਮੇਂ ਹਥਿਆਰ ਸੁੱਟ ਦਿਤੇ ਤੇ ਸਿੱਖਾਂ ਦੀ ਫ਼ੌਜੀ ਸਰਵਿਸ ਤੋਂ ਅਸਤੀਫ਼ਾ ਦੇ ਦਿਤਾ। ਫੇਰ ਆਪ ਲਾਹੌਰ ਥੀਂ ਹੁੰਦੇ ਹੋਏ ਦਰਿਆ ਸਤਲੁਜ ਲੰਘ ਕੇ ਫ਼ੀਰੋਜ਼ਪੁਰ ਪਹੁੰਚੇ ਤੇ ਉਥੇ ਦਸਾਂ ਨਹੁੰਆਂ ਦੀ ਕਿਰਤ ਕਰ ਕੇ ਆਪਣਾ ਗੁਜ਼ਾਰਾ ਕਰਨ ਲਗ ਪਏ।

ਏਥੇ ਇਸ ਬਾਰੇ ਇਹ ਗੱਲ ਵੀ ਦੱਸਣੀ ਜੋਗ ਹੈ ਕਿ ਬਾਬਾ ਰਾਮ ਸਿੰਘ ਦੀ ਇਸ ਘਟਨਾ ਸੰਬੰਧੀ ਪੰਜਾਬ ਗਵਰਨਮੈਂਟ ਦੇ ਕੁਝ ਮੋਸਟ ਕਨਫੀਡੈਂਸ਼ਲ ਰੀਕਾਰਡ ਸੰਨ ੧੯੪੫ ਵਿਚ ਅਚਾਨਕ ਭੁਲੇਖੇ ਨਾਲ ਸ਼ੋ-ਕੇਸਾਂ ਵਿਚ ਰਖੇ ਹੋਣ ਕਰ ਕੇ ਮੇਰੇ ਹੱਥ ਆ ਗਏ, ਪਰ ਪਿਛੋਂ ਪਤਾ ਲੱਗਣ ਤੇ ਪੰਜਾਬ ਸਰਕਾਰ ਦੇ ਅਸਿਸਟੈਂਟ ਰੀਕਾਰਡ ਕੀਪਰ ਮੀਆਂ ਸਾਦੁੱਲਾ ਐਮ. ਏ. ਨੇ ਉਹ ਰੀਕਾਰਡ ਅਤੇ ਨੋਟ ਮੈਥੋਂ ਖੋਹ ਲਏ ਤੇ ਇਸ ਬਾਰੇ ਮੇਰੀ ਜ਼ਿਆਦਤੀ ਦੱਸ ਕੇ ਪੰਜਾਬ ਸਰਕਾਰ ਪਾਸ ਮੇਰੇ ਵਿਰੁਧ ਰੀਪੋਰਟ ਕਰ ਦਿਤੀ, ਜਿਸ ਕਾਰਨ ਸੀ. ਆਈ. ਡੀ. ਤੇ ਪੁਲਿਸ ਪਿਛੇ ਲਗਣ ਕਰਕੇ ਮੇਰੀ ਗ੍ਰਿਫਤਾਰੀ ਦੀ ਸੰਭਾਵਨਾ ਵਧ ਗਈ। ਜਦ ਮੈਂ ਉਥੋਂ ਸਿੰਘ ਪੁਰੇ (ਲਾਹੌਰ) ਵਾਪਸ ਪਹੁੰਚ ਕੇ, ਜਿਥੇ ਕਿ ਮੈਂ ਰਹਿੰਦਾ ਸੀ, ਇਹ ਗੱਲ ਅਚਾਨਕ ਸੁਰਗਵਾਸੀ ਬਾਬਾ ਪ੍ਰਤਾਪ ਸਿੰਘ ਜੀ ਨੂੰ ਦੱਸੀ,ਜੋ ਮਾਨਯੋਗ ਬਾਬਾ ਰਾਮ ਸਿੰਘ ਜੀ ਤੋਂ ਬਾਅਦ ਤੀਜੇ ਗੱਦੀ ਨਸ਼ੀਨ ਸਨ,ਤੇ ਉਨ੍ਹੀਂ ਦਿਨੀਂ ਲਾਹੌਰ ਹੀ ਰਹਿੰਦੇ ਸਨ, ਤਾਂ ਆਪ ਹੱਸ ਕੇ ਕਹਿਣ ਲਗੇ ਕਿ "ਅੱਛਾ ਹੋਇਆ ਜੋ ਹੁਣ ਤੁਸੀਂ ਸਰਕਾਰੀ ਅਪਰਾਧੀ ਹੋਣ ਤੇ ਸਾਡੇ ਨਾਲ ਹੀ ਰਲ ਗਏ ਹੋ। ਚਲੋ ਤੁਹਾਨੂੰ ਇਸ ਕੰਮ ਬਦਲੇ ਨਾਮਧਾਰੀ ਦਰਬਾਰ ਵਲੋਂ ਨਵੇਂ ਵਸਾਏ ਜਾ ਰਹੇ ਸ੍ਰੀ ਜੀਵਨ ਨਗਰ (ਹਿਸਾਰ) ਵਿਖੇ ਦੋ ਮਰੱਬੇ ਜ਼ਮੀਨ ਦਿਤੇ ਜਾਣ ਦਾ ਪੱਕਾ ਇਕਰਾਰ ਹੋਇਆ।"* ਮੈਂ ਉੱਤਰ ਵਜੋਂ ਕਿਹਾ— "ਬਸ ਜੀ, ਜ਼ਮੀਨ ਤਾਂ ਮੇਰੇ ਪਾਸ ਪਹਿਲਾਂ ਹੀ ਬਹੁਤ ਹੈ, ਹੋਰ ਵਾਧੂ ਜ਼ਮੀਨ ਲੈ ਕੇ ਮੈਂ ਕੀ ਕਰਾਂਗਾ। ਹੁਣ ਆਪ ਕਿਰਪਾ ਪੂਰਵਕ ਸਿਰਫ ਇਹੋ ਜਤਨ ਕਰੋ ਕਿਵੇਂ ਮੇਰਾ ਇਸ ਮੁਸੀਬਤ ਤੋਂ ਛੁਟਕਾਰਾ ਹੋਵੇ ਤੇ ਪੁਲਿਸ ਮੇਰਾ ਖਹਿੜਾ ਛੱਡੇ।" ਉਹਨਾਂ ਸਹਿਜ ਸੁਭਾ ਹੀ ਮੁਸਕਰਾ ਕੇ ਕਿਹਾ,"ਅੱਛਾ, ਤੁਹਾਡੀ ਇਹ ਮਨਸ਼ਾ ਵੀ ਪੂਰੀ ਹੋ ਜਾਵੇਗੀ।" ਇਸ ਤੋਂ ਬਾਅਦ ਸਬੰਧ ਨਾਲ ਪੂਰੀ ਪੂਰੀ ਛਾਣਬੀਣ ਤੇ ਪੁੱਛ-ਪੜਤਾਲ ਹੋਣ ਤੇ ਪ੍ਰੋ: ਡਾਕਟਰ ਗੁਲਸ਼ਨ ਲਾਲ ਚੋਪੜਾ ਸੀਨੀਅਰ ਰੀਕਾਰਡ ਕੀਪਰ ਪੰਜਾਬ ਸਰਕਾਰ ਦੇ ਇਹ ਨੋਟ ਦੇਣ ਤੇ ਕਿ-**ਇਹ ਕਨਫੀਡੈਂਸ਼ਲ ਰੀਕਾਰਡ ਸ਼ੋ-ਕੇਸਾਂ ਵਿਚ ਰੱਖਣੇ ਉਨ੍ਹਾਂ ਦੇ ਆਪਣੇ ਹੀ ਕਰਮਚਾਰੀਆਂ ਦੀ ਭੁੱਲ ਹੈ ਤੇ ਇਸ ਵਿਚ ਸ਼ਮਸ਼ੇਰ ਸਿੰਘ "ਅਸ਼ੋਕ" ਦਾ ਕੋਈ ਕਸੂਰ ਨਹੀਂ ਹੈ.** ਉਹ ਬਲਾ ਜਿਵੇਂ ਮੇਰੇ ਸਿਰ ਤੇ ਆਈ ਸੀ ਉਸੇ ਤਰ੍ਹਾਂ ਹੀ ਮੇਰੇ ਸਿਰੋਂ ਟਲ ਗਈ। ਮੈਨੂੰ ਭਾਵੇਂ ਸੰਨ ੧੮੪੪ ਈ: ਦੀ ਘਟਨਾ ਬਾਰੇ ਮੇਰੇ ਨੋਟ ਕੀਤੇ ਰੀਕਾਰਡ ਤਾਂ ਮੁੜ ਵਾਪਸ ਨਾ ਮਿਲ ਸਕੇ, ਪਰ ਮੈਂ "ਜਾਨ ਬਚੀ ਲਾਖੋਂ ਪਾਏ" ਵਾਲੀ ਕਹਾਵਤ ਦੇ ਅਨੁਸਾਰ ਅਕਾਲ ਪੁਰਖ ਦੇ ਇਸ ਕ੍ਰਿਪਾ ਭਾਵ ਦਾ ਲੱਖ ਲੱਖ ਵੇਰ ਸ਼ੁਕਰੀਆ ਅਦਾ ਕੀਤਾ।

ਬਾਬਾ ਰਾਮ ਸਿੰਘ ਜੀ ਨੇ ਸੰਨ ੧੮੪੪ ਵਿਚ ਜੰਮੂ ਦੀ ਮੁਹਿੰਮ ਸਮੇਂ ਕਿਵੇਂ ਹਥਿਆਰ ਸੁੱਟ ਕੇ ਸਿੱਖ ਰਾਜ ਦੀ ਨੌਕਰੀ ਛੱਡੀ ਸੀ,ਇਹ ਵਾਕਿਆ ਸਿਰਫ਼ ਸਰਕਾਰੀ ਰੀਕਾਰਡਾਂ ਤਕ ਹੀ ਮਹਿਦੂਦ ਨਹੀਂ ਰਿਹਾ,ਸਗੋਂ ਇਸ ਤੋਂ ਬਾਅਦ ਇਤਿਹਾਸਕਾਰਾਂ ਨੇ ਵੀ ਇਸ ਸਚਾਈ ਨੂੰ ਮੰਨਿਆ, ਜਿਵੇਂ ਕਿ ਸੰਨ ੧੮੮੩ ਈ: ਦੀ ਪੰਜਾਬੀ ਪੁਸਤਕ "ਗੁਰੂ ਸਿੰਘ ਇਤਿਹਾਸ" (ਛਾਪਾ ਪੱਥਰ) ਦੇ ਸਫ਼ਾ ੩੧੨-੧੩ ਪਰ ਪ੍ਰਸਿੱਧ ਲੇਖਕ ਪੰਡਿਤ ਭਾਨੂ ਦੱਤ ਵਿਸ਼ਾਰਦ ਲਾਹੌਰੀ ਨੇ, ਜੋ ਨਾਮਧਾਰੀ ਲਹਿਰ (੧੮੬੦-੭੨) ਦਾ ਸਮਕਾਲੀ ਵਿਦਵਾਨ ਲੇਖਕ ਤੇ ਅਧਿਆਪਕ ਸੀ, ਨਾਮਧਾਰੀ ਇਤਿਹਾਸ ਨਾਲ ਸਬੰਧਿਤ ਇਸ ਸਮੁੱਚੀ ਇਤਿਹਾਸਿਕ ਹਕੀਕਤ ਦਾ ਭੇਦ ਇਸ ਤਰ੍ਹਾਂ ਖੋਲ੍ਹਿਆ ਹੈ ਕਿ "(ਬਾਬਾ) ਰਾਮ ਸਿੰਘ ਜੀ ਬੜੇ ਸੰਤ, ਚੰਗੇ ਉਚੇ ਲੰਮੇ ਜਵਾਨ, ਚਤੁਰ ਸੁਜਾਨ, ਭਜਨ ਦੇ ਪੂਰੇ, ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ, ਜੋ ਕੌਰ ਨੌ ਨਿਹਾਲ ਸਿੰਘ ਜੀ ਦੇ ਸਪੁਰਦ ਸੀ, ਨੌਕਰੀ ਕਰਦੇ ਸਨ। ਇਹਨਾਂ ਨੂੰ ਰਾਵਲਪਿੰਡੀ ਦੇ ਜ਼ਿਲੇ ਹਜ਼ਰੋਂ ਨਾਮੇ ਪਿੰਡ ਦੇ ਵਸਨੀਕ ਸ੍ਰੀ ਬਾਬਾ ਬਾਲਕ ਸਿੰਘ ਜੀ ਤੋਂ, ਜੋ ਕਿਰਤ ਕਰਕੇ ਖਾਂਦੇ ਸਨ ਅਤੇ ਭਜਨ ਵਿਚ ਮਸਤ ਰਹਿੰਦੇ ਸਨ, ਹਜ਼ਰੋਂ ਵਿਚ ਹੀ ਨਾਮ ਦਾ ਉਪਦੇਸ਼ ਹੋਇਆ। ਜਾਂ ਇਹ ਲਾਹੌਰ ਆਏ ਮੀਆਂ ਮੀਰ ਦਿਨੇ ਨੌਕਰੀ ਦਿੰਦੇ ਅਤੇ ਰਾਤ ਨੂੰ ਪੁਰਾਣੀਆਂ

* ਸੰਨ ੧੯੪੫ ਵਿਚ ਅਜੇ ਜੀਵਨ ਨਗਰ ਵਸਾਇਆ ਨਹੀਂ ਸੀ ਗਿਆ। ਹਾਂ ਜ਼ਮੀਨ ਜ਼ਰੂਰ ਖ਼ਰੀਦੀ ਜਾ ਚੁਕੀ ਸੀ...ਪਰ ਸਿੱਖਾਂ ਨੂੰ ਪੰਜ ਪੰਜ ਹਜ਼ਾਰ ਰੁਪਏ ਤੋਂ ਇਕ ਇਕ ਮੁਰੱਬਾ ਦਿਤਾ ਜਾ ਰਿਹਾ ਸੀ।
— ਸੰਪਾਦਕ

Namdhari Elibrary NamdhariElibrary@gmail.com

ਖੰਡਰਾਤਾਂ ਵਿਚ ਬੈਠ ਭਜਨ ਕਰਦੇ ਰਹਿੰਦੇ ਸੇ । ਜਾਂ (ਮਹਾਰਾਜਾ) ਸ਼ੇਰ ਸਿੰਘ ਗੱਦੀ ਪੁਰ ਬੈਠਾ ਅਤੇ ਜੰਮੂ ਰਾਜੇ ਗੁਲਾਬ ਸਿੰਘ ਤੋਂ ਪਿਛਲਾ ਖਿਰਾਜ ਲੈਣ ਲਈ ਸਿੰਘਾਂ ਦੀ ਫ਼ੌਜ ਭੇਜੀ, (ਬਾਬਾ) ਰਾਮ ਸਿੰਘ ਜੀ ਨਾਲ ਹੀ ਸਨ । ਇਥੇ ਸਿੰਘਾਂ ਬੜਾ ਖ਼ਰੂਦ ਕੀਤਾ ਅਤੇ ਬੜੇ ਬੜੇ ਹੰਕਾਰ ਦੇ ਸ਼ਬਦ ਉਚਰੇ । ਇਸੇ ਕਾਰਨ ਬਾਬੇ ਰਾਮ ਸਿੰਘ ਨੂੰ ਉਹ ਗੱਲ ਨਾ ਸੁਖਾਈ, ਲਾਹੌਰ ਆਉਂਦੇ ਨੌਕਰੀ ਛੱਡ ਫ਼ੀਰੋਜ਼ਪੁਰ ਨੂੰ ਚਲੇ ਗਏ ਅਤੇ ਮਸਤਾਨੇ ਹੋਏ ਫਿਰੇ । ਪਹਿਲਾਂ ਇਨ੍ਹਾਂ ਇਕ ਰਾਮਗੜ੍ਹੀਏ ਨਿਹਾਲ ਸਿੰਘ ਨੂੰ ਨਾਮ ਦੇ ਕੇ ਨਿਹਾਲ ਕੀਤਾ, ਜਿਨ੍ਹਾਂ ਫ਼ੀਰੋਜ਼ਪੁਰ ਬੰਨੇ ਕਿੰਨਿਆਂ ਹੀ ਮਲਵੱਈਆਂ ਸਿੰਘਾਂ ਨੂੰ ਨਿਹਾਲ ਕੀਤਾ । ਮੁੜ (ਬਾਬਾ) ਰਾਮ ਸਿੰਘ ਜੀ ਲੁਧਿਆਣੇ ਦੇ ਜ਼ਿਲੇ ਵਿਚ ਭੈਣੀ ਨਾਮੇ ਪਿੰਡ ਵਿਚ ਆਨ ਰਹੇ, ਜੋ ਹੁਣ ਭੈਣੀ ਸਾਹਿਬ ਕਰ ਕੇ ਅਖਵਾਉਂਦਾ ਹੈ ।"

ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਬਾਬਾ ਰਾਮ ਸਿੰਘ ਜੀ ਦੇ ਦਰਬਾਰ ਲਾਹੌਰ ਦੀ ਫ਼ੌਜ ਵਿਚ ਭਰਤੀ ਹੋਣ ਪਿਛੋਂ ਹਜ਼ਰੋਂ ਜਾ ਕੇ ਬਾਬਾ ਬਾਲਕ ਸਿੰਘ ਜੀ ਤੋਂ ਨਾਮ-ਦਾਨ ਲੈਣ ਤੇ ਫਿਰ ਪਹਿਲਾ ਜਾਂ ਕੁਝ ਦੇਰ ਪਿਛੋਂ ਨੌਕਰੀ ਛੱਡ ਕੇ ਭਜਨ-ਬੰਦਗੀ ਕਰਨ ਦੇ ਹਾਲਾਤ ਥੋੜੇ ਕੁ ਹੇਰ ਫੇਰ ਨਾਲ ਲਗ ਭਗ ਇਕੋ ਹੀ ਕਿਸਮ ਦੇ ਮਿਲਦੇ ਹਨ, ਜਿਨ੍ਹਾਂ ਵਿਚੋਂ ਬਾਬਾ ਜੀ ਦੇ ਵਡੱਪਨ ਦੀ ਪੂਰੀ ਪੂਰੀ ਝਲਕ ਪੈਂਦੀ ਹੈ । ਬਾਬਾ ਰਾਮ ਸਿੰਘ ਜੀ ਨੇ ਸਿੱਖ ਰਾਜ ਦੀ ਫ਼ੌਜੀ ਨੌਕਰੀ ਹਜਰੋਂ ਜਾ ਕੇ ਛੱਡੀ ਜਾਂ ਪਿਛੋਂ ਜੰਮੂ ਦੀ ਲੜਾਈ ਸਮੇਂ ਸੰਨ ੧੮੪੪ ਈ· ਵਿਚ, ਪਰ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਹ ਦੋਵੇਂ ਹੀ ਇਤਿਹਾਸਕ ਘਟਨਾਵਾਂ ਉਨ੍ਹਾਂ ਦੇ ਅਧਿਆਤਮਕ ਜੀਵਨ ਉਤੇ ਕੋਈ ਹਰਫ਼ ਨਹੀਂ ਆਉਣ ਦਿੰਦੀਆਂ, ਸਗੋਂ ਉਸ ਨੂੰ ਹੋਰ ਉਚਿਆਉਂਦੀਆਂ ਹਨ । ਇਨ੍ਹਾਂ ਵਿਚੋਂ ਨੌਕਰੀ ਛੱਡਣ ਦੀ ਪਹਿਲੀ ਸੰਨ ੧੮੪੧ ਈ: ਘਟਨਾ ਵਧੇਰੇ ਸਹੀ ਪ੍ਰਤੀਤ ਹੁੰਦੀ ਹੈ ।

ਬਾਬਾ ਰਾਮ ਸਿੰਘ ਜੀ ਦੇ ਸਿੱਖ ਰਾਜ ਦੀ ਫ਼ੌਜੀ ਨੌਕਰੀ ਛੱਡਣ ਦਾ ਤੀਜਾ ਵਾਕਿਆ ਇਹ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੇ ਸੰਨ ੧੮੪੫ ਈ: ਵਿਚ ਦਰਿਆ ਸਤਲੁਜ ਦੀ ਪਹਿਲੀ (ਸਿੱਖਾਂ ਤੇ ਅੰਗਰੇਜ਼ਾਂ ਦੀ) ਲੜਾਈ ਸਮੇਂ, ਜਦ ਦੋਹਾਂ ਪਾਸਿਆਂ ਦੀਆਂ ਫ਼ੌਜਾਂ ਆਹਮੋ ਸਾਹਮਣੇ ਹੋਈਆਂ ਤਾਂ ਫਿਲੌਰ ਦੇ ਸਥਾਨ ਪਰ ਬੰਦੂਕ ਸੁੱਟੀ ਤੇ ਦਰਿਆ ਸਤਲੁਜ ਲੰਘ ਕੇ ਲੁਧਿਆਣੇ ਦਾ ਰਾਹ ਫੜਿਆ ਸੀ । ਵਰਤਮਾਨ ਸਮੇਂ ਦੇ ਕਈ ਲੇਖਕ, ਜਿਨ੍ਹਾਂ ਵਿਚ ਕੁਝ ਨਾਮਧਾਰੀ ਲੇਖਕ ਵੀ ਸ਼ਾਮਲ ਹਨ, ਇਸੇ ਘਟਨਾ ਦੀ ਤਸਦੀਕ ਕਰਦੇ ਹਨ, ਪਰ ਇਹ ਵਾਕਿਆ ਖੋਜ ਅਤੇ ਹਕੀਕਤ ਸ਼ਨਾਸੀ ਦੇ ਪੱਖ ਤੋਂ ਏਨਾ ਵਜ਼ਨਦਾਰ ਸਾਬਤ ਨਹੀਂ ਹੁੰਦਾ ਕਿਉਂਕਿ ਅੱਵਲ ਤਾ ਬਾਬਾ ਰਾਮ ਸਿੰਘ ਜੀ ਜਿਹਾ ਜੋਧਾ, ਜਿਸ ਨੇ ਅੰਗਰੇਜ਼ੀ ਹਕੂਮਤ ਨਾਲ ਸਿੱਧਾ ਮੱਥਾ ਲਾਇਆ ਹੋਵੇ, ਅਜਿਹੇ ਜੰਗ ਸਮੇਂ ਸਿੱਖ-ਫ਼ੌਜਾਂ ਦਾ ਸਾਥ ਨਹੀਂ ਛੱਡ ਸਕਦਾ । ਨਾਲੇ ਅਜਿਹੇ ਜੰਗ ਸਮੇਂ ਆਪਣੀ ਹੀ ਫ਼ੌਜ ਦਾ ਸਾਥ ਛੱਡ ਕੇ ਝਟ ਪਟ ਦੁਸ਼ਮਨ ਦੇ ਇਲਾਕੇ ਵਿਚ ਚਲੇ ਜਾਣਾ ਕਿਸੇ ਵੀ ਸਰਕਾਰ ਦੇ ਫ਼ੌਜੀ ਕਾਇਦੇ-ਕਾਨੂੰਨ ਤੋਂ ਸੋਲਾਂ ਆਨੇ ਖ਼ਿਲਾਫ਼ ਤੇ ਇਕ ਪ੍ਰਕਾਰ ਦਾ ਨਾਕਾਬਿਲੇ-ਮੁਆਫ਼ੀ ਰਾਜਸੀ ਅਪਰਾਧ ਹੈ, ਤੇ ਦੂਜੇ ਇਸ ਤਰ੍ਹਾਂ ਹਥਿਆਰ ਸੁਟ ਕੇ ਨੌਕਰੀ ਛੱਡਣ ਵਿਚ ਕਿਸੇ ਤਰ੍ਹਾਂ ਦੀ ਕੋਈ ਸੂਰਮਤਾਈ ਜਾਂ ਨੇਕੀ ਵੀ ਨਹੀਂ ਮੰਨੀ ਜਾ ਸਕਦੀ । ਇਸ ਲਈ ਇਸ ਦੇ ਮੁਕਾਬਲੇ ਤੇ ਸੰਨ ੧੮੪੧ ਈਸਵੀ ਵਿਚ ਹਜ਼ਰੋਂ ਦੇ ਸਥਾਨ ਪਰ ਜਾਂ ਇਸ ਤੋਂ ਬਾਅਦ ਸੰਨ ੧੮੪੪ ਈ: ਵਿਚ ਜੰਮੂ ਦੇ ਸਿੱਖ-ਡੋਗਰਾ ਜੁੱਧ ਸਮੇਂ ਨੌਕਰੀ ਛੱਡਣ ਦੀਆਂ ਦੋਵੇਂ ਘਟਨਾਵਾਂ ਹਰ ਤਰ੍ਹਾਂ ਬੇਲਾਗ ਤੇ ਜੁਗਤੀ ਸੰਗਤ ਹਨ । ਇਸ ਕਾਰਨ ਮੇਰਾ ਪੱਕਾ ਵਿਸ਼ਵਾਸ਼ ਹੈ ਕਿ ਬਾਬਾ ਰਾਮ ਸਿੰਘ ਜੀ ਨੇ, ਜੋ ਇਕ ਆਦਰਸ਼ਵਾਦੀ, ਦ੍ਰਿੜ੍ਹ ਇਰਾਦੇ ਦੇ ਮਾਲਿਕ ਅਤੇ ਮਹਾਨ ਵਿਅਕਤੀ ਸਨ, ਦਰਅਸਲ ਸਿੱਖ ਰਾਜ ਦੀ ਫ਼ੌਜੀ ਸਰਵਿਸ ਸੰਨ ੧੮੪੧ ਈ: ਵਿਚ ਹਜ਼ਰੋਂ ਦੇ ਸਥਾਨ ਪਰ ਬਾਬਾ ਬਾਲਕ ਸਿੰਘ ਜੀ ਦੇ ਸਤਿਸੰਗ ਕਾਰਨ ਹੀ ਵਡੱਪਣ ਦੀ ਭਾਵਨਾ ਤੋਂ ਪ੍ਰੇਰਿਤ ਹੋ ਕੇ ਛੱਡੀ ਸੀ ਤੇ ਫੇਰ ਭੈਣੀ ਸਾਹਿਬ ਦੇ ਸਥਾਨ ਪਰ ੨੦ ਵਰ੍ਹੇ ਕਰੜੀ ਤਪੱਸਿਆ ਕਰ ਕੇ ਦੇਸ ਵਿਆਪੀ ਨਾਮਧਾਰੀ ਲਹਿਰ ਦਾ ਮੁੱਢ ਬੰਨ੍ਹਿਆ ਸੀ ।

Namdhari Elibrary NamdhariElibrary@gmail.com

ਗੁਰੂ ਰਾਮ ਸਿੰਘ
ਨਾਮਧਾਰੀ ਪੰਥ ਦੇ ਸੰਸਥਾਪਕ

ਡਾ: ਕਾਲਾ ਸਿੰਘ ਬੇਦੀ

ਇਤਿਹਾਸ ਤੋਂ ਪਤਾ ਚਲਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਪਿਛੋਂ ਪੰਜਾਬ-ਰਾਜ ਦੀ ਸਥਿਤੀ ਬਿਲਕੁਲ ਡਾਵਾਂਡੋਲ ਹੋ ਗਈ। ਜਿਸ ਰਾਜ ਨੂੰ ਮਹਾਰਾਜਾ ਨੇ ਆਪਣੀਆਂ ਅਣਥਕ ਕੋਸ਼ਿਸ਼ਾਂ ਨਾਲ ਸੰਗਠਿਤ ਕੀਤਾ ਸੀ ਅਤੇ ਇਕ ਉਹ ਸੁਤੰਤਰ ਤੇ ਸ਼ਕਤੀਸ਼ਾਲੀ ਰਾਜ ਬਣਾਇਆ ਸੀ ਜਿਸ ਦੀ ਧਾਕ ਸਾਰੇ ਯੂਰਪ ਵਿਚ ਬੈਠ ਗਈ ਸੀ। ਮਹਾਰਾਜਾ ਨੇ ਇਸ ਰਾਜ ਨੂੰ ਵਾਸਤਵ ਵਿਚ ਪੰਜਾਬੀਆਂ ਦਾ ਰਾਜ ਕਾਇਮ ਕੀਤਾ ਸੀ, ਜਿਸ ਵਿਚ ਪੰਜਾਬੀਅਤ ਦਾ ਸ਼ਾਸਨ, ਸੀ ਤੇ ਸਭ ਦਾ ਸਾਂਝਾ ਰਾਜ ਸੀ। ਲੋਕਤੰਤ੍ਰਤਾ ਇਸ ਵਿਚ ਲਿਸ਼ਕਾਰੇ ਮਾਰ ਰਹੀ ਸੀ। ਹਿੰਦੂ-ਮੁਸਲਮ, ਸਿੱਖ, ਈਸਾਈ ਸਭ ਭਾਈ ਭਾਈ ਸਨ। ਪੰਜਾਬੀ ਫ਼ੌਜਾਂ ਨੂੰ ਯੂਰਪੀਨ ਰੰਗ-ਢੰਗ ਵਿਚ ਢਾਲਿਆ ਗਿਆ ਸੀ। ਇਕ ਯੂਰਪੀਨ ਇਤਿਹਾਸਕਾਰ ਨੇ ਹਰੀ ਸਿੰਘ ਨਲੂਏ ਦੇ ਬਾਰੇ ਲਿਖਿਆ ਹੈ ਕਿ ਇਹ ਜਰਨੈਲ ਦੁਨੀਆਂ ਦੇ ਸਿਰ ਮੌਰ ਜਰਨੈਲਾਂ ਵਿਚੋਂ ਇਕ ਮਹਾਨ ਜਰਨੈਲ ਸੀ ਜੇ ਇਸ ਨੂੰ ਪੂਰੀ ਤਰ੍ਹਾਂ ਜੰਗ ਦਾ ਸਾਜ਼-ਸਾਮਾਨ ਮਿਲ ਜਾਂਦਾ, ਤਦ ਇਹ ਸੰਸਾਰ ਉੱਪਰ ਵਿਜੈ ਪ੍ਰਾਪਤ ਕਰ ਸਕਦਾ ਸੀ। ਪਰ ਅਫ਼ਸੋਸ ਕਿ ਇਤਨੇ ਵਡੇ ਸ਼ਕਤੀਸ਼ਾਲੀ ਰਾਜ ਦੀ ਅਧੋਗਤੀ ਮਹਾਰਾਜਾ ਦੀਆਂ ਅੱਖੀਂ ਮੀਟਣ ਨਾਲ ਹੀ ਸ਼ੁਰੂ ਹੋ ਗਈ। ਅਫੜਾ ਤਫੜੀ ਮਚ ਗਈ। ਤਾਕਤ ਹਾਸਲ ਕਰਨ ਦੀ ਹੋੜ ਸ਼ੁਰੂ ਹੋ ਗਈ। ਨਾਇਤਫ਼ਾਕੀ ਦਾ ਜ਼ੋਰ ਵਧ ਗਿਆ। ਨਤੀਜੇ ਵਜੋਂ ਫ਼ੌਜਾ ਵਿਚ ਫੁੱਟ ਪੈ ਗਈ। ਅੰਗਰੇਜ਼ ਲੋਕਾਂ ਨੇ ਇਸ ਫੁੱਟ ਦਾ ਲਾਭ ਉਠਾਇਆ ਤੇ ਪੰਜਾਬ ਦੀ ਹਾਲਤ ਖੇਰੂੰ ਖੇਰੂੰ ਹੋ ਗਈ। ਇਸ ਅਧੋਗਤੀ ਦੇ ਸਮੇਂ ਅਕਾਲ ਪੁਰਖ ਵਲੋਂ ਭੇਜੀ ਹੋਈ ਇਕ ਮਹਾਨ ਹਸਤੀ ਅਗੇ ਆਈ ਜਿਸ ਨੇ ਇਸ ਵਿਗੜੀ ਹੋਈ ਸਿਥਿਤੀ ਦਾ ਐਕਸ-ਰੇ ਜਾਇਜ਼ਾ ਲਿਆ ਤੇ ਆਉਣ ਵਾਲੇ ਸਮਿਆਂ ਨੂੰ ਦੂਰ-ਦ੍ਰਿਸ਼ਤਾ ਦੀ ਐਨਕ ਨਾਲ ਵੇਖਿਆ। ਇਸ ਬਰਬਾਦੀ ਦੇ ਹੜ੍ਹ ਨੂੰ ਰੋਕਣ ਲਈ ਇਕ ਨਵੀਂ ਬੁਨਿਆਦੀ ਲਹਿਰ ਦੀ ਨੀਂਹ ਰਖੀ, ਜਿਸ ਨੇ ਮੁੜ ਮੁਰਦਾ ਕੌਮ ਵਿਚ ਜਾਨ ਪਾਈ। ਇਹ ਮਹਾਨ ਹਸਤੀ, ਸਤਿਗੁਰੂ ਰਾਮ ਸਿੰਘ ਜੀ ਦੇ ਰੂਪ ਵਿਚ ਨੁਮਾਇਆਂ ਹੋਈ।

ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਸ੍ਰੀ ਭੈਣੀ ਸਾਹਿਬ ਵਿਚ ਹੋਇਆ। ਆਪ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਜੀ ਸਨ, ਜੋ ਰਾਮਗੜ੍ਹੀਆ ਵੰਸ਼ ਨਾਲ ਸੰਬੰਧਤ ਸਨ। ਇਨ੍ਹਾਂ ਦੇ ਹੋਰ ਭੈਣ ਭਰਾ ਵੀ ਸਨ, ਪਰ ਇਹ ਬਚਪਨ ਤੋਂ ਹੀ ਬਾਕੀ ਬੱਚਿਆਂ ਨਾਲੋਂ ਵਿਲਖਣ ਸਨ। ਗੁਰਮਤ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਕ੍ਰਿਤ ਕਰਮ ਅਨੁਸਾਰ ਹੀ ਮਨੁੱਖ ਨੂੰ ਸੰਸਾਰ ਅੰਦਰ ਚਲਣਾ ਪੈਂਦਾ ਹੈ ਤੇ ਪਿਛਲੇ ਜਨਮਾਂ ਦੇ ਸੰਸਕਾਰ ਵੀ ਮਨੁੱਖ ਦੇ ਜੀਵਨ ਨਾਲ ਸਦਾ ਉਸ ਦੀ ਅਗਵਾਈ ਤੇ ਸਹਾਇਤਾ ਕਰਦੇ ਰਹਿੰਦੇ ਹਨ। ਇਹ ਅਸੂਲ ਬਾਬਾ ਰਾਮ ਸਿੰਘ ਤੇ ਪੂਰਾ ਉਤਰਦਾ ਹੈ, ਕਿਉਂਕਿ ਆਪ ਜੀ ਬਚਪਨ ਵਿਚ ਸ਼ੋਖ਼ ਤੇ ਸ਼ਰਾਰਤੀ ਜਾਂ ਚੰਚਲ ਹੋਣ ਦੀ ਬਜਾਏ, ਈਸ਼ਵਰ-ਭਗਤੀ ਵਿਚ ਲੀਨ ਰਹਿੰਦੇ ਸਨ। ਉਸ ਵੇਲੇ ਕਿਸੇ ਨੂੰ ਕੀ ਪਤਾ ਸੀ ਕਿ ਇਹ ਈਸ਼ਵਰ-ਭਗਤ ਬਾਲਕ ਕਿਸੇ ਨਾ ਕਿਸੇ ਦਿਨ ਇਕ ਮਹਾਨ ਹਸਤੀ ਦੇ ਰੂਪ ਵਿਚ ਕੌਮ ਦੀ ਅਗਵਾਈ ਕਰੇਗਾ ਤੇ ਵੱਡਾ ਸੁਧਾਰਕ ਸਿੱਧ ਹੋਵੇਗਾ।

ਇਨ੍ਹਾਂ ਦਿਨਾਂ ਵਿਚ ਸਤਿਗੁਰੂ ਰਾਮ ਸਿੰਘ ਦੇ ਬਹਿਨੋਈ (ਭਣਵੱਈਆ) ਸ੍ਰ: ਕਾਬਲ ਸਿੰਘ ਜੀ ਸਿੱਖ ਫ਼ੌਜ ਵਿਚ ਇਕ ਜਮਾਂਦਾਰ ਦੀ ਹੈਸੀਅਤ ਵਿਚ ਕੰਮ ਕਰ ਰਹੇ ਸਨ। ੧੮੩੭ ਈ: ਵਿਚ ਆਪ ਸਿੱਖ ਫ਼ੌਜ ਵਿਚ ਭਰਤੀ ਹੋਏ ਸਨ। ਸ: ਕਾਬਲ ਸਿੰਘ ਇਕ ਸਚੇ ਤੇ ਸੁਚੇ ਸਿੰਘ ਸਨ, ਇਸ ਲਈ ਆਪ ਨੇ ਬੜੇ ਉਤਸਾਹ, ਜੀਅ-ਜਾਨ ਤੇ ਵਫ਼ਾਦਾਰੀ ਨਾਲ ਸਿੱਖ ਫ਼ੌਜ ਦੀ ਸੇਵਾ ਕੀਤੀ ਤੇ ਆਪਣੀ ਜਿਮੇਂਦਾਰੀ ਨੂੰ ਨਿਭਾਇਆ। ਇਨ੍ਹਾਂ ਨੇ ਸਤਿਗੁਰੂ ਰਾਮ ਸਿੰਘ ਨੂੰ ਸਿੱਖ ਫ਼ੌਜ ਵਿਚ ਭਰਤੀ ਕਰਵਾ ਲਿਆ ਸੀ। ਇਕ ਵਾਰ ਜਦ ਇਨ੍ਹਾਂ ਦੀ ਨਿਗਰਾਨੀ ਅਧੀਨ ਸਰਕਾਰੀ ਖਜ਼ਾਨਾ ਪਿਸ਼ਾਵਰ ਨੂੰ ਲੈ ਜਾਇਆ ਜਾ ਰਿਹਾ ਸੀ ਕਿ ਰਾਮ ਸਿੰਘ ਜੀ ਨੇ ਹਜ਼ਰੋਂ ਵਿਚ ਯਾਰ੍ਹਵੇਂ ਗੁਰੂ, ਸ੍ਰੀ ਗੁਰੂ ਬਾਲਕ ਸਿੰਘ ਦੇ ਹਜ਼ੂਰ ਹਾਜ਼ਰ ਹੋਣ ਲਈ ਤੇ ਚਰਨਾਂ ਵਿਚ ਸ਼ਰਧਾਂਜਲੀ ਪੇਸ਼ ਕਰਨ ਲਈ ਆਪਣੇ ਅਫ਼ਸਰਾਂ ਪਾਸੋਂ ਛੁੱਟੀ

Namdhari Elibrary NamdhariElibrary@gmail.com

ਮੰਗੀ। ਆਗਿਆ ਦੇ ਪ੍ਰਬੰਧ ਹੋਣ ਮਗਰੋਂ ਆਪ ਗਏ। ਸਤਿਗੁਰੂ ਬਾਲਕ ਸਿੰਘ ਨੇ ਰਾਮ ਸਿੰਘ ਜੀ ਦਾ, ਸਾਥੀਆਂ ਸਹਿਤ, ਨਿੱਘਾ ਤੇ ਪਿਆਰ ਭਰਪੂਰ ਸੁਆਗਤ ਕੀਤਾ ਤੇ ਨਵਾਜਿਆ। ਆਪ ਜੀ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ "ਅਸੀਂ ਬੜੀ ਦੇਰ ਤੋਂ ਆਪ ਜੀ ਦੀ ਉਡੀਕ ਕਰ ਰਹੇ ਹਾਂ ਤਾਕਿ ਗੁਰਿਆਈ ਦਾ ਕਾਰਜ-ਭਾਰ ਤੇ ਜਿਮੇਂਦਾਰੀ ਆਪ ਦੇ ਸਪੁਰਦ ਕਰ ਦਿਤੀ ਜਾਵੇ" ਆਪਣੇ ਪੱਕੇ ਇਰਾਦੇ ਅਨੁਸਾਰ ਆਪ ਨੇ (ਸਤਿਗੁਰੂ ਬਾਲਕ ਸਿੰਘ) ਗੁਰੂ ਰਾਮ ਸਿੰਘ ਜੀ ਨੂੰ ਗੱਦੀ ਬਖਸ਼ ਦਿਤੀ। ਗੱਦੀ ਉਪਰ ਬਿਰਾਜਮਾਨ ਹੋਣ ਪਿਛੋਂ, ਅਮਲੀ ਜੀਵਨ ਤੇ ਗੁਰ ਸਿੱਖਿਆ ਦੇ ਸੱਚੇ ਵਿਚ ਢਲਣ ਮਗਰੋਂ, ਗੁਰੂ ਰਾਮ ਸਿੰਘ ਜੀ ਦੇ ਮਨ ਦੇ ਕਪਾਟ ਖੁਲ੍ਹ ਗਏ, ਅਤੇ ਗਿਆਨ-ਪ੍ਰਕਾਸ਼ ਨੇ ਹਿਰਦੇ ਨੂੰ ਰੌਸ਼ਨ ਕਰ ਦਿਤਾ। ਆਪ ਨੇ ਛੇਤੀ ਹੀ ਫ਼ੌਜੀ ਨੌਕਰੀ ਨੂੰ ਠੋਕਰ ਮਾਰ ਦਿਤੀ ਅਤੇ ਦਸਾਂ ਨਹੁੰਆਂ ਦੀ ਕ੍ਰਿਤ ਕਰਨ ਦਾ ਸਬਕ ਸਿਖਾਉਣ ਲਈ, ਸ੍ਰੀ ਭੈਣੀ ਸਾਹਿਬ ਵਿਚ ਦੁਕਾਨ ਪਾ ਲਈ ਅਤੇ ਕਾਫ਼ੀ ਸਮੇਂ ਤਕ ਦੁਕਾਨਦਾਰੀ ਕਰਦੇ ਰਹੇ, ਜਿਸ ਰਾਹੀਂ ਸੱਚੇ ਸੌਦੇ ਦਾ ਵਪਾਰ ਕੀਤਾ। ਇਸ ਦੁਕਾਨ-ਦਾਰੀ ਦੇ ਨਾਲ ਨਾਲ ਆਪਣੇ ਅਮਲੀ ਜੀਵਨ ਰਾਹੀਂ ਤੇ ਪ੍ਰਚਾਰ ਰਾਹੀਂ ਸਿੱਖੀ ਸਿਧਾਂਤਾਂ ਨੂੰ ਲੋਕ ਸਮੂਹ ਅਗੇ ਪੇਸ਼ ਕਰਦੇ ਰਹੇ, ਅਤੇ ਆਪ ਜੀ ਦਾ ਨਾਮ ਪੰਜਾਬ ਵਿਚ ਛੇਤੀ ਹੀ ਪ੍ਰਸਿਧ ਹੋ ਗਿਆ। ਥੋੜੇ ਜਿਹੇ ਸਮੇਂ ਵਿਚ ਆਪ ਦੀ ਕੀਰਤੀ ਤੇ ਜਸ ਫੈਲ ਗਿਆ ਤੇ ਅਨੇਕਾਂ ਲੋਕ ਆਪ ਦੇ ਸਿੱਖ ਬਣ ਗਏ ਅਤੇ ਆਪ ਜੀ ਦੀ ਯੋਗ ਅਗਵਾਈ ਹੇਠ ਆ ਗਏ। ਆਪ ਜੀ ਦਾ ਜੀਵਨ ਬਹੁਤ ਹੀ ਸਰਲ, ਸਾਦਾ ਤੇ ਪਵਿੱਤਰ ਸੀ। ਆਪ ਜੀ ਸਦਾ ਸੁਤੰਤਰਤਾ ਤੇ ਦੇਸ਼-ਪ੍ਰੇਮ ਦੇ ਜਜ਼ਬੇ ਵੀ ਪ੍ਰਗਟ ਕਰਦੇ ਰਹਿੰਦੇ ਸਨ, ਇਸ ਲਈ ਕੁਝ ਦੁਸ਼ਮਣਾਂ ਨੇ ਬਰਤਾਨਵੀ ਸਰਕਾਰ ਦੇ ਉੱਚ ਅਧਿਕਾਰੀਆਂ ਦੇ ਕੰਨ ਭਰਨੇ ਸੁਰੂ ਕਰ ਦਿਤੇ ਤੇ ਇਹ ਸ਼ਕਾਇਤ ਕੀਤੀ ਗਈ ਕਿ ਗੁਰੂ ਰਾਮ ਸਿੰਘ ਬਰਤਾਨਵੀ ਸਰਕਾਰ ਦੇ ਕੱਟੜ ਤੇ ਜਾਨੀ ਦੁਸ਼ਮਣ ਹਨ ਅਤੇ ਉਹ ਅੰਗਰੇਜ਼ ਸਰਕਾਰ ਦਾ ਤਖ਼ਤਾ ਉਲਟਾ ਕੇ ਦੇਸੀ ਰਾਜ ਸਥਾਪਤ ਕਰਨਾ ਚਾਹੁੰਦੇ ਹਨ। ਅੰਗਰੇਜ਼ ਬੜੇ ਨੀਤੀਵਾਨ ਸਨ ਤੇ ਉਹ ਭਾਰਤ ਵਿਚ ਸਦੀਵੀ ਅੰਗਰੇਜ਼ੀ ਰਾਜ ਨੂੰ ਰਖਣਾ ਚਾਹੁੰਦੇ ਸਨ, ਇਸ ਲਈ ਅੰਗਰੇਜ਼ ਸ਼ਾਸਕਾਂ ਨੇ ਇਨ੍ਹਾਂ ਰਪੋਟਾਂ ਦੇ ਆਧਾਰ ਉਪਰ ਗੁਰੂ ਰਾਮ ਸਿੰਘ ਨੂੰ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿੱਤਾ। ਗੁਰੂ ਰਾਮ ਸਿੰਘ ਸ੍ਰੀ ਗੁਰੂ ਨਾਨਕ ਦੇਵ ਦੇ ਇਕ ਸਚੇ ਸੁਚੇ ਤੇ ਮਹਾਨ ਪੈਰੋਕਾਰ ਸਨ, ਬੜੇ ਹੀ ਦੂਰ ਦਰਸ਼ੀ ਤੇ ਨੀਤੀਵਾਨ ਵੀ ਸਨ। ਨਜ਼ਰਬੰਦੀ ਦੇ ਹੁੰਦਿਆਂ ਉਨ੍ਹਾਂ ਨੇ ਸਿੱਖੀ ਦੇ ਉਘੇ ਅਤੇ ਪਵਿੱਤਰ ਅਸੂਲਾਂ ਦੇ ਪ੍ਰਚਾਰ ਲਈ ਪੰਜ ਸੂਬੇ ਮੁਕੱਰਰ ਕੀਤੇ, ਜਿਨ੍ਹਾਂ ਨੇ ਆਪਣੇ ਆਪਣੇ ਪ੍ਰਚਾਰ ਕੇਂਦਰ ਵਿਚ ਸਿੱਖੀ ਦਾ ਪ੍ਰਚਾਰ ਸੁਰੂ ਕਰ ਦਿਤਾ, ਪਰ ਅੰਗਰੇਜ਼ ਸਰਕਾਰ ਨੇ ਇਨ੍ਹਾਂ ਨੂੰ ਵੀ ਨਜ਼ਰਬੰਦ ਕਰ ਦਿਤਾ। ਇਤਿਹਾਸ ਦੱਸਦਾ ਹੈ, ਕਿ ਆਪ ਜੀ ਦੀ ਇਸ ਹਰ-ਦਿਲ ਅਜ਼ੀਜ਼ੀ ਤੇ ਆਪ ਵਿਚ ਲੋਕਾਂ ਦੇ ਵਧਦੇ ਵਿਸਵਾਸ ਨੂੰ ਦੇਖ ਕੇ ਪੰਜਾਬ ਦਾ ਅੰਗਰੇਜ਼ ਲੈਫ਼ਟੀਨੈਂਟ ਗਵਰਨਰ, ਖ਼ੁਦ ਸ੍ਰੀ ਭੈਣੀ ਸਾਹਿਬ ਆਇਆ ਤੇ ਗੁਰੂ ਰਾਮ ਸਿੰਘ ਨੂੰ ਪੁੱਛਿਆ ਕਿ ਹੁਣ ਤੁਸੀਂ ਕਿਹੜਾ ਅਗਲਾ ਕਦਮ ਚੁਕਣਾ ਚਾਹੁੰਦੇ ਹੋ। ਇਕ ਗੱਲ ਏਥੇ ਯਾਦ ਰਖਣੀ ਚਾਹੀਦੀ ਹੈ ਕਿ ਪੰਜ ਸੂਬਿਆਂ ਦੇ ਨਜ਼ਰ ਬੰਦ ਹੋਣ ਪਿਛੋਂ ਗੁਰੂ ਰਾਮ ਸਿੰਘ ਨੇ ਪ੍ਰਚਾਰ ਕਰਨ ਲਈ ਹੋਰ ਸਤਾਰਾਂ ਸੂਬੇ ਨੀਅਤ ਕਰ ਦਿਤੇ ਸਨ, ਜਿਨ੍ਹਾਂ ਨੂੰ ਅੰਗਰੇਜ਼ ਸ਼ਾਸਕਾਂ ਨੇ ਪਹਿਲਿਆਂ ਸੂਬਿਆਂ ਵਾਂਗ ਨਜ਼ਰਬੰਦ ਕਰ ਦਿਤਾ ਸੀ। ਹੁਣ ਲੈਫ਼ਟੀਨੈਂਟ ਨੇ ਜਦ ਸਿਕੰਦਰ ਮਹਾਨ ਵਾਲੀ ਆਕੜ ਨਾਲ ਪੁੱਛਿਆ ਕਿ ਹੁਣ ਤੁਸੀਂ ਅਗੇ ਕੀ ਕਰਨਾ ਚਾਹੁੰਦੇ ਹੋ, ਤਦ ਆਪਣੀ ਭਾਰਤੀ ਸਭਿਤਾ ਦਲੇਰੀ, ਤੇ ਇਕ ਸਿੰਘ ਦੀ ਹੈਸੀਅਤ ਨਾਲ ਵਡੀ ਦਲੇਰੀ ਸਹਿਤ ਜਵਾਬ ਦਿਤਾ ਕਿ ਘਰ ਘਰ ਵਿਚ ਰਾਮ ਸਿੰਘ ਪੈਦਾ ਕੀਤੇ ਜਾਣਗੇ।" ਆਪ ਜੀ ਦਾ ਭਾਵ ਇਹ ਸੀ ਕਿ ਸਾਡਾ ਪ੍ਰਚਾਰ ਜਾਰੀ ਰਹੇਗਾ, ਜੇ ਤੁਸੀਂ ਸਾਨੂੰ ਕੈਦ ਕਰ ਲਵੋਗੇ ਤਦ ਅਨੇਕਾਂ ਹੋਰ ਦੇਸ਼ ਦੀ ਸ਼ਮ੍ਹਾਂ ਤੋਂ ਕੁਰਬਾਨ ਹੋਣ ਵਾਲੇ ਪਰਵਾਨੇ ਪੈਦਾ ਹੋ ਜਾਣਗੇ। ਸਾਡੇ ਵਿਚਾਰ ਵਿਚ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਦੀ ਨੀਂਹ ਗੁਰੂ ਰਾਮ ਸਿੰਘ ਨੇ ਇਸ ਆਪਣੇ ਇਕ ਛੋਟੇ ਜਿਹੇ ਵਾਕ ਵਿਚ ਰੱਖ ਦਿਤੀ। ਇਨ੍ਹਾਂ ਸਮਿਆਂ ਵਿਚ ਅੰਗਰੇਜ਼ਾਂ ਨੇ ਫੁੱਟ ਪਾਓ ਤੇ ਰਾਜ ਕਰੋ ਦੀ ਨੀਤੀ ਅਧੀਨ ਕਈ ਜਗ੍ਹਾ ਬੁੱਚੜਖਾਨੇ ਖੋਲ੍ਹ ਦਿਤੇ। ਗੁਰੂ ਰਾਮ ਸਿੰਘ ਜੀ ਦੇ ਪ੍ਰਚਾਰ ਨੇ ਨਾਮਧਾਰੀ ਸਿੱਖਾ ਵਿਚ ਇਕ ਜ਼ਬਰਦਸਤ ਸ਼ਕਤੀ ਭਰ ਦਿਤੀ ਸੀ, ਜੋ ਦੇਸ਼-ਸੇਵਾ ਅਤੇ ਧਰਮ ਦੀ ਖ਼ਾਤਰ ਹਰ ਕੁਰਬਾਨੀ ਕਰਨ ਲਈ ਤਿਆਰ ਬਰ ਤਿਆਰ ਸਨ।

ਸੋ ਸਿੱਟੇ ਵਜੋਂ, ਇਹਨਾਂ ਹੀ ਦਿਨਾਂ ਵਿਚ ਗਊ-ਬਧ ਕਰਨ ਵਾਲੇ ਅਨੇਕਾਂ ਬੁੱਚੜਾਂ ਨੂੰ, ਜਾਨ ਦੀ ਬਾਜ਼ੀ ਲਗਾ ਕੇ ਕਤਲ ਕਰ ਦਿਤਾ ਗਿਆ। ਅੰਗ੍ਰੇਜ਼ਾਂ ਨੇ ਬੁੱਚੜਾਂ ਦੇ ਕਤਲ-ਕੇਸ ਵਿਚ ਕੁਝ ਨਿਰਦੋਸ਼ ਨਿਹੰਗ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ, ਜਦ ਕਿ ਕਤਲ ਨਾਮਧਾਰੀ ਸਿੰਘਾਂ ਨੇ ਕੀਤਾ ਸੀ। ਗੁਰੂ ਰਾਮ ਸਿੰਘ ਜੀ ਨੇ ਬੁੱਚੜਾਂ ਦੇ ਕਾਤਲ ਨਾਮਧਾਰੀ ਸਿੰਘਾਂ ਨੂੰ ਰਾਏ ਦਿੱਤੀ ਕਿ ਨਿਰਦੋਸ਼ ਨਿਹੰਗ ਸਿੰਘਾਂ ਨੂੰ

Namdhari Elibrary NamdhariElibrary@gmail.com

ਛੁਡਾਉਣ ਲਈ, ਉਹ ਅੰਗ੍ਰੇਜ਼ੀ ਅਧਿਕਾਰੀਆਂ ਸਾਹਵੇਂ ਆਪਣੇ ਜੁਰਮ ਦਾ ਇਕਬਾਲ ਕਰ ਲੈਣ। ਆਪ ਜੀ ਦੇ ਪਵਿੱਤਰ ਬਚਨਾਂ ਵਿਚ ਉਹ ਸ਼ਕਤੀ ਸੀ ਕਿ ਨਾਮਧਾਰੀ ਸਿੰਘਾਂ ਨੇ, ਜਾਨ ਦੀ ਪਰਵਾਹ ਨਾ ਕਰਦਿਆਂ ਹੋਇਆਂ ਐਸਾ ਹੀ ਕੀਤਾ। ਨਿਰਦੋਸ਼ ਨਿਹੰਗ ਸਿੰਘਾਂ ਨੂੰ ਛੁਟਕਾਰਾ ਦਵਾਇਆ ਗਿਆ। ਅੰਗ੍ਰੇਜ਼ ਹਾਕਮਾਂ ਨੇ ਇਨ੍ਹਾਂ ਚਾਰ ਨਾਮਧਾਰੀ ਸਿੰਘਾਂ ਨੂੰ ਬੁੱਚੜਾਂ ਦੇ ਕਤਲ ਕਾਰਨ ਫਾਂਸੀ ਤੇ ਚੜ੍ਹਾ ਦਿੱਤਾ। ਗੁਰੂ ਰਾਮ ਸਿੰਘ ਦੇ ਪ੍ਰਚਾਰ ਵਿਚ ਸੱਚ ਦੀ ਉਹ ਜ਼ਬਰਦਸਤ ਸ਼ਕਤੀ ਭਰੀ ਹੋਈ ਸੀ, ਕਿ ਇਸ ਫਾਂਸੀ ਦੀ ਵਾਰਦਾਤ ਮਗਰੋਂ ਨਾਮਧਾਰੀਆਂ ਵਿਚ ਹੋਰ ਜੋਸ਼ ਵੱਧ ਗਿਆ ਤੇ ਦੇਸ਼ ਵਿਚ ਇਸ ਵਿਚਾਰਧਾਰਾ ਨੇ ਦੇਸ਼ ਪ੍ਰੇਮ ਨੂੰ ਹੋਰ ਵਧਾ ਦਿੱਤਾ।

ਨਾਮਧਾਰੀ ਸਿੱਖਾਂ ਵਿਚ ਕੁਰਬਾਨੀ, ਹੁੱਬੇਵਤਨ ਤੇ ਦੇਸ਼ ਸੁਤੰਤਰਤਾ ਦਾ ਜਜ਼ਬਾ ਜ਼ੋਰ ਫੜਦਾ ਗਿਆ। ਮਲੇਰ ਕੋਟਲੇ ਵਿਚ ਵੀ ਨਾਮਧਾਰੀ ਸਿੱਖਾਂ ਨੇ ਕੁਝ ਮੁਸਲਮਾਨ ਰਈਸਾਂ ਤੇ ਬੁੱਚੜਾਂ ਨੇ ਮਲੇਰ ਕੋਟਲੇ ਵਿਚ ਗਊ ਬੱਧ ਕੀਤਾ ਸੀ। ਕੁਝ ਉਥੋਂ ਦੇ ਮੁਸਲਮਾਨ ਰਈਸਾ ਤੇ ਕੋਤਵਾਲ ਨੇ ਇਸ ਗੰਦੇ ਕਾਰਜ ਲਈ ਬੁੱਚੜਾ ਨੂੰ ਹੱਲਾ-ਸ਼ੇਰੀ ਤੇ ਸ਼ਹਿ ਦਿੱਤੀ ਸੀ। ਕਤਲ ਤੋਂ ਪਹਿਲੋਂ ਜਦ ਗੁਰੂ ਰਾਮ ਸਿੰਘ ਨੂੰ ਇਸ ਮਨਸੂਬੇ ਦਾ ਪਤਾ ਚਲਿਆ, ਤਦ ਉਨ੍ਹਾਂ ਨੇ ਆਪਣੇ ਇਕ ਪ੍ਰਚਾਰਕ ਸੂਬੇ ਲੱਖਾ ਸਿੰਘ ਨੂੰ ਇਨ੍ਹਾਂ ਕਾਤਲ ਸਿੰਘਾਂ ਪਾਸ ਭੇਜਿਆ ਅਤੇ ਇਸ ਕਤਲ ਤੋਂ ਰੋਕਿਆ, ਪਰ ਸਿੰਘਾਂ ਵਿਚ ਤੇ ਦੇਸ਼ ਪ੍ਰੇਮ ਦੇ ਤੂਫ਼ਾਨ ਉਠ ਰਹੇ ਸਨ, ਉਹ ਇਸ ਗਊ-ਬੱਧ ਨੂੰ ਸਹਿਨ ਨਹੀਂ ਕਰ ਸਕੇ, ਅਤੇ ਇਹ ਸਾਕਾ ਅੰਤ ਹੋ ਹੀ ਗਿਆ। ਇਸ ਕੇਸ ਵਿਚ ੬੬ ਨਾਮਧਾਰੀ ਸਿੱਖ ਗ੍ਰਿਫਤਾਰ ਕੀਤੇ ਗਏ ਤੇ ਲੁਧਿਆਣੇ ਦੇ ਡਿਪਟੀ ਕਮਿਸ਼ਨਰ ਸਾਹਮਣੇ ਇਨ੍ਹਾਂ ਨੂੰ ਪੇਸ਼ ਕੀਤਾ ਗਿਆ। ਇਨ੍ਹਾਂ ਨਾਮਧਾਰੀ ਸਿੱਖਾਂ ਦੇ ਵਿਰੁਧ ਹਕੂਮਤ ਨੇ ਕੋਈ ਮੁਕੱਦਮਾ ਨਹੀਂ ਚਲਾਇਆ, ਸਗੋਂ, ਪੁਰਾਣੇ ਸ਼ਾਸਨ ਢੰਗ ਦ ਆਧਾਰ ਉਪਰ ਇਨ੍ਹਾਂ ਨੂੰ ਤੋਪ ਨਾਲ, ਬੜੀ ਬੇਰਹਿਮੀ ਤੇ ਨਿਰਦਯਤਾ ਨਾਲ, ਉਡਾ ਦਿਤਾ। ਸਿੰਘਾਂ ਦੀਆਂ ਇਹ ਸ਼ਹਾਦਤਾਂ, ਪੰਜਾਬ ਵਿਚ ਇਕ ਨਵਾਂ ਰੰਗ ਭਰ ਰਹੀਆਂ ਸਨ। ਲੋਕ-ਸਮੂਹ ਵਿਚ ਅੰਗ੍ਰੇਜ਼ੀ ਹਕੂਮਤ ਦੇ ਵਿਰੁਧ ਇਕ ਨਫ਼ਰਤ ਦਾ ਜਜ਼ਬਾ ਪੈਦਾ ਹੋਣ ਲਗ ਪਿਆ।

ਜਦ ਅੰਗ੍ਰੇਜ਼ ਸ਼ਾਸਕਾਂ ਨੇ ਦੇਖਿਆ ਕਿ ਗੁਰੂ ਰਾਮ ਸਿੰਘ ਦੀ ਇਸ ਚਲਾਈ ਲਹਿਰ ਨੂੰ ਉਨ੍ਹਾਂ ਦਾ ਦੰਡ, ਬੇਰਹਿਮੀ ਤੇ ਨਿਰਦਯਤਾ ਨਹੀਂ ਰੋਕ ਸਕੀ, ਤਦ ਉਨ੍ਹਾਂ ਨੇ ਇਸ ਮਲੇਰ-ਕੋਟਲੇ ਵਾਲੇ ਸਾਕੇ ਮਗਰੋਂ, ਗੁਰੂ ਰਾਮ ਸਿੰਘ ਤੇ ਉਨ੍ਹਾਂ ਦੇ ਥਾਪੇ ਪੰਜਾਂ ਸੂਬਿਆਂ ਨੂੰ ਜਲਾਵਤਨ ਕਰਨ ਦਾ ਪੱਕਾ ਫ਼ੈਸਲਾ ਕਰ ਲਿਆ। ਇਨ੍ਹਾਂ ਸਾਰਿਆਂ ਨੂੰ ਲੁਧਿਆਣੇ ਮੰਗਵਾਇਆ ਗਿਆ ਤੇ ਇਕ ਸਪੈਸ਼ਲ ਟਰੇਨ ਰਾਹੀਂ ਅਲਾਹਬਾਦ ਪਹੁੰਚਾਇਆ ਗਿਆ। ਗੁਰੂ ਰਾਮ ਸਿੰਘ ਤੇ ਇਨ੍ਹਾ ਦੇ ਸਾਥੀਆਂ ਨਾਲ ਅੰਗ੍ਰੇਜ਼ਾਂ ਨੇ ਸ਼ਾਹੀ ਕੈਦੀਆਂ ਵਾਲਾ ਸਲੂਕ ਕੀਤਾ, ਪਰ ਆਪ ਜੀ ਤੇ ਆਪ ਜੀ ਦੇ ਸੇਵਕ ਨਾਨੂੰ ਸਿੰਘ ਨੂੰ ਬਤੌਰ ਇਕ ਜਲਾਵਤਨ ਦੇ ਬਰਮਾ ਭੇਜ ਦਿਤਾ ਗਿਆ। ਆਪ ਦੀ ਜਲਾਵਤਨੀ ਵੀ ਇਕ ਰੰਗ ਲਿਆਈ, ਜਿਸ ਦੇ ਫਲ ਸਰੂਪ ਪੰਜਾਬ ਨਿਵਾਸੀਆਂ ਵਿਚ ਹੋਰ ਜਾਗ੍ਰਤੀ ਪੈਦਾ ਹੋਈ ਤੇ ਚਾਰੇ ਬੰਨੇ ਦੇਸ਼-ਸੁਤੰਤਰਤਾ ਦਾ ਜੋਸ਼ ਫੈਲ ਗਿਆ।

ਰੰਗੂਨ ਵਿਚ ਗੁਰੂ ਰਾਮ ਸਿੰਘ ਕਈ ਸਾਲਾਂ ਤਕ ਰਹੇ। ਅਤੇ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਦੇ ਰਹੇ। ਸਚਾਈ ਵਲੋਂ ਉਨ੍ਹਾਂ ਨੂੰ ਕੋਈ ਤਾਕਤ ਨਹੀਂ ਰੋਕ ਸਕੀ। ਇਹ ਦੇਖ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਸੇਵਕ ਨੂੰ ਮਰਗੋਈ ਭੇਜ ਦਿਤਾ ਗਿਆ। ਆਪ ਜੀ ਦੀ ਹਸਤੀ ਇਤਨੀ ਹਰ-ਦਿਲ-ਅਜ਼ੀਜ਼ ਤੇ ਆਕਰਸ਼ਕ ਸੀ ਕਿ ਭਾਰਤ ਵਿਚੋਂ ਕਈ ਨਾਮਧਾਰੀ ਸਿੰਘ, ਕਾਫ਼ੀ ਖ਼ਰਚਾ ਕਰ ਕੇ ਤੇ ਤਕਲੀਫ਼ਾਂ ਸਹਿਨ ਕਰ ਕੇ ਆਪ ਦੇ ਦਰਸ਼ਨਾਂ ਲਈ, ਦੂਰ ਦੁਰਾਡੇ ਪੰਧ ਤੈਅ ਕਰ ਕੇ ਉਨ੍ਹਾਂ ਪਾਸ ਜਾ ਪਹੁੰਚਦੇ। ਨਾਮਧਾਰੀ ਦੁਲਾਰੇ ਸਿੰਘਾਂ ਨੂੰ ਗੁਰੂ ਰਾਮ ਸਿੰਘ ਦੇ ਦਰਸ਼ਨਾਂ ਤੋਂ ਵੰਚਿਤ ਰੱਖਣ ਲਈ ਬਰਮਾ-ਹਕੂਮਤ ਨੇ ਝੂਠ-ਮੂਠ ਹੀ ੧੮੮੫ ਵਿਚ ਐਲਾਨ ਕਰ ਦਿਤਾ ਕਿ ਗੁਰੂ ਰਾਮ ਸਿੰਘ ਅਕਾਲ ਚਲਾਣਾ ਕਰ ਗਏ ਹਨ। ਪਰ ਸਰਦਾਰ ਆਲਿਮ ਸਿੰਘ ਅਤੇ ਕੁਝ ਹੋਰ ਸ਼ਰਧਾਲੂਆਂ ਨੇ ੧੮੯੧ ਈ: ਵਿਚ ਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਆਲਿਮ ਸਿੰਘ ਨੇ ਆਪ ਜੀ ਨਾਲ ਵਿਚਾਰ ਵਟਾਂਦਰਾ, ਵਿਚਾਰ-ਵਿਮਰਸ਼ ਤੇ ਬਚਨ ਬਿਲਾਸ ਕੀਤੇ। ਇਸ ਘਟਨਾ ਤੋਂ ਇਹ ਸਿੱਧ ਹੁੰਦਾ ਹੈ ਕਿ ਹਕੂਮਤ ਦੇ ਐਲਾਨ ਮਗਰੋਂ ਵੀ ੬ ਸਾਲ ਤੱਕ ਆਪ ਸਹੀ-ਸਲਾਮਤ ਸਨ।

ਗੁਰੂ ਰਾਮ ਸਿੰਘ ਜੀ ਦਾ ਵਿਅਕਤੀਤਵ ਬਹੁਤ ਹੀ ਪ੍ਰਭਾਵਸ਼ਾਲੀ ਸੀ। ਆਪ ਜੀ ਦਾ ਜੀਵਨ, ਸ੍ਰੀ ਗੁਰੂ ਨਾਨਕ ਦੇਵ ਦੇ ਇਕ ਸੱਚੇ ਤੇ ਸੁਚੇ ਸੇਵਕ ਵਾਲਾ ਸੀ। ਜੋ ਕੁਝ ਆਪ ਦੇ ਦਿਲ ਵਿਚ ਸੀ, ਉਹੋ ਕੁਝ ਜ਼ਬਾਨ ਉੱਪਰ ਸੀ। ਦੇਸ਼ ਪ੍ਰੇਮ, ਦੇਸ਼-ਹਿਤ, ਦੇਸ਼ ਸੁਤੰਤਰਤਾ ਤੇ ਲੋਕ-ਕਲਿਆਨ ਦਾ ਜਜ਼ਬਾ ਆਪ ਵਿਚ ਅਥਾਹ ਸੀ, ਇਹੋ ਕਾਰਨ ਹੈ ਕਿ ਅੱਜ ਵੀ ਨਾਮਧਾਰੀ ਸਿੰਘ ਤੇ ਹੋਰ ਲੋਕ ਆਪ ਜੀ ਨਾਲ ਅਗਾਧ ਪ੍ਰੇਮ ਰਖਦੇ ਹਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਬਾਣੀ ਅਧਿਅਨ ਤੋਂ ਪਤਾ ਚਲਦਾ ਹੈ ਕਿ ਗੁਰੂਦੇਵ ਉਸ ਵੇਲੇ ਦੇ ਗੁੰਝਲਦਾਰ ਧਰਮ ਤੇ ਆਧਾਰਤ ਵਿਕ੍ਰਤ ਸਮਾਜ ਦੀ ਥਾਂ

Namdhari Elibrary NamdhariElibrary@gmail.com

ਇਕ ਨਵੇਂ ਨਰੋਏ ਤੇ ਸਮੇਂ ਦੇ ਨਾਲ ਨਾਲ ਚਲਣ ਵਾਲੇ ਸਮਾਜ ਦਾ ਨਿਰਮਾਣ ਕਰਨਾ ਚਾਹੁੰਦੇ ਸਨ । ਇਸ ਕਾਰਜ ਨੂੰ ਪੂਰਾ ਕਰਨ ਲਈ ਉਹਨਾਂ ਨੇ ਸਾਰੇ ਜੀਵਨ ਭਰ ਕੋਸ਼ਿਸ਼ ਜਾਰੀ ਰਖੀ। ਆਪਣਾ ਸੰਦੇਸ਼ ਪਹੁੰਚਾਣ ਲਈ ਉਹਨਾਂ ਨੇ ਚਾਰ ਲੰਮੀਆਂ ਯਾਤਰਾਵਾਂ ਕੀਤੀਆਂ ਅਤੇ ਸਾਹਿਤ ਰਚਨਾ ਕੀਤੀ। ਆਪਣੇ ਪਵਿੱਤਰ ਤੇ ਉਸਾਰੂ ਵਿਚਾਰਾਂ ਦੀ ਪੂਰਤੀ ਲਈ ਇਕ ਨਵੇਂ-ਨਰੋਏ ਤੇ ਸਿਹਤਮੰਦ ਸਮਾਜ ਦੀ ਨੀਂਹ ਰਖੀ । ਇਸ ਸਮਾਜ ਦੀ ਉਚੀ ਸ਼ਾਨ ਵਧਾਉਣ ਲਈ ਗੁਰ ਗੱਦੀ ਦਾ ਸਿਲਸਿਲਾ ਟੋਰਿਆ ਕਿਉਂਕਿ ਇਹ ਨਵਾਂ ਸਮਾਜ ਇਕ ਜਾਮੇ ਵਿਚ ਉੱਨਤੀ ਦੀਆਂ ਸਿਖ਼ਰਾਂ ਤਕ ਨਹੀਂ ਪੁਜ ਸਕਦਾ ਸੀ। ਸੋ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨਵੇਂ ਸਮਾਜ ਦੇ ਬਾਹਰੀ ਪੱਖ ਵਿਚ ਇਕ ਜ਼ਬਰਦਸਤ ਇਨਕਲਾਬ ਪੈਦਾ ਕੀਤਾ, ਅਧਿਆਤਮਕ ਅਸੂਲ, ਸਿਧਾਂਤ ਤੇ ਵਿਚਾਰਧਾਰਾ ਸਤਿਗੁਰੂ ਨਾਨਕ ਵਾਲੀ ਹੀ ਪੱਕੇ ਤੌਰ ਤੇ ਕਾਇਮ ਰਖੀ ਗਈ ਕਿਉਂਕਿ ਇਸ ਵਿਚ ਪ੍ਰੀਵਰਤਨ ਦੀ ਕੋਈ ਗੁੰਜਾਇਸ਼ ਬਾਕੀ ਨਹੀਂ ਸੀ। ਬਾਹਰੀ ਪੱਖ ਵਿਚ ਇਕ ਤਬਦੀਲੀ ਪੈਦਾ ਕਰ ਕੇ ਸਾਹਿਬ ਕਲਗੀਧਰ ਨੇ ਗੁਰੂ ਨਾਨਕ ਦੇ ਨਿਰਮਾਣ ਕੀਤੇ ਸਿੱਖ-ਸਮਾਜ ਨੂੰ ਖ਼ਾਲਸਾ ਰੂਪ ਵਿਚ ਬਦਲਿਆ, ਜੋ ਗੁਰੂ ਨਾਨਕ ਦੇਵ ਦੇ ਸਿਧਾਂਤਾ ਉਪਰ ਟੁਰਦਾ ਹੋਇਆ ਸਮੇਂ ਦੇ ਨਾਲ ਨਾਲ ਟੁਰ ਸਕਦਾ ਸੀ ਤੇ ਜ਼ੁਲਮ ਅਤੇ ਅਤਿਆਚਾਰ ਦਾ ਟਾਕਰਾ ਕਰ ਸਕਦਾ ਸੀ। ਖ਼ਾਲਸਾ ਪੰਥ ਦੀ ਨੀਂਹ ਸਰਬੱਤ ਦੇ ਭਲੇ ਉਪਰ ਸੀ,ਇਸ ਲਈ ਖ਼ਾਲਸਾ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਉਹ ਘਾਲਾਂ ਘਾਲੀਆਂ ਤੇ ਮਗਰੋਂ ਬੰਦਾ ਬਹਾਦਰ ਤੇ ਉਸ ਦੇ ਸਾਥੀ ਖ਼ਾਲਸੇ ਨੇ ਉਹ ਮਾਰਾਂ ਮਾਰੀਆਂ ਜੋ ਸਦਾ ਇਤਿਹਾਸ ਵਿਚ ਪ੍ਰੇਰਣਾ ਸਰੋਤ ਬਣੀਆਂ ਰਹਿਣ ਗੀਆਂ । ਸਮੇਂ ਦੇ ਚੱਕਰ ਵਿਚ ਫਸ ਕੇ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਮਗਰੋਂ ਖ਼ਾਲਸੇ ਵਿਚ ਫੁਟ ਪੈ ਗਈ, ਅਤੇ ਵਧਦੀ ਹੋਈ ਸ਼ਕਤੀ ਵਿਚ ਰੋਕ ਪੈ ਗਈ ਇਨ੍ਹਾਂ ਸਮਿਆਂ ਵਿਚ ਸ੍ਰੀ ਗੁਰੂ ਰਾਮ ਸਿੰਘ ਜੀ ਨੂੰ ਗਿਆਨ ਪ੍ਰਕਾਸ਼ ਮਿਲਿਆ ਤੇ ਉਨ੍ਹਾਂ ਨੇ ਇਸ ਸਾਰੀ ਸਥਿਤੀ ਦਾ ਡੂੰਘੀਆਂ ਨਜ਼ਰਾਂ ਨਾਲ ਜਾਇਜ਼ਾ ਲਿਆ। ਖ਼ਾਲਸਾ ਪੰਥ ਦੇ ਵਜੂਦ ਵਿਚ ਆਉਣ ਪਿਛੋਂ ਠੀਕ ੧੫ ਸਾਲ ਮਗਰੋਂ ਸ੍ਰੀ ਗੁਰੂ ਰਾਮ ਸਿੰਘ ਜੀ ਨੇ ਉਸ ਨਵੇਂ ਨਰੋਏ ਸਮਾਜ ਵਿਚ ਮੁੜ ਜਾਗ੍ਰਤੀ, ਅਣਖ਼ ਤੇ ਉਤਸ਼ਾਹ ਨੂੰ ਜਗਾਉਣ ਲਈ ਆਪਣੇ ਅਨੁਭਵ ਉੱਪਰ ਆਧਾਰਤ ਅਸੂਲਾਂ ਦਾ ਪ੍ਰਚਾਰ ਕੀਤਾ, ਜਿਨ੍ਹਾਂ ਉਪਰ ਨਾਮਧਾਰੀ ਪੰਥ ਦੀ ਨੀਂਹ ਰਖੀ ਗਈ। ਇਸ ਨਵੇਂ ਸਮਾਜ ਨੂੰ ਨਾਮਧਾਰੀ ਪੰਥ, ਸੰਤ ਖ਼ਾਲਸਾ ਤੇ ਕੂਕਾ ਪੰਥ ਦੇ ਨਾਂ ਨਾਲ ਪੁਕਾਰਿਆ ਜਾਣ ਲਗ ਪਿਆ। ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਨਾਮ ਸਿਮਰਨ ਉਪਰ ਬਲ ਦਿਤਾ ਸੀ । ਸੋ ਇਸ ਉਪਰ ਅਮਲ ਕਰਨ ਕਰ ਕੇ — ਭਾਵ ਨਾਮ ਸਿਮਰਨ ਜਾਂ ਨਾਮ ਜਪਣ ਦੇ ਆਧਾਰ ਉਪਰ ਇਸ ਪੰਥ ਨੂੰ ਨਾਮਧਾਰੀ ਪੰਥ ਨਾਮ ਨਾਲ ਸੰਬੋਧਤ ਕੀਤਾ ਗਿਆ। ਚੂੰਕਿ ਇਸ ਪੰਥ ਵਿਚ ਸਾਤਵਿਕ ਤੇ ਬ੍ਰਹਮ ਕਰਮਾਂ ਉੱਪਰ ਟੁਰਨ ਲਈ ਕਿਹਾ ਗਿਆ ਸੀ, ਸੋ ਇਸ ਨੂੰ ਸੰਤ ਖ਼ਾਲਸਾ ਨਾਮ ਨਾਲ ਵੀ ਪੁਕਾਰਿਆ ਗਿਆ। ਦੇਸ਼-ਪ੍ਰੇਮ ਇਸ ਸਮਾਜ ਦਾ ਬੁਨਿਆਦੀ ਅਸੂਲ ਸੀ, ਜਿਸ ਦੇ ਅਧੀਨ ਨਾਮਧਾਰੀ ਸਿੱਖ ਦੇਸ ਸੁਤੰਤਰਤਾ ਤੇ ਜ਼ੁਲਮ ਦੇ ਵਿਰੁਧ ਇਕ ਸੰਘਰਸ ਵਿਚ ਜੁਟੇ ਹੋਏ ਸਨ, ਸੋ ਇਸ ਕਾਰਜ ਦੀ ਪੂਰਤੀ ਲਈ ਉਹ "ਆਜ਼ਾਦੀ ਦੀ ਕੂਕ" ਮਾਰਦੇ ਸਨ, ਜਿਸ ਨਾਲ ਦੁਸ਼ਮਣਾਂ ਦੇ ਦਿਲ ਹਿੱਲ ਜਾਂਦੇ ਸਨ, ਇਸ ਕਾਰਨ ਆਪ ਨੂੰ ਕੂਕੇ ਵੀ ਕਿਹਾ ਜਾਣ ਲਗ ਪਿਆ।

ਗੁਰੂ ਰਾਮ ਸਿੰਘ ਜੀ ਨੇ ਦੇਸ਼ ਨੂੰ ਸੁਤੰਤਰ ਅਤੇ ਨਾਮਧਾਰੀ ਸਮਾਜ ਨੂੰ ਪ੍ਰਫੁਲਤ ਦੇਖਣ ਤੇ ਕਰਨ ਲਈ ਆਪਣੇ ਜੀਵਨ ਤਜਰਬੇ ਦੇ ਆਧਾਰ ਉਪਰ ਕੁਝ ਇਕ ਬੁਨਿਆਦੀ ਅਸੂਲ ਕਾਇਮ ਕੀਤੇ, ਜਿਨ੍ਹਾਂ ਨੂੰ ਪ੍ਰਚਾਰਨ ਦਾ ਹੁਕਮ ਵੀ ਦਿਤਾ।

ਨਾਮਧਾਰੀ ਅਸੂਲ

੧. **ਸਦਾਚਾਰ :** ਇਨਸਾਨ ਤਦ ਹੀ ਅਸਲੀ ਇਨਸਾਨ ਹੋ ਸਕਦਾ ਹੈ, ਜੇ ਉਹ ਇਖ਼ਲਾਕੀ (ਸਦਾਚਾਰਕ) ਤੋਰ ਤੇ ਜੀਵਨ ਬਤੀਤ ਕਰੇ। ਗੁਰੂ ਰਾਮ ਸਿੰਘ ਨੇ ਸਦਾਚਾਰਕ ਜਵੀਨ ਬਤੀਤ ਕਰਨ ਲਈ ਬਲ ਦਿਤਾ ਅਤੇ ਮਾਸ-ਸ਼ਰਾਬ, ਚੋਰੀ, ਯਾਰੀ, ਬਖੀਲੀ, ਪਰ-ਨਿੰਦਿਆ ਅਤੇ ਝੂਠ ਦੇ ਤਿਆਗ ਲਈ ਹੁਕਮ ਦਿਤਾ, ਵਿਆਜ ਖਾਣ ਤੋਂ ਮਨ੍ਹਾ ਕੀਤਾ।

੨. **ਨਰੋਆ ਸਮਾਜ :** ਕੁੜੀਆਂ ਮਾਰਨ, ਵੇਚਣ, ਵੱਟੇ ਦੇ ਸਾਕ ਤੇ ਬਾਲ-ਵਿਆਹ ਦੀ ਮਨਾਹੀ ਕੀਤੀ। ਵਿਧਵਾ ਵਿਆਹ ਦੀ ਖੁਲ੍ਹ ਦਿਤੀ। ਦਾਜ-ਦੋਣ ਵਿਚ ਸਾਦਗੀ, ਸਰਲਤਾ ਤੇ ਸੰਕੋਚ ਦੀ ਸਿੱਖਿਆ ਦਿਤੀ। ਗਊ-ਸੇਵਾ ਵਲ ਧਿਆਨ ਦੇਣ ਲਈ ਕਿਹਾ। ਵਹਿੜਕੇ ਖੱਸੀ ਕਰਨ ਦੀ ਮਨਾਹੀ ਕੀਤੀ।

੩. **ਧਾਰਮਕ ਨਿਯਮ :** ਗੁਰੂ ਰਾਮ ਸਿੰਘ, ਸਤਿਗੁਰੂ ਦੀ ਬਾਣੀ ਉਪਰ ਪੂਰੀ ਤਰ੍ਹਾਂ ਅਮਲ ਕਰਦਿਆਂ ਹੋਇਆਂ ਨਾਮਧਾਰੀ ਸਿੱਖਾਂ ਲਈ ਇਹ ਜ਼ਬਰਦਸਤ ਪ੍ਰੇਰਣਾ ਦਿਤੀ ਕਿ ਅੰਮ੍ਰਿਤ ਵੇਲੇ ਸਣੇ ਕੇਸਾਂ ਅਸ਼ਨਾਨ ਕਰ ਕੇ ਨਾਮ ਜਪਣਾ ਚਾਹੀਦਾ ਹੈ। ਬਾਣੀ ਦਾ ਪਾਠ ਕਰਨਾ,

Namdhari Elibrary NamdhariElibrary@gmail.com

ਸਾਦੀ ਪੁਸ਼ਾਕ. ਸਾਦੀ ਖ਼ੁਰਾਕ, ਸਿੱਧੀ ਦਸਤਾਰ ਧਾਰਨ ਕਰਨੀ ਚਾਹੀਦੀ ਹੈ, ਕਿਉਂਕਿ ਆਪ ਜੀ ਇਸ ਅਸੂਲ ਨੂੰ ਭਲੀ ਪ੍ਰਕਾਰ ਜਾਣਦੇ ਸਨ ਕਿ ਮਨੁੱਖ ਦੀ ਪਛਾਣ — ਰਫ਼ਤਾਰ, ਗੁਫਤਾਰ ਤੇ ਦਸਤਾਰ ਤੋਂ ਕੀਤੀ ਜਾਂਦੀ ਹੈ। ਉੱਨ ਦੀ ਮਾਲਾ, ਆਸਣ ਪਊਏ ਤੇ ਗੜਵਾ (ਪਾਣੀ ਲਈ) ਰਖਣਾ ਚਾਹੀਦਾ ਹੈ। ਸੁਚ-ਸੰਜਮ ਦੀ ਧਾਰਨਾ, ਮਹਿਮਾਨ ਨਵਾਜ਼ੀ, ਗਊ ਰੱਖਿਆ, ਯਗ-ਹੋਮ ਤੇ ਪੰਜਾਂ ਕਕਾਰਾਂ ਦੀ ਮ੍ਰਯਾਦਾ ਦਾ ਵਿਧਾਨ ਸਦਾ ਕਾਇਮ ਰਖਣਾ ਚਾਹੀਦਾ ਹੈ। ਜੀਵਾਂ ਦੀ ਰਖਿਆ ਕਰਨਾ ਮਨੁੱਖ ਦਾ ਪਹਿਲਾ ਕਰੱਤਵ ਹੈ।

੪. **ਰਾਜ ਨੀਤੀ :** ਬਾਰੇ ਆਪ ਜੀ ਦੇ ਇਹ ਵਿਚਾਰ ਸਨ, ਕਿ ਅੰਗ੍ਰੇਜ਼ੀ ਹਕੂਮਤ ਵਿਦੇਸ਼ੀ ਹਕੂਮਤ ਹੈ, ਇਸ ਲਈ ਦੇਸ਼ਵਾਸੀਆਂ ਨੂੰ ਸੁਤੰਤਰਤਾ ਪ੍ਰਾਪਤੀ ਲਈ ਸੰਘਰਸ਼ ਵਿਚ ਜੁਟ ਜਾਣਾ ਚਾਹੀਦਾ ਹੈ, ਇਸ ਕਾਰਜ ਦੀ ਪੂਰਤੀ ਲਈ ਸਰਕਾਰੀ ਨੌਕਰੀ ਨਹੀਂ ਕਰਨੀ, ਸਰਕਾਰੀ ਸਕੂਲਾਂ ਵਿਚ ਬੱਚੇ ਨਹੀਂ ਪੜ੍ਹਾਉਣੇ ਆਦਿ ਨਿਯਮਾਂ ਦਾ ਪਾਲਣ ਕਰਨਾ ਜ਼ਰੂਰੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਸਤ੍ਰੀ ਜਾਤੀ ਨੂੰ ਬੁਰੀ ਤਰ੍ਹਾਂ ਭੰਡਿਆ ਜਾਂਦਾ ਸੀ। ਇਥੋਂ ਉਪਨਿਸ਼ਦਾਂ ਵਰਗੇ ਸਾਹਿਤ ਵਿਚ ਵੀ ਇਸਤ੍ਰੀਆਂ ਬਾਰੇ ਘਟੀਆ ਵਿਚਾਰ ਮਿਲ ਜਾਂਦੇ ਹਨ। ਕਬੀਰ ਜੀ ਤੇ ਤੁਲਸੀ ਦਾਸ ਜੀ ਵਰਗੇ ਭਗਤਾਂ ਨੇ ਵੀ ਦੱਬੀ ਜਬਾਨ ਨਾਲ ਇਸਤ੍ਰੀ ਜਾਤੀ ਨੂੰ ਸਮੁਚੇ ਰੂਪ ਵਿਚ ਕੁਝ ਘਟੀਆ ਹੀ ਦੱਸਿਆ। ਗੁਰੂ ਗੋਰਖ ਨਾਥ ਤੇ ਹੋਰ ਸੰਤਾਂ ਫ਼ਕੀਰਾਂ ਨੇ ਇਸਤ੍ਰੀ ਨੂੰ ਬਾਘਣੀ ਤੇ ਹੋਰ ਭੈੜੀਆਂ ਵਿਸ਼ੇਸ਼ਣਾਂ ਨਾਲ ਸੰਬੋਧਿਆ। ਕੇਵਲ ਸ੍ਰੀ ਗੁਰੂ ਨਾਨਕ ਦੇਵ ਨੇ ਇਸ ਭਗਤੀ ਲਹਿਰ ਦੇ ਸਮੇਂ ਇਸਤ੍ਰੀ ਸਮਾਜ ਨੂੰ ਮਨੁੱਖ-ਸਮਾਜ ਦੇ ਬਰਾਬਰ ਸਮਝਣ ਲਈ ਆਪਣੀ ਆਵਾਜ਼ ਬੁਲੰਦ ਕੀਤੀ ਅਤੇ ਫ਼ੁਰਮਾਇਆ :

"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥"

ਗੁਰੂ ਰਾਮ ਸਿੰਘ ਦੇ ਸਮੇਂ ਤਕ ਮੁੜ ਇਸਤ੍ਰੀ ਜਾਤੀ ਨੂੰ ਹੀਨ ਸਮਝਿਆ ਜਾਣ ਲਗ ਪਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਬਣਾਨ ਤੇ ਛਕਣ ਦੀ ਮਰਯਾਦਾ ਤੋਰੀ ਸੀ ਤੇ ਖ਼ਾਲਸਾ ਪੰਥ ਨੂੰ ਇਸ ਅੰਮ੍ਰਿਤ ਦੇ ਆਧਾਰ ਉਪਰ ਸਾਜਿਆ ਸੀ। ਕਲਗੀਧਰ ਦੀ ਇਸ ਮਰਯਾਦਾ ਦਾ ਪਾਲਣ ਪੂਰੀ ਤਰ੍ਹਾਂ ਕੀਤਾ ਜਾਂਦਾ ਸੀ। ਚੂੰਕਿ ਗੁਰੂ ਸਾਹਿਬ ਦੇ ਵੇਲੇ ਮਰਦਾਂ ਨੂੰ ਹੀ ਜ਼ੁਲਮ ਦੇ ਵਿਰੁਧ ਲੜਨ ਦੀ ਲੋੜ ਮਹਿਸੂਸ ਕੀਤੀ ਗਈ, ਇਸ ਲਈ ਇਸਤ੍ਰੀ ਜਾਤੀ ਨੂੰ ਅੰਮ੍ਰਿਤ ਛਕਣ ਲਈ ਜ਼ੋਰ ਨਹੀਂ ਦਿਤਾ ਗਿਆ। ਇਸ ਦਾ ਇਹ ਮਤਲਬ ਨਹੀਂ ਸੀ ਕਿ ਇਸਤ੍ਰੀ ਜਾਤੀ ਨੂੰ ਮਰਦਾਂ ਨਾਲੋਂ ਘਟ ਖ਼ਿਆਲ ਕੀਤਾ ਗਿਆ ਬਲਕਿ ਉਸ ਸਮੇਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਮਰਦਾਂ ਨੂੰ ਅੰਮ੍ਰਿਤ ਛਕਾਇਆ ਗਿਆ, ਸੋ ਸਾਡੇ ਵਿਚਾਰ ਵਿਚ ਜਿਥੋਂ ਤੱਕ ਅੰਮ੍ਰਿਤ ਛਕਣ ਦੀ ਰਹੁਰੀਤ ਦਾ ਸਬੰਧ ਸੀ ਉਹ ਕੇਵਲ ਮਰਦਾਂ ਤਕ ਹੀ ਸੀਮਤ ਸੀ। ਗੁਰੂ ਰਾਮ ਸਿੰਘ ਜੀ ਨੇ ਇਸ ਤੱਥ ਦਾ ਅਹਿਸਾਸ ਕੀਤਾ ਤੇ ਇਸਤ੍ਰੀਆਂ ਨੂੰ ਵੀ ਅੰਮ੍ਰਿਤ ਦੀ ਦਾਤ ਬਖ਼ਸ਼ਸ਼ ਕਰਨ ਦਾ ਹੁਕਮ ਦਿਤਾ। ਆਪ ਜੀ ਨੇ ਇਹ ਆਵਾਜ਼ ਬੁਲੰਦ ਕੀਤੀ ਕਿ ਮਰਦ ਤੇ ਔਰਤਾਂ ਬਰਾਬਰ ਹਨ। ਆਪ ਨੇ ਮਰਦਾਂ ਤੇ ਔਰਤਾਂ ਦੋਹਾਂ ਲਈ ਅੰਮ੍ਰਿਤ ਛਕਣਾ ਜ਼ਰੂਰੀ ਕਰਾਰ ਦਿਤਾ। ਇਸ ਬਾਰੇ ਗੁਰੂ ਰਾਮ ਸਿੰਘ ਨੂੰ ਕਾਫ਼ੀ ਵਿਰੋਧਤਾ ਦਾ ਟਾਕਰਾ ਕਰਨਾ ਪਿਆ। ਕਿਉਂਕਿ ਇਹ ਨਵੀਂ ਰਹੁ-ਰੀਤ ਸੀ। ਗੁਰੂ ਰਾਮ ਸਿੰਘ ਨੇ ਗੁਲਾਬ ਦੇ ਫੁੱਲ ਵਾਂਗ ਖਿੜੇ ਮੱਥੇ ਇਸ ਵਿਰੋਧਤਾ ਦਾ ਸਾਹਮਣਾ ਕੀਤਾ ਅਤੇ ਅਖ਼ੀਰ ਉਪਰ ਸਫ਼ਲਤਾ ਪ੍ਰਾਪਤ ਕੀਤੀ।

ਉਪਰੋਕਤ ਵਿਚਾਰ ਪਿਛੋਂ ਅਸੀਂ ਇਸ ਸਿੱਟੇ ਉਪਰ ਪੁੱਜਦੇ ਹਾਂ ਕਿ ਗੁਰੂ ਰਾਮ ਸਿੰਘ ਜੀ ਸਾਰੀ ਉਮਰ ਦੇਸ-ਸੁਤੰਤਰਤਾ ਲਈ ਜੂਝਦੇ ਰਹੇ। ਆਪ ਜੀ ਨੇ ਆਪਣੇ ਸਮੇਂ ਵਿਚ ਸੁਤੰਤਰਤਾ ਲਈ ਉਹ ਪੱਕੀਆਂ ਬੁਨਿਆਦਾਂ ਰਖੀਆਂ ਕਿ ਜਿਨ੍ਹਾਂ ਉਪਰ ਅੱਜ ਦਾ ਸੁਤੰਤਰਤਾ ਮਹਿਲ ਤਿਆਰ ਹੋ ਗਿਆ ਹੈ। ਆਪ ਨੇ ਆਪਣੇ ਸਿੱਖਾਂ ਨੂੰ ਹੁਕਮ ਦਿਤਾ ਕਿ ਚਾਹੇ ਕਿਤਨਾ ਵੀ ਸੰਸਾਰਕ ਨੁਕਸਾਨ ਹੋ ਜਾਵੇ, ਸੱਚ ਤੋਂ ਪਿਛੇ ਨਹੀਂ ਹਟਣਾ। ਸਾਰੀ ਉਮਰ ਆਪ ਸੱਚ ਉਪਰ ਟੁਰਦੇ ਰਹੇ। ਵਾਸਤਵ ਵਿਚ ਆਪ ਜੀ ਨੇ ਇਨਸਾਨੀਅਤ ਦਾ ਖੁਲ੍ਹ ਕੇ ਪ੍ਰਚਾਰ ਕੀਤਾ, ਜਿਸ ਲਈ ਗੁਰੂ ਸਾਹਿਬਾਨ ਨੇ ਵੱਡੀਆਂ ਵੱਡੀਆਂ ਕੁਰਬਾਨੀਆਂ ਦਿਤੀਆਂ ਸਨ। ਇਹ ਸਾਰੀ ਪ੍ਰੇਰਣਾ ਆਪ ਜੀ ਨੇ ਗੁਰਮਤ ਦੇ ਸੋਮੇ ਤੋਂ ਲਈ ਅਤੇ ਇਕ ਸੱਚੇ, ਸੁੱਚੇ ਤੇ ਮਹਾਨ ਗੁਰਮੁਖ ਦਾ ਜੀਵਨ ਬਤੀਤ ਕੀਤਾ। ਪੰਜਾਬੀ ਭਾਸ਼ਾ ਅਤੇ ਪੰਜਾਬੀ ਸਾਹਿਤ ਲਈ ਆਪ ਜੀ ਨੇ ਆਪਣੇ ਸਿੱਖਾਂ ਵਿਚ ਇਕ ਅਥਾਹ ਜੋਸ਼ ਭਰਿਆ। ਸੋ ਆਪ ਜੀ ਦਾ ਕੌਮੀ ਸਾਹਿਤ ਅਤੇ ਭਾਸ਼ਾ ਵਿਚ ਵੀ ਵੱਡਮੁੱਲਾ ਹਿੱਸਾ ਹੈ। ਨਾਮਧਾਰੀ ਸਿੱਖਾਂ ਨੇ ਪੰਜਾਬੀ ਵਿਚ ਬਹੁਤ ਕੁਝ ਲਿਖਿਆ, ਜਿਸ ਨੂੰ ਹੁਣ ਪੁਸਤਕਾਂ ਦੇ ਰੂਪ ਵਿਚ ਅਗੇ ਲਿਆਉਣ ਦੀ ਲੋੜ ਹੈ।

Namdhari Elibrary NamdhariElibrary@gmail.com

ਸਿਆਮ, ਅਰਥਾਤ ਕੁਬੇਰ ਰਾਜ ਦੀ ਯਾਤਰਾ

ਅਮਰ ਭਾਰਤੀ

ਕਾਲੀ ਦਾਸ ਦੇ ਮਹਾ ਕਾਵਿ ਮੇਘ ਦੂਤ ਵਿਚ ਕੁਬੇਰ ਦੀ ਯਖ਼ਸ਼ ਨਗਰੀ ਦਾ ਵਰਨਣ ਆਉਂਦਾ ਹੈ, ਜਿਸ ਦਾ ਨਾਮ ਹੈ ਅਲਕਾ ਪੁਰੀ। ਉਸ ਯਖ਼ਸ਼ ਰਾਜ ਦਾ ਕਰਤਾ ਧਰਤਾ ਧਨਪਤੀ ਕੁਬੇਰ ਇਕ ਯਖ਼ਸ਼ ਉਪਰ ਕਿਸੇ ਗੱਲੋਂ ਨਰਾਜ਼ ਹੋ ਕੇ ਉਹਨੂੰ ਅਲਕਾ ਪੁਰੀ ਵਿਚੋਂ ਦੇਸ਼ ਨਿਕਾਲਾ ਦੇ ਦੇਂਦਾ ਤੇ ਸਾਡੀ ਇਸ ਧਰਤੀ ਉਤੇ ਭੇਜ ਦੇਂਦਾ ਹੈ। ਉਹ ਵਿਚਾਰਾ ਬਿਰਹੀ ਧਰਤੀ ਤੇ ਖਲੋਤਾ ਆਕਾਸ਼ ਵਿਚ ਉਮਡਦੇ ਘੁਮਡਦੇ ਅਲਕਾਪੁਰੀ ਵਲ ਧਾਈਆਂ ਕਰ ਕਰ ਜਾਂਦੇ ਬੱਦਲਾਂ ਨੂੰ ਤੱਕ ਕੇ ਉਨ੍ਹਾਂ ਦੀ ਰਾਹੀਂ ਆਪਣੀ ਪ੍ਰੀਤਮਾ ਨੂੰ ਸੁਨੇਹਾ ਦੇਂਦਾ ਦੇਂਦਾ ਉਨ੍ਹਾਂ ਦੇ ਨਾਲ ਨਾਲ ਹੀ ਟੁਰਿਆ ਜਾਂਦਾ ਤੇ ਸੁਨੇਹਾ ਮੁਕਦਿਆਂ ਨਾ ਮੁਕਦਿਆਂ ਖ਼ੁਦ ਹੀ ਅਲਕਾ ਪੁਰੀ ਵਿਚ ਜਾ ਪੁਜਦਾ ਹੈ। ਉਸ ਦੇ ਦੇਸ ਨਿਕਾਲੇ ਦੀ ਮਿਆਦ ਵੀ ਓਨੇ ਚਿਰ ਵਿਚ ਪੁਗ ਚੁਕੀ ਹੁੰਦੀ ਹੈ ਤੇ ਉਹ ਆਪਣੀ ਪ੍ਰੀਤਮਾ ਦੇ ਗਲ ਬਾਹੀਂ ਜਾ ਪਾਉਂਦਾ ਹੈ।

ਥੋੜੇ ਜਿਹੇ ਫ਼ਰਕ ਨਾਲ ਕੁਝ ਇਹੋ ਜਿਹੀ ਕਹਾਣੀ ਹੀ ਮੇਰੇ ਮਨ ਦੀ ਕੁਬੇਰ ਨਗਰੀ ਬੈਂਕੌਕ ਨਾਲ ਅਚਿੰਤੇ ਹੀ ਜੁੜਦੀ ਜਾਪਦੀ ਹੈ। ਜਿਵੇਂ ਮੈਂ ਓਹੋ ਜੁਗਾਂ ਪੁਰਾਣਾ ਬਿਰਹੀ ਯਖ਼ਸ਼ ਹੋਵਾਂ ਜਿਸ ਨੂੰ ਕਿਸੇ ਅਪਰਾਧ ਵਸ ਉਸ ਦੀ ਪ੍ਰੀਤਮਾ ਤੋਂ ਅੱਡ ਕਰਕੇ ਉਸ ਯਖ਼ਸ਼ ਪੁਰੀ ਵਿਚੋਂ ਬਾਹਰ ਕੱਢ ਛਡਿਆ ਹੋਵੇ ਤੇ ਉਹ ਨਿਤ ਤਾਂਘਦੀਆਂ ਸਿਕਦੀਆਂ ਅੱਖਾਂ ਨਾਲ ਹਰ ਆਉਂਦੇ ਜਾਂਦੇ ਰਾਹੀਂ ਆਪਣੇ ਮਨ ਦੀ ਕੋਈ ਗੱਲ ਆਪਣੀ ਉਸ ਪ੍ਰੀਤਮਾ ਨੂੰ ਕਹਿਣੀ ਚਾਹ ਰਿਹਾ ਹੋਵੇ। ਇਸ ਗੱਲ ਦੀ ਪੁਸ਼ਟੀ ਕੁਝ ਕੁਝ ਉਸ ਵੇਲੇ ਹੋ ਗਈ ਜਦੋਂ ਡੇਢ੍ਹ ਮਹੀਨੇ ਦੀ ਯਾਤਰਾ ਤੋਂ ਬਾਅਦ ਬੈਂਕੌਕ ਵਿਚ ਵਿਦਾਈ ਧੰਨਵਾਦ ਦੇਂਦਿਆਂ ਹੋਇਆਂ ਮੇਰੇ ਮਿੱਤਰ ਸ੍ਰੀ ਪ੍ਰੀਤਮ ਸਿੰਘ ਜੀ ਕਵੀ ਨੇ ਇਹ ਸ਼ਬਦ ਆਖੇ — "ਕਿ ਪਤਾ ਨਹੀਂ ਕਿੰਨੇ ਜੁਗਾਂ ਤੋਂ ਦੋ ਵਿਛੜੀਆਂ ਆਤਮਾਵਾਂ ਇਕ ਦੂਜੀ ਨਾਲ ਮਿਲਣ ਲਈ ਤਰਸ ਰਹੀਆਂ ਸਨ ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਏਨੇ ਬਹਾਨਿਆਂ ਨਾਲ ਆਣ ਮਿਲਾਇਆ ਹੈ।"

ਸ਼ਿਆਮ ਜਾਂ ਥਾਈਲੈਂਡ — ਸਿਆਮ ਦੀ ਰਾਜਧਾਨੀ ਬੈਂਕੌਕ ਬਚਪਨ ਤੋਂ ਹੀ ਮੇਰੇ ਲਈ ਇਕ ਸੁਪਨ-ਜਗਤ ਵਾਂਗ ਰਿਹਾ ਹੈ। ਸ਼ਿਆਮ — ਜਿਥੋਂ ਦਾ ਹਰ ਵਸਨੀਕ ਮੇਰੇ ਮਨ ਦੀ ਦੁਨੀਆਂ ਵਿਚ ਇਕ ਨਾ ਇਕ ਸੇਠ ਸੀ — ਇਕ ਕੁਬੇਰ ਸੀ। ਜਦੋਂ ਵੀ ਕਦੇ ਸ਼ਿਆਮ ਦੇਸ਼ ਦੀ ਗੱਲ ਟੁਰਦੀ ਮੇਰੇ ਕਲਪਨਾ ਲੋਕ ਵਿਚ ਇਕ ਨਾ ਇਕ ਸੇਠ ਦੀ ਤਸਵੀਰ ਉਘੜ ਆਉਂਦੀ। ਮੈਂ ਕਹਾਣੀਆਂ ਸੁਣਦਾ ਤੇ ਕਲਪਨਾ ਨਾਲ ਕਹਾਣੀਆਂ ਘੜਦਾ — ਓਥੋਂ ਦੇ ਲੋਕ ਲਹੂ ਮਾਸ ਦਾ ਪੁੰਜ ਨਹੀਂ — ਸਗੋਂ ਉਹ ਚਲਦੇ ਫਿਰਦੇ ਪਾਰਸ ਪੱਥਰ ਨੇ। ਓਥੇ ਉਹਨਾਂ ਦੇ ਵਿਚਕਾਰ ਜਿਹੜਾ ਕੋਈ ਜਾਂਦਾ ਏ ਲੋਹੇ ਤੋਂ ਸੋਨਾ ਬਣ ਜਾਂਦਾ ਏ। ਏਥੋਂ ਮਿਹਨਤ ਮਜ਼ਦੂਰੀ ਕਰਦਿਆਂ ਨੂੰ ਕੋਈ ਨਾ ਕੋਈ ਉਸ ਪਾਰਸ ਰਾਜ ਦੀ ਦੱਸ ਪਾ ਦੇਂਦਾ ਹੈ ਤੇ ਸੋਨਾ ਬਣਨ ਦਾ ਹਰ ਚਾਹਵਾਨ ਧਾਅ ਕੇ ਓਥੇ ਜਾ ਪਹੁੰਚਦਾ ਹੈ ਤੇ ਪਹੁੰਚਦਿਆਂ ਹੀ ਓਥੋਂ ਦੀਆਂ ਚਲਦੀਆਂ ਫਿਰਦੀਆ ਪਾਰਸ ਮੂਰਤੀਆਂ ਦੀ ਛੋਹ ਨਾਲ ਇਕ ਦਮ ਚਿਲਕਵਾਂ ਸੋਨਾ ਬਣ ਜਾਂਦਾ ਹੈ। ਮੇਰੇ ਵੇਖਦਿਆਂ ਸੁਣਦਿਆਂ ਅਨੇਕਾਂ ਗਏ — ਕੱਖ ਪਤੀ ਤੋਂ ਲੱਖ ਪਤੀ ਤੇ ਲੱਖ ਪਤੀ ਤੋਂ ਕ੍ਰੋੜੀ ਪਤੀ ਬਣ ਗਏ। ਕਿਸੇ ਨੇ ਕਿਸੇ ਗ਼ਰੀਬ ਨਾਲ ਆਪਣੇ ਪੁੱਤਰ ਧੀ ਨੂੰ ਵਿਆਹ ਕੇ ਆਪਣੇ ਜਿਹਾ ਧਨਵਾਨ ਬਣਾ ਲਿਆ ਤੇ ਕਿਸੇ ਨੇ ਆਪਣੇ ਭਰਾ ਭਾਈ — ਸਾਕ ਸੈਣ ਨੂੰ ਆਵਾਜ਼ ਦੇ ਕੇ ਆਪਣੇ ਤੁਲ ਬਣਾ ਲਿਆ। ਸਿਆਮ ਦੇ ਸੇਠਾਂ ਦੀ ਉਦਾਰਤਾ ਦੀਆਂ ਮੇਰੇ ਮਨ ਸਾਹਵੇਂ ਧੁੰਮਾਂ ਸਨ, ਉਨ੍ਹਾਂ ਦੇ ਸਖ਼ੀ ਹੱਥਾਂ ਦਾ ਦਾਨ ਸਭ ਸੀਮਾਵਾਂ ਲੰਘ ਲੰਘ ਜਾਂਦਾ ਸੀ।

ਪਰ ਜਦੋਂ ਉਮਰ ਕੁਝ ਸਿਆਣੀ ਹੋਈ ਤਾਂ ਉਸ ਕੁਬੇਰ ਰਾਜ ਦੇ ਲੋਕਾਂ ਦਾ ਧਿਆਨ ਆਇਆ — ਜਿਹੜੇ ਪਤਾ ਨਹੀਂ ਕਿਸ ਸਰਾਪ ਕਾਰਨ ਲਹੂ ਮਾਸ ਦੇ ਪੁੰਜ ਦੀ ਥਾਂ ਪਾਰਸ ਪੱਥਰ ਬਣ ਗਏ ਹੋਣਗੇ ਤੇ ਜਿਨ੍ਹਾਂ ਦੇ ਸਪੱਰਸ਼ ਮਾਤਰ ਨਾਲ ਹੀ ਹਰ ਕੋਈ ਸੋਨਾ ਬਣ ਜਾਂਦਾ ਹੈ। ਉਹ ਕਿਹੋ ਜਿਹੇ ਹੋਣਗੇ ? ਇਸ ਦੇ ਨਾਲ ਨਾਲ ਹੀ ਉਸ ਪਾਰਸ ਰਾਜ ਦੇ ਧਨਾਢਾਂ ਅਤੇ ਉਨ੍ਹਾਂ ਤੋਂ ਵੀ ਉਪਰ ਇਕ ਬਹੁਤ ਹੀ ਵਡੇ ਧਨ ਕੁਬੇਰ (ਅਮਰੀਕੀ ਪੂੰਜੀਪਤੀ) ਦੀ ਧਨ ਲਿਪਾਸ,

Namdhari Elibrary NamdhariElibrary@gmail.com

ਕਠੋਰਤਾ ਅਤੇ ਉਸ ਦੇ ਜੰਗੀ ਰੂਪ ਵਾਲੀ ਤਸਵੀਰ ਵੀ ਸਪੱਸ਼ਟ ਹੋ ਹੋ ਕੇ ਉਭਰਨ ਲੱਗੀ — ਜਿਸ ਨੇ ਆਪਣੇ ਧਨ ਤੇ ਰਾਜ ਪਸਾਰੇ ਦੇ ਮੋਹ ਵਸ ਸ਼ਿਆਮ ਨੂੰ ਸੀਟੋ ਜਿਹੇ ਜੰਗੀ ਸੰਗਠਨ ਦਾ ਹੈੱਡਕਵਾਰਟਰ ਬਣਾਇਆ ਹੋਇਆ ਹੈ। 'ਸ਼ਿਆਮ' ਸੰਸਕ੍ਰਿਤ ਸ਼ਬਦ ਸ਼ਿਆਮਲ ਤੋਂ ਬਣਿਆਂ ਹੈ ਜਿਸ ਦਾ ਅਰਥ ਹੈ ਹਰਾ ਭਰਾ ਅਤੇ ਸੁਨਹਿਰੀ। ਥਾਈਲੈਂਡ ਦੇ 'ਥਾਈ' ਸ਼ਬਦ ਨੂੰ 'ਆਜ਼ਾਦ' ਦਾ ਪਰਯਾਯਵਾਚੀ ਦਸਿਆ ਗਿਆ ਹੈ। 'ਥਾਈ' ਅਰਥਾਤ 'ਆਜ਼ਾਦ'। ਸੋਚ ਆਉਂਦੀ ਸੀ — ਉਹ ਕਿਹੋ ਜਿਹੇ ਲੋਕ ਹੋਣਗੇ ਜਿਹੜੇ ਅਮਰੀਕਾ ਜਿਹੀ ਧਨ ਕੁਬੇਰ ਸ਼ਕਤੀ ਦੇ ਉਨ੍ਹਾਂ ਦੀ ਹਿਕ ਉਪਰ ਚੜ੍ਹ ਕੇ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਨੂੰ ਗ਼ੁਲਾਮ ਬਣਾਉਣ ਦੇ ਘ੍ਰਿਣਤ ਮਨਸੂਬਿਆਂ ਨੂੰ ਆਪਣੀ ਧਰਤੀ ਉਤੇ ਫਲਦੇ ਫੂਲਦੇ ਵੇਖ ਕੇ ਵੀ ਆਪਣੇ ਆਪ ਨੂੰ ਆਜ਼ਾਦ ਰਖਦੇ ਜਾਂ ਸਮਝਦੇ ਹੋਣਗੇ !! ਕਿਉਂਕਿ ਆਖਿਆ ਜਾਂਦਾ ਹੈ ਕਿ ਥਾਈਲੈਂਡ ਕਦੇ ਕਿਸੇ ਬਾਹਰੀ ਤਾਕਤ ਦਾ ਗ਼ੁਲਾਮ ਨਹੀਂ ਰਿਹਾ ਉਹ ਇਕ ਆਜ਼ਾਦ ਦੇਸ ਹੈ ਤੇ ਸਦਾ ਆਜ਼ਾਦ ਰਿਹਾ ਹੈ। ਜੀਅ ਕਰਦਾ ਸੀ, ਉਨ੍ਹਾਂ ਲੋਕਾ ਨੂੰ, ਉਨ੍ਹਾਂ ਦੇ ਦੇਸ਼ ਨੂੰ ਅੱਖੀਂ ਵੇਖਾਂ, ਜਿਨ੍ਹਾਂ ਨੂੰ ਗ਼ੁਲਾਮੀ ਦਾ ਪਤਾ ਹੀ ਨਹੀਂ। ਅਸੀਂ ਜਿਹੜੇ ਹਜ਼ਾਰ ਸਾਲ ਤੋਂ ਗ਼ੁਲਾਮ ਚਲੇ ਆ ਰਹੇ ਸਾਂ — ਸਾਡੇ ਲਈ ਤਨ ਮਨ ਧਨ, ਮਨ ਬਚਨ ਕਰਮ ਦੀ ਪੂਰਨ ਆਜ਼ਾਦੀ ਦੀ ਕਲਪਨਾ ਕਰਨੀ ਔਖੀ ਹੈ — ਕਿਉਂਕਿ ਗ਼ੁਲਾਮੀ ਨੇ ਸਾਡੇ ਮਨ ਦੇ ਧੁਰ ਅੰਦਰ ਅਤਿ ਡੂੰਘੇ ਸੰਸਕਾਰਾਂ ਤਕ ਨੂੰ ਗ੍ਰਸਣ ਵਿਚ ਕੋਈ ਕਸਰ ਨਹੀਂ ਛੱਡੀ।

ਅਨੇਕਾਂ ਵਾਰੀ ਜਾਣ ਦੀ ਗੱਲ ਟੁਰੀ, ਕਈ ਵਾਰੀ ਮਹੂਰਤ ਖੁਲ੍ਹੇ — ਪਰ ਜਾਣ ਨਾ ਹੋਇਆ। ਹਰ ਗੱਲ ਬਦਲ ਗਈ, ਹਰ ਮਹੂਰਤ ਟਲ ਗਿਆ। ਪਰ ਇਸ ਵਾਰ ਗੱਲ ਬਦਲਿਆਂ ਨਾ ਬਦਲੀ, ਮਹੂਰਤ ਟਾਲਿਆਂ ਨਾ ਟਲਿਆ।


ਸਤਿਗੁਰੂ ਰਾਮ ਸਿੰਘ ਜੀ ਦੀ ਪਰਦੇਸ ਗਵਨ ਸ਼ਤਾਬਦੀ ਸੰਬੰਧੀ ਬਦੇਸ਼ਾਂ ਵਿਚ ਹੋਣ ਵਾਲੇ ਸਮਾਗਮ ਦੀ ਕੜੀ ਦਾ ਪਹਿਲਾ ਸਮਾਗਮ ਸ਼ਿਆਮ ਦੀ ਧਰਤੀ ਉਤੇ ਬੈਂਕੋਕ ਵਿਚ ਹੋਣਾ ਨੀਯਤ ਹੋਇਆ ਸੀ। ਇਹ ਇਕ ਸੰਜੋਗ ਹੀ ਸਮਝਿਆ ਜਾਣਾ ਚਾਹੀਦਾ ਹੈ ਕਿ ਭਾਰਤ ਦੀ ਆਜ਼ਾਦੀ ਦੇ ਪਹਿਲੇ ਘੁਲਾਟੀਏ ਸਤਿਗੁਰੂ ਰਾਮ ਸਿੰਘ ਜੀ ਦੇ ਆਜ਼ਾਦੀ ਦੀ ਖ਼ਾਤਰ ਦੇਸ਼ ਨਿਕਾਲੇ ਦੀ ਸ਼ਤਾਬਦੀ ਦਾ ਪਹਿਲਾ ਸਮਾਗਮ ਉਸ 'ਥਾਈ' ਧਰਤੀ ਉਪਰ ਹੋ ਰਿਹਾ ਸੀ, ਜਿਹੜੀ ਧਰਤੀ ਕਦੇ ਗ਼ੁਲਾਮ ਨਹੀਂ ਹੋਈ ਅਤੇ ਜਿਸ ਦੇ ਲੋਕ ਸਦਾ ਆਜ਼ਾਦੀ ਦੇ ਪਵਿੱਤਰ ਅਹਿਸਾਸ ਵਿਚ ਜਿਊਂਦੇ ਹਨ।

ਪਤਾ ਲੱਗਾ ਕਿ ਥਾਈਲੈਂਡ ਵਿਚ ਵੱਸਦੇ ਨਾਮਧਾਰੀਆਂ ਵਿਚੋਂ ਇਕ ਸੇਠ ਪਿਆਰਾ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਅਗੇ ਅਰਜ਼ ਕਰ ਕੇ 'ਹੋਲੇ ਮੇਲੇ' ਦੀ ਮੰਗ ਕੀਤੀ ਹੈ — ਜਿਸ ਦਾ ਸਾਰਾ ਖ਼ਰਚ ਉਹ ਇਕੱਲੇ ਹੀ ਦੇਣਗੇ। ਥਾਈਲੈਂਡ ਵਿਚ ਇਹੋ ਜਿਹੇ ਨਾਮਧਾਰੀਆਂ ਦੀ ਕਮੀ ਨਹੀਂ ਜਿਹੜੇ ਧਨ-ਮਾਨ ਵਲੋਂ ਭਰਪੂਰ ਹਨ ਤੇ ਪਿਛਲੇ ਲੰਮੇ ਸਮੇਂ ਤੋਂ ਇਹੋ ਨਾਮਧਾਰੀ ਸੰਗਤ ਹੀ ਥਾਈਲੈਂਡ ਵਿਚ ਸਤਿਗੁਰਾਂ ਨੂੰ ਬੁਲਾ ਕੇ ਮੇਲਿਆਂ ਦਾ ਇਕ ਅਰੁਕ ਕ੍ਰਮ ਚਲਾਉਂਦੀ ਆ ਰਹੀ ਸੀ। ਪਰ ਇਸ ਵਾਰ ਦਾ ਇਹ ਹੋਲਾ ਮੇਲਾ ਇਸ ਕਰਕੇ ਵਿਸ਼ੇਸ਼ ਧਿਆਨ ਖਿਚਣ ਵਾਲਾ ਸੀ ਕਿ ਇਸ ਦਾ ਪੂਰਾ ਖ਼ਰਚ ਇਕੋ ਹੀ ਵਿਅਕਤੀ ਕਰ ਰਿਹਾ ਸੀ, ਜੋ ਕਿ ਦੋ ਤਿੰਨ ਲੱਖ ਰੁਪਏ ਤੋਂ ਘੱਟ ਕਿਸੇ ਵੀ ਤਰ੍ਹਾਂ ਨਹੀਂ ਸੀ ਹੋਣਾ।

ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੇ ਨਾਲ ਭਾਰਤ ਵਿਚੋਂ ਵੀ ਬਹੁਤ ਸਾਰੇ ਲੋਕ ਉਸ ਸਮਾਗਮ ਵਿਚ ਹਿੱਸਾ ਲੈਣ ਲਈ ਸ਼ਿਆਮ ਜਾ ਰਹੇ ਸਨ। ਉਨ੍ਹਾਂ ਲਈ ਇਸ ਵਾਰੀ ਦੀ ਸ਼ਿਆਮ ਯਾਤਰਾ ਕਿਸੇ ਤੀਰਥ ਯਾਤਰਾ ਨਾਲੋਂ ਘੱਟ ਨਹੀਂ ਸੀ। ਇਕ ਆਜ਼ਾਦ ਦੇਸ਼ ਵਿਚ ਭਾਰਤ ਦੀ ਆਜ਼ਾਦੀ ਲਈ ਜੂਝਣ ਵਾਲੇ ਸਤਿਗੁਰੂ ਰਾਮ ਸਿੰਘ ਜੀ ਦੀ ਸਭ ਤੋਂ ਵਡੀ ਕੁਰਬਾਨੀ (ਮਾਤਭੂਮੀ ਦਾ ਤਿਆਗ) ਦੀ ਯਾਦ ਮਨਾਈ ਜਾਣ ਵਾਲੀ ਸੀ।

ਦਿੱਲੀ ਦੇ ਮੇਰੇ ਮਿੱਤਰ ਅਤੇ ਸਤਿਗੁਰੂ ਰਾਮ ਸਿੰਘ ਪਰਦੇਸ ਗਵਨ ਸ਼ਤਾਬਦੀ ਕਮੇਟੀ ਦੇ ਜਨਰਲ ਸਕੱਤਰ ਸ੍ਰੀ ਹਰਵਿੰਦਰ ਸਿੰਘ ਹੰਸ ਪਾਲ ਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਨਿੱਜੀ ਸਕੱਤਰ ਸ੍ਰੀ ਗੁਰਭਜਨ ਸਿੰਘ ਜੀ, ਸਤਿਗੁਰੂ ਜੀ ਦੀ ਆਗਿਆ ਅਨੁਸਾਰ ਸ਼ਿਆਮ ਜਾਣ ਵਾਲੇ ਵਿਅਕਤੀਆਂ ਦੀ ਸੂਚੀ ਬਣਾ ਰਹੇ ਅਤੇ ਉਨ੍ਹਾਂ ਦੇ ਪਾਸ-ਪੋਰਟਾਂ ਦਾ ਬੰਦੋਬਸਤ ਕਰ ਰਹੇ ਸਨ। ਉਸ ਸੂਚੀ ਵਿਚ ਮੇਰਾ ਵੀ ਨਾਮ ਸੀ। ਪਰ ਮੈਂ ਕਦੀ ਮਹੂਰਤ ਲੰਘਾ ਚੁਕਾ ਹੋਣ ਕਰਕੇ ਛੇਤੀ ਛੇਤੀ 'ਹਾਂ' ਕਰਨ ਦਾ ਹੌਂਸਲਾ ਨਹੀਂ ਸਾਂ ਕਰ ਰਿਹਾ। ਕੁਝ ਇਹ ਵੀ ਕਾਰਨ ਸੀ ਕਿ ਮੈਨੂੰ ਕਿਸੇ ਵੀ ਧਨ ਕੁਬੇਰ ਦੇ ਯਾਤਰੀ ਕੋਟੇ ਵਿਚ ਸ਼ਾਮਲ ਹੋਣ ਤੋਂ ਡਾਢਾ ਸੰਕੋਚ ਸੀ। ਸ਼ਾਇਦ ਇਸ ਕਰਕੇ ਵੀ ਕਿ ਮੇਰੇ ਅੰਦਰ ਕਿਤੇ ਲੁਕਵਾਂ ਜਿਹਾ ਇਹ ਲੋਭ ਕੰਮ ਕਰ ਰਿਹਾ ਸੀ ਕਿ ਇਸ ਤੀਰਥ ਯਾਤਰਾ ਦਾ ਆਪਣੇ ਹਿੱਸੇ ਦਾ ਪੁੰਨ-ਫਲ ਮੈਂ ਆਪ ਹੀ ਲਵਾਂ। ਅੰਤ ਨੂੰ ਮੇਰੇ ਅੰਦਰ ਵਾਲਾ ਹੀ ਜਿੱਤਿਆ ਤੇ ਮੈਂ ਯਾਤਰਾ ਉਪਰ ਜਾਣ ਵਾਲੇ ਦਿਨ ਤੋਂ ਤਿੰਨ ਚਾਰ ਦਿਨ ਪਹਿਲਾਂ ਹੀ ਜਾਣ ਵਾਲਿਆਂ ਦੀ ਸੂਚੀ ਵਿਚ ਆਪਣਾ

Namdhari Elibrary NamdhariElibrary@gmail.com



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਗਤ ਸਮੇਤ ਲੰਪਾਂਗ ਦੇ ਰੇਲਵੇ ਸਟੇਸ਼ਨ ਉਪਰ ਰੇਲ-ਗੱਡੀ ਤੋਂ ਉਤਰ ਕੇ ਪਲੇਟਫ਼ਾਰਮ ਤੋਂ ਬਾਹਰ ਨੂੰ ਜਾ ਰਹੇ ਹਨ।



ਸ੍ਰੀ ਸੁਰਿੰਦਰ ਸਿੰਘ ਜੀ ਚੇਅਰਮੈਨ ਸਤਿਗੁਰੂ ਰਾਮ ਸਿੰਘ ਪ੍ਰਦੇਸ ਗਮਨ ਸ਼ਤਾਬਦੀ ਸੈਲੀਬ੍ਰੇਸ਼ਨ ਕਮੇਟੀ–ਬੈਂਕੋਕ। ਜਿਨ੍ਹਾਂ ਦੀ ਅਗਵਾਈ ਹੇਠ ਬੈਂਕੋਕ ਵਿਖੇ ਸ਼ਤਾਬਦੀ ਸਮਾਗਮ ਹੋਇਆ ਤੇ ਰਾਸ਼ਟਰਪਤੀ ਸ੍ਰੀ ਵੀ. ਵੀ. ਗਿਰੀ ਨੇ ਭਾਗ ਲਿਆ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਗਤਾਂ ਸਮੇਤ ਲੰਪਾਗ ਦੇ ਰੇਲਵੇ ਸਟੇਸਨ ਤੋਂ ਬਾਹਰ ਜਾਂਦੇ ਹੋਏ। ਆਪ ਦੇ ਖੱਬੇ ਪਾਸੇ ਹੱਥ ਜੋੜੀ ਸੰਤ ਜਗਤ ਸਿੰਘ ਜੀ ਅਤੇ ਸੱਜੇ ਪਾਸੇ ਹੱਥ ਜੋੜੀ ਬੈਂਕੌਕ ਵਾਸੀ ਸ੍ਰੀ ਮਹਿੰਦਰ ਸਿੰਘ ਨਾਇਲਕ ਹਨ : ਸੱਜੇ ਪਾਸੇ ਪਿਛੇ ਜਿਹੇ (ਨਹਿਰੂ ਜੈਕਟ ਪਹਿਨੀ) ਐਡੀਟਰ ਆਰਮੀ ਸ੍ਰੀ ਪ੍ਰੀਤਮ ਸਿੰਘ ਜੀ ਹਨ।



←
ਸੇਠ ਪਿਆਰਾ ਸਿੰਘ ਜੀ — ਜਿਨ੍ਹਾਂ ਨੇ ਇਸ ਵਾਰ ਬੈਂਕੌਕ ਵਿਚ ਹੋਲਾ ਮੇਲਾ ਕਰਵਾਇਆ ਹੈ।



→
ਚੰਗਮਈ (ਥਾਈਲੈਂਡ) ਵਿਖੇ ਨਾਮਧਾਰੀ ਸੰਗਤ ਦੇ ਮੁਖੀ-ਸੂਬਾ ਦੀਵਾਨ ਸਿੰਘ ਜੀ

Namdhari Elibrary NamdhariElibrary@gmail.com



ਚੰਗਮਈ ਦਾ ਪਰਸਿੱਧ ਸੁਦੇਵ ਮੰਦਿਰ

ਨਾਮ ਲਿਖਵਾ ਸਕਿਆ । ਇਹ ਸ਼੍ਰੇਅ ਸ੍ਰੀ ਹਰਵਿੰਦਰ ਸਿੰਘ ਜੀ ਨੂੰ ਜਾਂਦਾ ਹੈ ਕਿ ਪਾਸਪੋਰਟਾਂ ਦੀ ਤਿਆਰੀ ਦੀ ਭੀੜ ਵਿਚ ਅਤਿ ਥੋੜੇ ਸਮੇਂ ਵਿਚ ਵੀ ਉਹ ਮੇਰਾ ਪਾਸਪੋਰਟ ਬਣਵਾ ਲਿਆਏ ।

੨੩ ਮਾਰਚ, ਨੂੰ ਸਵੇਰੇ ਜਦੋਂ ਅਸੀਂ ਪਾਲਮ ਤੋਂ ਏਅਰ ਇੰਡੀਆ ਦੇ ਜਹਾਜ਼ ਵਿਚ ਚੜ੍ਹੇ ਤਾਂ ਸਾਡਾ ਸਾਰਾ ਗਰੁਪ ਲਗ ਭਗ ਅੱਸੀ ਪਚਾਸੀ ਵਿਅਕਤੀਆਂ ਦਾ ਸੀ । ਇਨ੍ਹਾਂ ਵਿਚ ਸ੍ਰੀ ਮਹਾਰਾਜ ਬੀਰ ਸਿੰਘ ਜੀ, ਸੰਤ ਮੋਹਨ ਸਿੰਘ ਜੀ, ਐਡੀਟਰ ਆਰਸੀ ਸ਼੍ਰੀ ਪ੍ਰੀਤਮ ਸਿੰਘ ਜੀ, ਪ੍ਰੀਤਮ ਸਿੰਘ ਜੀ, ਕਵੀ, ਸ੍ਰੀ ਹਰਵਿੰਦਰ ਸਿੰਘ ਤੇ ਗੁਰਭਜਨ ਸਿੰਘ ਵੀ ਸ਼ਾਮਲ ਸਨ । ਉਸ ਤੋਂ ਪਹਿਲਾਂ ਸਤਿਗੁਰੂ ਜੀ ਆਪਣੇ ਹਜ਼ੂਰੀ ਸੇਵਕ ਸੰਤ ਗੁਲਜ਼ਾਰ ਸਿੰਘ ਜੀ ਸਮੇਤ ੧੯ ਮਾਰਚ ਨੂੰ ਹੀ ਬੈਂਕੌਕ ਪਧਾਰ ਚੁਕੇ ਸਨ ਤੇ ਦੂਜੇ ਹਜ਼ੂਰੀ ਸੇਵਕ ਬਲਕਾਰ ਸਿੰਘ ਜੀ, ਸਤਿਗੁਰੂ ਪਰਵਾਰ, ਰਾਗੀ, ਜਥੇਦਾਰ ਤੇ ਕੁਝ ਹੋਰ ਵਿਅਕਤੀਆਂ ਦਾ ਇਕ ਗਰੁਪ ੨੦ ਮਾਰਚ ਨੂੰ ਬੈਂਕੌਕ ਜਾ ਚੁਕਾ ਸੀ ।

ਛੇਤੀ ਛੇਤੀ ਕੀਤੀ ਤਿਆਰੀ ਅਤੇ ਵਡੇ ਸਾਰੇ ਗਰੁੱਪ ਦੇ ਖਿਲਾਰ ਕਾਰਨ ਕੁਝ ਜ਼ਰੂਰੀ ਕੰਮ ਪਛੜ ਗਏ ਜਿਸ ਕਰਕੇ ਸਾਡੇ ਜਹਾਜ਼ ਨੂੰ ਲਗਭਗ ਦੋ ਘੰਟੇ ਪਛੜ ਕੇ ਉਡਾਰੀ ਭਰਨੀ ਪਈ ।

ਬੈਂਕੌਕ ਨਹੀਂ — ਚੰਗਮਈ

ਭਾਰਤ ਦੇ ਰਾਸ਼ਟਰਪਤੀ ਸ੍ਰੀ ਵਰਾਹ ਗਿਰੀ ਵਿਅੰਕਟ ਗਿਰੀ ਥਾਈਲੈਂਡ ਦੀ ਸਰਕਾਰ ਦੀ ਦਾਅਵਤ ਤੇ ੨੭ ਮਾਰਚ, ਨੂੰ ਬੈਂਕੌਕ ਪੁਜਣ ਵਾਲੇ ਸਨ । ਆਪ ਨੇ ਬੈਂਕੌਕ ਵਿਚ ਹੋਣ ਵਾਲੇ ਸਤਿਗੁਰੂ ਰਾਮ ਸਿੰਘ ਪਰਦੇਸ ਗਵਨ ਸ਼ਤਾਬਦੀ ਸਮਾਗਮ ਵਿਚ ਵੀ ਭਾਗ ਲੈਣਾ ਸੀ ; ਇਸ ਕਰਕੇ ਸ਼ਤਾਬਦੀ ਮੇਲੇ ਦੇ ਪਰਬੰਧਕਾਂ ਵਲੋਂ ਪ੍ਰੋਗਰਾਮ ਇੰਜ ਉਲੀਕਿਆ ਗਿਆ ਸੀ ਕਿ ਸਾਡੇ ਗਰੁੱਪ ਦੇ ਸ਼ਿਆਮ ਦੀ ਧਰਤੀ ਤੇ ਪੁਜਦਿਆਂ ਹੀ ਸਾਰਿਆਂ ਨੂੰ ਹਵਾਈ ਅੱਡੇ ਤੋਂ ੫੦ ਕੁ ਕਿਲੋਮੀਟਰ ਦੂਰ ਬੈਂਕੌਕ ਸ਼ਹਿਰ ਲਿਜਾਇਆ ਜਾਵੇ । ਇਸ਼ਨਾਨ ਆਦਿ ਕਰਕੇ ਪ੍ਰਸ਼ਾਦ ਛਕਣ ਤੋਂ ਬਾਅਦ ਸਾਡਾ ਇਹ ਗਰੁੱਪ, ਸਾਡੇ ਤੋਂ ਪਹਿਲਾਂ ਪਹੁੰਚਾ ਗਰੁੱਪ, ਸਤਿਗੁਰੂ ਜੀ, ਸਤਿਗੁਰੂ ਪਰਵਾਰ ਅਤੇ ਬੈਂਕੌਕ ਦੀ ਸੰਗਤ ਵਿਚੋਂ ਕਈ ਵਿਅਕਤੀ ਲੌਢੇ ਪਹਿਰ ਬੈਂਕੌਕ

Namdhari Elibrary NamdhariElibrary@gmail.com

ਤੋਂ ਟਰੇਨ ਫੜ ਕੇ ਅਗਲੇ ਦਿਨ ਸਵੇਰੇ ਪਹਿਲਾਂ ਲੰਪਾਂਗ ਪਹੁੰਚਣ ਅਤੇ ਓਥੇ ਸ਼ਾਮ ਦਾ ਦੀਵਾਨ ਹੋ ਜਾਣ ਤੋਂ ਬਾਅਦ ਬਸਾਂ ਵਿਚ ਚੜ੍ਹ ਕੇ ਰਾਤ ਨੂੰ ਚੰਗਮਈ ਪੁਜ ਜਾਣ। ਦੋ ਦਿਨ ਤਕ ਚੰਗਮਈ ਦੀ ਸੰਗਤ ਦੇ ਦਰਸ਼ਨ ਕਰ ਕੇ ੨੬ ਮਾਰਚ, ਸ਼ਾਮੀਂ ਟਰੇਨ ਫੜ ਕੇ ੨੭ ਮਾਰਚ, ਨੂੰ ਸਵੇਰੇ ਬੈਂਕੌਕ ਪੁਜ ਕੇ ਰਾਸ਼ਟਰਪਤੀ ਦੇ ਸਵਾਗਤ ਵਿਚ ਹਿੱਸਾ ਲੈਣ।

ਪਰ ਸਾਡੇ ਜਹਾਜ਼ ਦੇ ਦੋ ਘੰਟੇ ਲੇਟ ਹੋ ਜਾਣ ਕਰਕੇ ਬੈਂਕੋਕ ਤੋਂ ਟ੍ਰਰਨ ਦਾ ਸਾਰਾ ਪ੍ਰੋਗਰਾਮ ਗੜਬੜਾ ਗਿਆ।

ਅਸੀਂ ਜਹਾਜ਼ ਤੋਂ ਉਤਰ ਕਸਟਮ ਵਿਚੋਂ ਨਿਕਲ ਕੇ ਜਦੋਂ ਬਾਹਰ ਆਏ ਤਾਂ ਪਤਾ ਲਗਾ ਕਿ ਸਵਾਗਤਾਰਥੀ, ਮਹਾਰਾਜ ਬੀਰ ਸਿੰਘ ਜੀ ਨੂੰ ਲੈ ਕੇ ਬੈਂਕੌਕ ਨੂੰ ਚਲੇ ਗਏ ਹਨ, ਪਿਛੇ ਕੋਈ ਵੀ ਜ਼ਿੰਮੇਵਾਰ ਵਿਅਕਤੀ ਨਹੀਂ ਸੀ ਰਿਹਾ। ਸਾਨੂੰ ਬੱਸਾਂ ਉਪਰ ਚੜ੍ਹਾ ਕੇ ਕੁਝ ਸੌ ਗਜ਼ ਦੀ ਦੂਰੀ ਤੇ ਡਿਨ ਮੌਂਗ ਰੇਲਵੇ ਸਟੇਸ਼ਨ ਸਾਹਮਣੇ ਲਿਜਾ ਕੇ ਉਤਾਰ ਦਿਤਾ ਗਿਆ। ਇਕ ਸੱਜਣ ਨੇ ਦੱਸਿਆ ਕਿ ਸ਼ਾਮੀ ਪੰਜ ਵਜੇ ਚੰਗਮਈ ਨੂੰ ਜਾਣ ਵਾਲੀ ਟਰੇਨ ਇਥੇ ਪਹੁੰਚੇਗੀ। ਉਸ ਟਰੇਨ ਵਿਚ ਤੁਹਾਡੀਆਂ ਸੀਟਾਂ ਰਾਖਵੀਆਂ ਰਖਾਈਆਂ ਹੋਈਆਂ ਹਨ। ਹੁਣ ਤੁਸੀਂ ਏਥੋਂ ਹੀ ਗੱਡੀ ਵਿਚ ਬੈਠੋਗੇ ਸਾਰੀ ਰਾਤ ਸਫ਼ਰ ਕਰਕੇ ਸਵੇਰੇ ਲੰਪਾਂਗ ਪੁਜੋਗੇ ; ਇਤਿਆਦਿ।

ਸਟੇਸ਼ਨ ਉਪਰ ਗਰਮੀ ਸਿਖਰ ਦੀ ਸੀ। ਦਿੱਲੀ ਤੋਂ ਜਦੋਂ ਗਏ ਸਾਂ ਤਾਂ ਏਥੇ ਅਜੇ ਗੁਲਾਬੀ ਜਿਹੀ ਠੰਢ ਹੀ ਚਲ ਰਹੀ ਸੀ। ਪਰ ਥਾਈਲੈਂਡ ਪੁਜਦਿਆਂ ਹੀ ਜਿਸ ਗਰਮੀ ਨੇ ਸਾਡਾ ਸਵਾਗਤ ਕੀਤਾ ਉਸ ਨੂੰ ਸਾਰੀ ਰਾਤ ਦੇ ਟਰੇਨ ਦੇ ਸਫ਼ਰ ਦੀ ਖ਼ਬਰ ਨੇ ਸਾਡੇ ਲਈ ਹੋਰ ਵੀ ਤਪਸ ਵਾਲੀ ਬਣਾ ਦਿਤਾ ਸੀ। ਪਿਆਸ ਨਾਲ ਸੰਘ ਸੁਕ ਰਿਹਾ ਸੀ, ਪਰ ਪਾਣੀ ਬਾਰੇ ਪੁੱਛਣ ਤੇ ਪਤਾ ਲਗਾ ਕਿ ਇਸ ਸਟੇਸ਼ਨ ਉਤੇ ਪੀਣ ਵਾਲਾ ਪਾਣੀ ਨਹੀਂ ਹੁੰਦਾ। ਬੜੀ ਅਜੀਬ ਸਥਿਤੀ ਸੀ। ਭਾਵੇਂ ਜਹਾਜ਼ ਵਿਚ ਕੁਲ ਮਿਲਾ ਕੇ ਚਾਰ ਘੰਟਿਆਂ ਤੋਂ ਘੱਟ ਹੀ ਸਫ਼ਰ ਕੀਤਾ ਸੀ, ਪਰ ਅਸੀਂ ਉਠੇ ਤਾਂ ਤੜਕੇ ਤਿੰਨ ਵਜੇ ਦੇ ਹੀ ਸਾਂ। ਰਾਤ ਦਾ ਉਨੀਂਦਾ, ਭੁੱਖ, ਸਫ਼ਰ ਦੀ ਥਕਾਵਟ, ਗਰਮੀ ਦੇ ਜ਼ਬਰਦਸਤ ਮਾਹੌਲ ਵਿਚ ਅਚਾਨਕ ਪ੍ਰਵੇਸ਼, ਹਵਾਈ ਜਹਾਜ਼ ਤੋਂ ਉੱਤਰ ਕੇ ਅਗੋਂ ਸਾਰੀ ਰਾਤ ਦੇ ਟਰੇਨ ਦੇ ਸਫ਼ਰ ਦੀ ਥਕਾਵੀਂ ਕਲਪਨਾ, ਪਿਆਸ ਤੇ ਸਾਡੇ ਵਿਚੋਂ ਜਿਹੜੇ ਲੋਕ ਬਾਜ਼ਾਰ ਵਿਚੋਂ ਸੋਡਾ ਆਦਿ ਪੀ ਸਕਦੇ ਸਨ ਉਨ੍ਹਾਂ ਕੋਲ ਵੀ ਸਿਆਮੀ ਸਿੱਕੇ ਵਿਚ ਇਕ ਪੈਸੇ ਦਾ ਵੀ ਨਾ ਹੋਣਾ, ਸਿਆਮੀ ਬੋਲੀ ਤੋਂ ਇਕ ਦਮ ਅਣਭਿਜ ਹੋਣਾ ਸਾਡੀ ਹਾਲਤ ਨੂੰ ਅਜਿਹੀ ਤਰਸ ਯੋਗ ਬਣਾ ਰਿਹਾ ਸੀ ਕਿ ਉਸ ਨੂੰ ਭੁਗਤ ਭੋਗੀ ਹੀ ਸਮਝ ਸਕਦਾ ਹੈ। ਅਸੀਂ ਸਾਰੇ ਡੌਰ ਭੌਰੇ ਜਿਹੇ ਇਕ ਦੂਜੇ ਨੂੰ ਪੁੱਛਦੇ, ਇਕ ਦੂਜੇ ਵਲ ਤੱਕਦੇ ਅਜਬ ਦੁਬਿਧਾ ਵਿਚ ਪਏ ਹੋਏ ਸਾਂ।

ਖ਼ੈਰ, ਥੋੜੇ, ਚਿਰ ਪਿਛੋਂ ਹੀ ਸਾਡੇ ਵਿਚੋਂ ਇਕ ਦੇ ਕਿਸੇ ਸਥਾਨਕ ਰਿਸ਼ਤੇਦਾਰ ਨੇ ਉਥੇ ਪਹੁੰਚ ਕੇ ਸਾਨੂੰ ਇਕ ਦੁਕਾਨ ਤੇ ਲਿਜਾ ਕੇ ਸੋਡੇ ਦੀਆਂ ਬੋਤਲਾਂ ਪਿਆਈਆਂ — ਤੇ ਉਸ ਤੋਂ ਥੋੜਾ ਚਿਰ ਬਾਅਦ ਹੀ ਮੋਟਰਾਂ ਵਿਚ ਬੈਂਕੋਕ ਤੋਂ ਪਰਸ਼ਾਦੇ, ਸਬਜ਼ੀਆਂ, ਪਾਣੀ ਦੀਆਂ ਵਲਟੋਹੀਆਂ, ਤੇ ਸੋਡੇ ਦੀਆਂ ਬੋਤਲਾਂ ਦਾ ਇਕ ਵਡਾ ਭੰਡਾਰ ਪੁਜ ਗਿਆ। ਪਲੇਟਫ਼ਾਰਮ ਉਤੇ ਪੰਗਤਾਂ ਸਜ ਗਈਆਂ ਤੇ ਇੰਜ ਤ੍ਰਿਪਤ ਹੋ ਕੇ ਛਕਿਆ ਛਕਾਇਆ ਕਿ ਫਿਰ ਸ਼ਿਕਾਇਤ ਕਰਨ ਲਈ ਕਿਸੇ ਕੋਲ ਕੋਈ ਸ਼ਬਦ ਨਾ ਰਿਹਾ। ਵਰਤਾਵੇ ਸਿੰਘ ਬਹੁਤ ਸਾਰੇ ਪੁਜ ਚੁੱਕੇ ਸਨ ਤੇ ਇੰਜ ਲਗਦਾ ਸੀ ਜਿਵੇਂ ਉਨ੍ਹਾਂ ਨੇ ਸਾਨੂੰ ਸਾਰਿਆਂ ਨੂੰ ਹੱਥਾਂ ਉਤੇ ਚੁੱਕ ਲਿਆ ਹੋਵੇ।

ਕੁਝ ਚਿਰ ਬਾਅਦ ਹੀ ਟਰੇਨ ਪੁੱਜ ਗਈ ਤੇ ਹੋ ਹੱਲਾ ਮਚਾਉਂਦੇ ਹੋਏ ਸਾਰੇ ਆਪਣੇ ਆਪਣੇ ਸਾਮਾਨ ਨਾਲ ਉਸ ਵਿਚ ਜਾ ਚੜ੍ਹੇ। ਟਰੇਨ ਦੇ ਡੱਬੇ ਪਹਿਲਾ ਹੀ ਸਾਥੋਂ ਪਹਿਲੇ ਗਰੁਪ ਦੇ ਵਿਅਕਤੀਆਂ ਤੇ ਬੈਂਕੌਕ ਵਾਲਿਆਂ ਨਾਲ ਭਰੇ ਹੋਏ ਸਨ। ਟਰੇਨ ਵਿਚ ਸਾਰੇ ਦੇ ਸਾਰੇ ਹੀ ਸਾਡੇ ਸਵਾਗਤ ਵਿਚ ਖਲੋਤੇ ਹੋਣ ਕਰ ਕੇ ਅਤੇ ਕਿਸੇ ਦੇ ਪੈਰੀਂ ਹੱਥ ਲਾਣ, ਕਿਸੇ ਦੇ ਹੱਥ ਮਿਲਾਣ ਤੇ ਕਿਸੇ ਦੇ ਜੱਫੀਆਂ ਪਾ ਪਾ ਮਿਲਨ ਕਾਰਨ ਗੱਡੀ ਵਿਚ ਇਕ ਜ਼ਬਰਦਸਤ ਹੱਲਾ ਸੀ।

ਸਤਿਗੁਰੂ ਦਰਸ਼ਨ

ਕੁਝ ਮਿੰਟਾਂ ਬਾਅਦ ਗੱਡੀ ਦੇ ਅੰਦਰੋਂ ਹੀ ਨਾਲ ਦੇ ਡੱਬੇ ਵਿਚੋਂ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸੇਠ ਤਰਲੋਕ ਸਿੰਘ ਜੀ ਸਾਡੇ ਡੱਬੇ ਵਿਚ ਆ ਪਹੁੰਚੇ। ਤੇ ਕਿਹਾ, "ਤੁਹਾਨੂੰ ਤੇ ਪ੍ਰੀਤਮ ਸਿੰਘ ਜੀ ਨੂੰ ਵੇਖਣ ਆਏ ਆਂ, ਡਰ ਸੀ ਮਤਾਂ ਆਓ ਹੀ ਨਾ।" ਦਰਸ਼ਨ ਕਰ ਕੇ ਤੇ ਇਹ ਸੋਚ ਕੇ ਮਨ ਨੂੰ ਕੁਝ ਧਰਵਾਸ ਹੋਇਆ ਕਿ ਰਾਤ ਭਰ ਦੇ ਸਫ਼ਰ ਵਿਚ ਅਸੀਂ ਇਕੱਲੇ ਹੀ ਨਹੀਂ — ਆਪ ਵੀ ਸਾਡੇ ਨਾਲ ਹਨ। ਲੰਗਰ ਟਰੇਨ ਵਿਚ ਬਥੇਰਾ ਸੀ ਜੋ ਕਿ ਰਾਤ ਭਰ ਚਲਦਾ ਰਿਹਾ। ਬੈਂਕੋਕ ਦੀਆਂ ਮਾਈਆਂ ਦੀ ਪ੍ਰਧਾਨ ਬੀਬੀ ਸੁਰਜੀਤ, ਬੀਬੀ ਗਿਆਨਣ, ਸ੍ਰੀ ਪਿਆਰ ਸਿੰਘ ਸਚਦੇਵ ਦੀ ਪਤਨੀ ਬੀਬੀ ਪ੍ਰੀਤਮ, ਸੇਠ ਪਿਆਰਾ ਸਿੰਘ ਜੀ ਦੀ ਧਰਮ ਪਤਨੀ, ਤੇ ਹੋਰ ਬਹੁਤ ਸਾਰੀਆਂ ਮਾਈਆਂ ਬੀਬੀਆਂ ਸਾਰਾ ਰਸਤਾ ਰਾਤ ਭਰ ਕੀਰਤਨ ਕਰਦੀਆਂ ਰਹੀਆਂ ਤੇ ਲੰਗਰ ਦੀ ਸੇਵਾ ਕਰਦੀਆਂ ਰਹੀਆਂ! ਮੇਰੀ ਕਲਪਨਾ ਅਨੁਸਾਰ ਸਤਿਗੁਰੂ ਜੀ ਦੀ ਟਰੇਨ ਵਿਚ

Namdhari Elibrary NamdhariElibrary@gmail.com

ਹੋਂਦ ਦੇ ਬਾਵਜੂਦ ਸਾਰੀ ਰਾਤ ਦੇ ਸਫ਼ਰ ਵਿਚ ਆਪ ਦੀ ਅਤਿ ਨੇੜਤਾ ਹਾਸਿਲ ਨਾ ਰਹਿ ਸਕੀ। ਆਪ ਗੱਡੀ ਦੇ ਆਖ਼ਰੀ ਹਿੱਸੇ ਵਾਲੇ ਡੱਬੇ ਵਿਚ ਚਲੇ ਗਏ ਸਨ ਤੇ ਸਾਡੇ ਬਹੁਤ ਸਾਰੇ ਸਾਥੀ ਵੀ। ਸ੍ਰੀ ਪ੍ਰੀਤਮ ਸਿੰਘ ਜੀ ਕਵੀ ਤੇ ਮੈਂ ਇਕ ਸੱਜਣ ਕੋਲੋਂ ਸਿਆਮ ਸੰਬੰਧੀ ਕਥਾ ਵਾਰਤਾ ਸੁਣਦਿਆਂ ਰਾਤ ਲੰਘਾ ਦਿਤੀ ਤੇ ਫਿਰ ਸਵੇਰ ਸਾਰ ਅਸੀਂ ਲੰਪਾਂਗ ਪੁੱਜ ਗਏ।

ਲੰਪਾਂਗ ਵਿਚ ਸੰਤ ਜਗਤ ਸਿੰਘ ਜੀ ਇਕੱਲੇ ਹੀ ਨਾਮਧਾਰੀ ਹਨ।.ਆਪ ਆਪਣੇ ਪਰਵਾਰ ਅਤੇ ਹੋਰ ਬਹੁਤ ਸਾਰੇ ਹਿੰਦੁਸਤਾਨੀ ਸਜਣਾਂ ਮਿੱਤਰਾਂ ਸਮੇਤ ਸਟੇਸ਼ਨ ਉਪਰ ਸਵਾਗ਼ਤ ਲਈ ਖੜੇ ਸਨ। ਆਪ ਨੇ ਸ੍ਰੀ ਸਤਿਗੁਰੂ ਜੀ ਤੇ ਸੰਗਤ ਦਾ ਨਿੱਘਾ ਸਵਾਗ਼ਤ ਕੀਤਾ ਦੇ ਗੱਡੀਆਂ ਵਿਚ ਬਿਠਾ ਕੇ ਸਭਨਾਂ ਨੂੰ ਆਪਣੇ ਨਿਵਾਸ ਤੇ ਲੈ ਗਈ। ਸਾਨੂੰ ਸਭਨਾ ਨੂੰ ਕਈ ਸਾਰੇ ਘਰਾਂ ਵਿਚ ਵੰਡ ਦਿਤਾ ਗਿਆ ਜਿਥੇ ਜਾ ਕੇ ਇਸਨਾਨ ਆਦਿ ਕੀਤਾ ਤੇ ਛਾਹ ਵੇਲਾ ਛਕਿਆ।

ਸ਼ਿਆਮ ਦੀ ਧਰਤੀ ਦੇ ਅਸਲ ਵਿਚ ਸਾਡੇ ਲਈ ਪਹਿਲੇ ਦਰਸਨ ਸਨ। ਡੋਨਮੌਂਗ ਹਵਾਈ ਅੱਡਾ ਅਤੇ ਰੇਲਵੇ ਸਟੇਸ਼ਨ ਤਾਂ ਸਾਡੀ ਪਰੇਸ਼ਾਨੀ ਦੀ ਹਾਲਤ ਵਿਚ ਹੀ ਸਾਥੋਂ ਬੀਤ ਗਏ ਸਨ। ਲੰਪਾਂਗ ਇਕ ਛੋਟਾ, ਪਰ ਅਤੀ ਸੁੰਦਰ ਸ਼ਹਿਰ ਹੈ। ਮਾਲ ਨਾਲ ਅੱਟੀਆਂ ਹੋਈਆਂ ਦੁਕਾਨਾ, ਦੁਕਾਨਾ ਦੇ ਪਿਛੇ ਜਾਂ ਉਪਰ ਰਹਿਣ ਲਈ ਘਰ, ਘਰਾਂ ਵਿਚ ਸਿਆਮੀ ਜਾਤ ਦੀਆਂ ਅਤਿ ਸੁਘੜ, ਅਤਿ ਸੁਸ਼ੀਲ ਸੁੰਦਰ ਸੇਵਕਾਵਾਂ, ਘਰਾਂ ਵਿਚ ਇਕ ਤਰ੍ਹਾਂ ਦੀ ਭਰਪੂਰਤਾ ਦਾ ਡਹਿ ਡਹਿ ਕਰਦਾ ਅਹਿਸਾਸ, ਇਹ ਸਭ ਬੜਾ ਤ੍ਰਿਪਤੀ ਕਰ ਜਿਹਾ ਸੀ।

ਸਤਿਗੁਰੂ ਜੀ ਵਾਰੀ ਵਾਰੀ ਉਨ੍ਹਾਂ ਸਭਨਾ ਘਰਾਂ ਵਿਚ ਆਏ ਜਿਥੇ ਸੰਗਤ ਨੂੰ ਇਸਨਾਨ ਆਦਿ ਤੇ ਜਲਪਾਣ ਲਈ ਠਹਿਰਾਇਆ ਗਿਆ ਸੀ। ਸਾਡੇ ਕੋਲ ਆਉਂਦਿਆਂ ਹੀ ਆਪ ਨੇ ਪਹਿਲੀ ਨਜ਼ਰੇ ਹੀ ਮੇਰੇ ਚਿਹਰੇ ਤੋਂ ਕਲ੍ਹ ਦੁਪਹਿਰ ਤੋਂ ਲੈ ਕੇ ਰਾਤ ਭਰ ਦੀ ਕਹਾਣੀ ਪੜ੍ਹ ਲਈ ਤੇ ਉਸ ਦੇ ਪ੍ਰਤੀ ਆਪਣੀ ਚਿੰਤਾ ਪ੍ਰਗਟ ਕਰ ਕੇ ਸਾਡੇ ਕੁਝ ਕੁ ਵਿਅਕਤੀਆਂ ਲਈ ਆਰਾਮ ਦੀ ਉਚੇਚੀ ਵਿਵਸਥਾ ਕਰਵਾ ਦਿਤੀ। ਇਕ ਵਧੀਆ ਹੋਟਲ ਵਿਚ ਤੁਰੰਤ ਹੀ ਕੁਝ ਕਮਰੇ ਲੈ ਲਏ ਗਏ ਤੇ ਉਥੇ ਜਾ ਕੇ ਸਾਨੂੰ ਘੜੀ ਭਰ ਸੌਂ ਲੈਣ ਦਾ ਹੁਕਮ ਹੋ ਗਿਆ। ਇਕ ਕਾਰ ਸਾਡੀ ਸੇਵਾ ਵਿਚ ਹਾਜ਼ਰ ਕਰ ਦਿਤੀ ਗਈ ਤਾ ਕਿ ਜਦੋਂ ਚਾਹੀਏ ਸ਼ਹਿਰ ਦੀ ਸੈਰ ਕਰ ਆਈਏ। ਦੁਪਹਿਰ ਦਾ ਭੋਜਨ ਵੀ ਸਾਨੂੰ ਉਥੇ ਹੀ ਪੁਚਾ ਦਿਤਾ ਗਿਆ। ਸਾਰਾ ਦਿਨ ਕੁਝ ਆਰਾਮ, ਕੁਝ ਸੈਰ ਤੇ ਫਿਰ ਆਰਾਮ ਕਰਨ ਤੋਂ ਬਾਅਦ ਅਸੀਂ ਤਰੋਤਾਜ਼ਾ ਹੋ ਕੇ ਸ਼ਾਮ ਨੂੰ ਜਗਤ ਸਿੰਘ ਜੀ ਦੇ ਘਰ ਦੀਵਾਨ ਵਿਚ ਜਾ ਹਾਜ਼ਰ ਹੋਏ।

ਦੀਵਾਨ ਦੀ ਸਮਾਪਤੀ ਤੋਂ ਬਾਅਦ ਰਾਤ ਦਾ ਭੋਜਨ ਛਕਿਆ ਤੇ ਫਿਰ ਉਥੋਂ ਲਗ ਭਗ ਸੌ ਕਿਲੋਮੀਟਰ ਦੂਰ ਸਥਿਤ-ਚੰਗਮਈ ਨੂੰ ਚਲ ਪਏ। ਲੰਪਾਂਗ ਤੋਂ ਚੰਗਮਈ ਤਕ ਦੀ ਯਾਤਰਾ ਲਈ ਲੰਪਾਂਗ ਤੋਂ ਬੱਸਾਂ ਦਾ ਬੰਦੋਬਸਤ ਸੀ। ਸਤਿਗੁਰੂ ਜੀ ਨੇ ਸਾਡੀ ਪਹਿਲੇ ਦਿਨ ਦੀ ਔਖਿਆਈ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਆਪੀਂ ਮੋਟਰ ਕਾਰ ਵਿਚ ਜਾਣ ਦੀ ਥਾਂ ਸਾਡੇ ਨਾਲ ਹੀ ਬੱਸ ਵਿਚ ਜਾਣ ਦਾ ਫ਼ੈਸਲਾ ਕਰ ਕੇ ਸਾਡੀਆਂ ਸਾਰੀਆਂ ਸ਼ਿਕਾਇਤਾਂ ਨੂੰ ਖ਼ੁਸ਼ੀਆਂ ਵਿਚ ਬਦਲ ਦਿਤਾ। ਲੰਪਾਂਗ ਤੋਂ ਚੰਗਮਈ ਤਕ ਦਾ ਸਾਰਾ ਸਫ਼ਰ ਅਰਧ ਪਹਾੜੀ ਜਿਹਾ ਹੈ। ਉਸ ਰਾਤ ਦੇ ਧੁੰਦਲਕੇ ਵਿਚ ਸੜਕ ਦੇ ਨਾਲ ਨਾਲ ਤੁਰਦੇ ਦਿਸਦੇ ਪਹਾੜ ਵਿਚ ਅੱਗ ਦੀ ਇਕ ਅਮੁਕ ਰੇਖਾ ਪਹਾੜ ਦੀ ਹੋਂਦ ਵੀ ਜਤਾਈ ਜਾ ਰਹੀ ਸੀ ਤੇ ਪਹਾੜ ਦੇ ਚੁਫੇਰੇ ਨੂੰ ਜਗਮਗਾਉਂਦੀ ਵੀ ਜਾਂਦੀ ਸੀ। ਉਹ ਅਗਨੀ-ਰੇਖਾ ਉਸ ਅੱਗ ਦੀ ਸੀ ਜਿਹੜੀ ਜਾਂ ਤੇ ਸ਼ਾਇਦ ਵਾਧੂ ਘਾਟੂ ਝਾੜੀਆਂ ਬੂਟਿਆਂ ਤੋਂ ਜੰਗਲ ਨੂੰ ਸਾਫ਼ ਕਰਨ ਲਈ ਸੀ — ਜਾਂ ਫਿਰ ਸਾਡੇ ਦੇਸ਼ ਦੇ ਬਿਹਾਰ ਪ੍ਰਾਂਤ ਵਿਚ ਸਥਿਤ ਪਹਾੜੀ ਸੰਥਾਲ ਪਰਗਨਾ ਦੀ ਜ਼ੂਮ ਚਾਸ਼ (ਜ਼ੂਮ ਖੇਤੀ) ਨਾਲ ਮਿਲਦੀ ਜੁਲਦੀ ਸੀ — ਜਿਸ ਅਨੁਸਾਰ ਜੰਗਲ ਵਿਚ ਅੱਗ ਬਾਲ ਕੇ ਉਸ ਵਿਚ ਝਾੜੀਆਂ ਪੱਤਿਆਂ ਨੂੰ ਸਾੜ ਕੇ ਉਨ੍ਹਾਂ ਤੋਂ ਖਾਦ ਆਦਿ ਦਾ ਕੰਮ ਲਿਆ ਜਾਂਦਾ ਹੈ।

ਦੋ ਕੁ ਘੰਟਿਆਂ ਵਿਚ ਸਾਡਾ ਕਾਫ਼ਲਾ ਚੰਗਮਈ ਦੇ ਸ਼ਾਂਗ ਮੋਏ, ਬਾਜ਼ਾਰ ਵਿਚ ਜਾ ਪੁਜਾ, ਜਿਥੇ ਚੰਗਮਈ ਦੀ ਨਾਮਧਾਰੀ ਸੰਗਤ ਦੇ ਸੂਬਾ ਦੀਵਾਨ ਸਿੰਘ ਜੀ ਦੀ ਅਗਵਾਈ ਵਿਚ ਉਥੋਂ ਦੀ ਨਾਮਧਾਰੀ ਸੰਗਤ ਸਵਾਗਤ ਵਜੋਂ ਖੜੀ ਸੀ। ਚੰਗਮਈ ਵਿਚ ਨਾਮਧਾਰੀਆਂ ਦੇ ਘਰ ਦਸ ਬਾਰਾਂ ਹਨ ਤੇ ਉਨ੍ਹਾਂ ਵਿਚੋਂ ਬਹੁਤੇ ਏਸੇ ਸ਼ਾਂਗਮੋਏ ਰੋਡ ਉਪਰ ਹੀ ਹਨ। ਅੱਗੇ ਦੁਕਾਨਾ ਅਤੇ ਅੰਦਰਵਾਰ ਜਾਂ ਉਪਰ ਨਿਵਾਸ ਸਥਾਨ।

ਸਵਾਗਤ ਸਤਿਕਾਰ ਤੋਂ ਬਾਅਦ ਕਾਫਲੇ ਦੇ ਸਾਰੇ ਵਿਅਕਤੀਆਂ ਨੂੰ ਘਰੋ ਘਰੀ ਵੰਡ ਦਿਤਾ ਗਿਆ। ਸਤਿਗੁਰੂ ਜੀ ਤੇ ਹੋਰ ਕੁਝ ਸਿੰਘਾਂ ਦਾ ਡੇਰਾ ਸੂਬਾ ਦੀਵਾਨ ਸਿੰਘ ਜੀ ਦੇ ਘਰ ਸੀ। ਪ੍ਰੀਤਮ ਸਿੰਘ ਜੀ ਕਵੀ, ਪ੍ਰੀਤਮ ਸਿੰਘ ਜੀ ਐਡੀਟਰ ਆਰਸੀ, ਹਰਭਜਨ ਸਿੰਘ ਜੀ ਰਤਨ, ਸ੍ਰੀ ਇੰਦਰਜੀਤ ਸਿੰਘ ਜੀ ਤੁਲਸੀ ਤੇ ਉਨ੍ਹਾਂ ਦੀ ਸੁਪਤਨੀ, ਹਰਵਿੰਦਰ ਸਿੰਘ ਜੀ ਹੰਸਪਾਲ ਤੇ ਗੁਰਭਜਨ ਸਿੰਘ ਜੀ

Namdhari Elibrary NamdhariElibrary@gmail.com

ਸਮੇਤ ਸਾਡਾ ਡੇਰਾ ਸੂਬਾ ਦੀਵਾਨ ਸਿੰਘ ਜੀ ਦੇ ਸਾਹਮਣੇ ਸੰਤ ਰਤਨ ਸਿੰਘ ਦੇ ਘਰ ਲਗਾ। ਜਲ ਪਾਣੀ, ਦੁੱਧ ਤੇ ਭੋਜਨ ਪਦਾਰਥਾਂ ਦੀ ਸੰਤ ਰਤਨ ਸਿੰਘ ਹੁਰਾਂ ਦੇ ਘਰ ਸਾਡੇ ਲਈ ਲਹਿਰ ਹੀ ਲਗੀ ਰਹੀ। ਉਂਜ ਦੋਹਾਂ ਵੇਲਿਆਂ ਦਾ ਲੰਗਰ ਨਾਮਧਾਰੀ ਧਰਮਸਾਲ ਵਿਚ ਹੀ ਤਿਆਰ ਹੁੰਦਾ ਸੀ ਜੋ ਕਿ ਏਸੇ ਸ਼ਾਂਗਮੋਏ ਬਾਜ਼ਾਰ ਵਿਚ ਬੜੇ ਖ਼ਰਚ ਤੇ ਜੁਗਤ ਨਾਲ ਵਿਸ਼ਾਲ ਆਕਾਰ ਵਿਚ ਬਣਾਈ ਹੋਈ ਹੈ।

ਅਗਲੇ ਦਿਨ ਸਵੇਰ ਤੋਂ ਹੀ ਧਰਮਸਾਲਾ ਵਿਚ ਆਸਾ ਦੀ ਵਾਰ ਅਤੇ ਸ਼ਾਮ ਤੋਂ ਇਕ ਘੰਟੇ ਲਈ ਨਾਮ ਸਿਮਰਨ ਤੇ ਬਆਦ ਵਿਚ ਕੀਰਤਨ ਦਾ ਪ੍ਰੋਗਰਾਮ ਚਾਲੂ ਹੋ ਗਿਆ। ਸਵੇਰ ਦੇ ਕਾਰਜ ਕਰਮ ਤੋਂ ਬਾਅਦ ਤੁਰੰਤ ਹੀ ਲੰਗਰ ਛਕਣ ਦਾ ਹੁਕਮ ਹੁੰਦਾ ਅਤੇ ਫਿਰ ਬਾਕੀ ਦਾ ਵਿਚਲਾ ਸਮਾਂ ਚੰਗਮਈ ਦੇ ਦਰਸ਼ਨੀ ਸਥਾਨਾਂ ਦੀ ਯਾਤਰਾ ਵਿਚ ਬਿਤਾਇਆ ਜਾਂਦਾ।

ਸਤਿਗੁਰੂ ਜੀ ਸੁਭਾਵੇਂ ਹੀ ਨਿਤ ਚੱਲਣ ਦੇ, ਨਿਤ ਨਵਾਂ ਕੁਝ ਵੇਖਣ ਦੇ ਅਤੇ ਖ਼ਾਸ ਕਰ ਕੇ ਕੁਦਰਤ ਨਾਲ ਆਪਣੇ ਆਪ ਨੂੰ ਏਕਾਕਾਰ ਕਰਨ ਦੇ ਸ਼ੌਕੀਨ ਹਨ। ਪਿਛਲੇ ਕਈ ਸਾਲਾਂ ਤੋਂ ਜਦੋਂ ਵੀ ਕਦੇ ਸਤਿਗੁਰੂ ਜੀ ਨਾਲ ਕਿਧਰੇ ਜਾਣ ਦਾ ਸੁਭਾਗ ਪ੍ਰਾਪਤ ਹੋਇਆ ਹੈ — ਮੈਂ ਮਹਿਸੂਸ ਕੀਤਾ ਹੈ ਕਿ ਆਪ ਜਦੋਂ ਸਾਨੂੰ ਤੜਕੇ ਉਠ ਕੇ ਸਣਕੇਸੀ ਇਸ਼ਨਾਨ ਆਦਿ ਕਰ ਕੇ, ਆਸਾ ਦੀ ਵਾਰ ਦਾ ਕੀਰਤਨ ਸੁਣਨ ਤੋਂ ਬਾਅਦ ਛੇਤਨ ਹੀ ਕਹਿੰਦੇ ਹਨ — "ਚੱਲੋ —" ਤਾਂ ਭਾਰਤ ਦੇ ਪ੍ਰਾਚੀਨ ਸਾਹਿਤ ਦੇ ਮਹਾਨ ਗ੍ਰੰਥ 'ਐਤਰੇਯ ਬ੍ਰਾਹਮਣ' ਦੇ ਇੰਦਰ ਵਲੋਂ ਰੋਹਿਤ ਨੂੰ ਉਪਦੇਸ਼ ਦੇਣ ਵਾਲੀ ਕਹਾਣੀ ਯਾਦ ਆ ਜਾਂਦੀ ਹੈ। ਰਾਜਕੁਮਾਰ ਰੋਹਿਤ ਲੰਮੇ ਸਮੇਂ ਤਕ ਚੱਲ ਚੱਲ ਕੇ ਥੱਕ ਕੇ ਕੁਝ ਚਿਰ ਆਰਾਮ ਕਰਨ ਲਈ ਜਦੋਂ ਘਰ ਵਲ ਨੂੰ ਟੁਰਦਾ ਹੈ ਤਦ ਉਸ ਨੂੰ ਇੰਦਰ ਦੇਵਤਾ ਜੋ ਕਿ ਬਿਰਧ ਬ੍ਰਾਹਮਣ ਦੇ ਵੇਸ ਵਿਚ ਉਸ ਦੇ ਨਾਲ ਚਲ ਰਿਹਾ ਹੈ — ਪੰਜ ਉਪਦੇਸ਼ ਦੇਂਦਾ ਹੈ — "ਚਲਦਿਆਂ ਚਲਦਿਆਂ ਜਿਹੜਾ ਥੱਕ ਜਾਂਦਾ ਹੈ ਉਸ ਦੇ ਸਰੀਰ ਦਾ ਅੰਤ ਨਹੀਂ, ਹੇ ਰੋਹਿਤ! ਇਹੋ ਗੱਲ ਅਸੀਂ ਸਦਾ ਤੋਂ ਸੁਣਦੇ ਆ ਰਹੇ ਹਾਂ। ਜਿਹੜਾ ਚਲਦਾ ਹੈ ਉਸ ਨਾਲ ਇੰਦਰ ਦੇਵਤਾ ਵੀ ਸਖਾ ਬਣ ਕੇ ਚਲਦਾ ਹੈ। ਜਿਹੜਾ ਚਲਣਾ ਨਹੀਂ ਚਾਹੁੰਦਾ, ਉਹ ਸਰੇਸ਼ਟ ਜਣ ਹੋਣ ਤੇ ਵੀ ਲਗਾਤਾਰ ਨੀਚ (ਪਾਪ ਵਲ) ਜਾਂਦਾ ਹੈ, ਸੋ ਚਲਦਾ ਚੱਲ, ਚਲਦਾ ਚੱਲ।

"ਜਿਹੜਾ ਚਲਦਾ ਹੈ, ਦੇਹ ਵਲੋਂ ਵੀ ਉਸ ਦੀ ਅਪੂਰਵ ਸ਼ੋਭਾ ਫੁੱਲਾਂ ਵਾਂਗ ਖਿਲ ਉਠਦੀ ਹੈ, ਉਸ ਦੀ ਆਤਮਾ ਦਿਨੋ-ਦਿਨ ਵਿਗਸਦੀ ਹੈ, ਇਹੋ ਤਾਂ ਵਡੇਰਾ ਫਲ ਹੈ। ਉਸ ਤੋਂ ਬਾਅਦ ਉਸ ਦੇ ਚੱਲਣ ਦੀ ਮਿਹਨਤ ਨਾਲ ਚੱਲਣ ਵਾਲੇ ਖੁਲ੍ਹੇ ਰਾਹ ਉਪਰ ਉਸ ਦੇ ਪਾਪ ਆਪਣੇ ਆਪ ਹੀ ਮੁਰਝਾ ਕੇ ਸੌਂ ਜਾਂਦੇ ਹਨ। ਪਾਪਾਂ ਦੀ ਸਮੱਸਿਆ ਲਈ ਉਸ ਨੂੰ ਚਿੰਤਾ ਨਹੀਂ ਕਰਨੀ ਪੈਂਦੀ। ਸੋ ਪੁੱਤਰ! ਵਧਦਾ ਚਲ, ਵਧਦਾ ਚਲ।

"ਜਿਹੜਾ ਬੈਠਾ ਰਹਿੰਦਾ ਹੈ, ਉਹਦੇ ਭਾਗ ਵੀ ਬੈਠੇ ਰਹਿੰਦੇ ਨੇ, ਜਿਹੜਾ ਉਠ ਕੇ ਖਲੋ ਜਾਂਦਾ ਹੈ ਉਸ ਦੇ ਭਾਗ ਵੀ ਉਠ ਕੇ ਖਲੋ ਜਾਂਦੇ ਨੇ। ਜਿਹੜਾ ਸੌਂ ਜਾਂਦਾ ਹੈ, ਉਹਦੇ ਭਾਗ ਵੀ ਸੌਂ ਜਾਂਦੇ ਨੇ, ਜਿਹੜਾ ਅਗਾਂਹ ਵਧਦਾ ਜਾਂਦਾ ਹੈ ਉਹਦੇ ਭਾਗ ਵੀ ਅਗਾਂਹ ਵਧਦੇ ਜਾਂਦੇ ਨੇ। ਸੋ ਬੇਟਾ, ਵਧਦਾ ਚੱਲ, ਚਲਦਾ ਚਲ।

"ਸੌਂ ਰਹਿਣਾ ਹੀ ਕਲੀਕਾਲ (ਕਲਿਜੁਗ) ਹੈ। ਜਾਗਣਾ ਦਵਾਪਰ ਹੈ, ਉਠ ਕੇ ਖਲੋਂਦਿਆਂ ਹੀ ਤਰੇਤਾ ਬਣ ਜਾਂਦਾ ਹੈ, ਅਤੇ ਅਗੇ ਵਧਦੇ ਜਾਣਾ ਹੀ ਸਤਿਜੁਗ ਹੈ, ਸੋ ਵਤਸ! ਵਧਦਾ ਚਲ, ਚਲਦਾ ਚਲ।

"ਚਲਣਾ ਹੀ ਅੰਮ੍ਰਿਤ ਦੀ ਪ੍ਰਾਪਤੀ ਹੈ, ਚਲਣਾ ਹੀ ਉਸ ਦਾ ਸਵਾਦ ਭਰਪੂਰ ਫਲ ਹੈ, ਤਕ ਕੇ ਵੇਖ ਔਸ ਸੂਰਜ ਦੇ ਪ੍ਰਕਾਸ਼ ਵਲ, ਜਿਹੜਾ ਸ੍ਰਿਸ਼ਟੀ ਦੇ ਆਰੰਭ ਤੋਂ ਚਲਦਿਆਂ ਚਲਦਿਆਂ ਇਕ ਦਿਨ ਲਈ ਵੀ ਸੁੱਤਾ ਨਹੀਂ। ਸੋ, ਹੇ ਰੋਹਿਤ! ਚਲਦਾ ਚਲ, ਚਲਦਾ ਚਲ।"

ਸਤਿਗੁਰੂ ਜੀ ਨਾਲ ਜਦੋਂ ਵੀ ਕਿਸੇ ਯਾਤਰਾ ਤੇ ਗਏ ਹਾਂ — ਆਪ ਦਾ ਇਹੋ ਹੀ ਕ੍ਰਮ ਵੇਖਣ ਵਿਚ ਆਇਆ ਹੈ — ਤੜਕੇ ਤਿੰਨ ਵਜੇ ਤੋਂ ਆਪਦਾ ਨਿਤ ਕਰਮ ਸ਼ੁਰੂ ਹੋ ਜਾਂਦਾ ਹੈ। ਸ਼ੌਚ — ਇਸ਼ਨਾਨ ਆਦਿ ਤੋਂ ਬਾਅਦ ਆਸਾ ਦੀ ਵਾਰ ਦਾ ਕੀਰਤਨ ਤੇ ਫਿਰ ਚਲਣਾ — ਸਾਰਾ ਦਿਨ ਬਿਨਾਂ ਥੱਕਿਆਂ ਚਲਣਾ, ਚਲਣਾ ਤੇ ਸਾਨੂੰ ਚਲਣ ਲਈ ਪ੍ਰੇਰੀ ਰਖਣਾ। ਮੋਟਰ ਵਿਚ, ਗੱਡੀ ਵਿਚ, ਜਹਾਜ਼ ਵਿਚ ਜਾਂ ਪੈਦਲ ਹੀ — ਇਹ ਕ੍ਰਮ ਕਦੇ ਨਹੀਂ ਟੁਟਦਾ। ਜੇ ਆਪ ਸਾਧ ਸੰਗਤ ਦੇ ਕਿਸੇ ਮਾਮਲੇ ਮੁਕੱਦਮੇ ਨੂੰ ਸੁਣਨ ਸੁਲਝਾਣ ਲਈ ਕਿਤੇ ਅਟਕਦੇ ਜਾਂ ਬਹਿੰਦੇ ਹਨ — ਤਦ ਵੀ ਆਪ ਦਾ ਉਹ ਕ੍ਰਮ ਨਹੀਂ ਟੁਟਦਾ। ਆਪ ਗੱਲਬਾਤ ਲਈ ਘਰ ਬਦਲਦੇ ਰਹਿਣਗੇ। ਜੇ ਘਰ ਇਕੋ ਵਿਚ ਰਹਿਣਾ ਜ਼ਰੂਰੀ ਹੋਵੇ ਤਾਂ ਇਕ ਤੋਂ ਵਧ ਵਾਰੀ ਕਮਰੇ ਹੀ ਬਦਲ ਲੈਣਗੇ। ਵਿਚ ਵਿਚ ਮੌਕਾ ਕੱਢ ਕੇ ਕਿਧਰਿਉਂ ਹੋ ਆਉਣਾ ਕੁਝ ਵੇਖ ਆਉਣਾ, ਕਿਸੇ ਨੂੰ ਮਿਲ ਆਉਣਾ ਕੁਝ ਨਾ ਕੁਝ ਕਰਦੇ ਰਹਿਣਾ — ਹਮੇਸ਼ਾ ਹੀ ਆਪ ਦੀ ਦਿਨ ਚਰਯਾ ਦਾ ਅੰਗ ਰਹਿੰਦਾ ਹੈ।

ਪਰ ਜੇ ਕਦੇ ਖ਼ਾਸ ਤੌਰ ਤੇ ਸਮਾਂ ਕੱਢ ਕੇ ਸਾਡੇ ਜਿਹਾਂ

Namdhari Elibrary NamdhariElibrary@gmail.com



ਚਿਆਂਗਮਈ ਦਾ ਇਕ ਹੋਰ ਮੰਦਿਰ

; ਨਾਲ ਲੈ ਕੇ ਕੇਵਲ ਛੁੱਟੀ ਦੇ ਰਉਂ ਵਿਚ ਬਾਹਰ ਨਿਕਲੇ
ਾਣ ਤਦ ਤਾਂ ਕੋਈ ਵੀ ਅਨੁਭਵ ਕਰ ਸਕਦਾ ਹੈ ਕਿ ਕਿਵੇਂ
ਾਪ ਦੀ ਸਾਰੀ ਕੋਸ਼ਿਸ਼ ਹੁੰਦੀ ਹੈ ਕਿ ਸਾਨੂੰ ਦੂਰ ਤੋਂ ਦੂਰ,
ੱਖੀ ਤੋਂ ਔਖੀ, ਵਚਿਤਰ ਤੋਂ ਵਚਿਤਰ ਥਾਂ ਤੇ ਲੈ ਜਾਣ।
ਜਵੇਂ ਆਪ ਸਭ ਕੁਝ ਵੇਖਿਆ ਸਮਝਿਆ ਹੁੰਦਾ ਹੈ — ਠੀਕ
ੁਸੇ ਤਰ੍ਹਾਂ ਸਭ ਕੁਝ ਵਿਖਾਣ ਸਮਝਾਣ ਵਿਚ ਆਪ ਇਕ
ਾਸ ਤਰ੍ਹਾਂ ਦਾ ਆਨੰਦ ਮਹਿਸੂਸ ਕਰਦੇ ਹਨ।

ਠੀਕ ਪਿਛਲੇ ਕਈ ਸਾਲਾਂ ਵਾਂਗ ਅੱਜ ਵੀ ਆਪ ਸਾਨੂੰ
ਾਰਿਆਂ ਨੂੰ ਨਾਲ ਲੈ ਕੇ ਚੰਗਮਈ ਸ਼ਹਿਰ ਤੋਂ ਕਈ ਮੀਲ
ਾਹਰ ਉਚੀ ਪਹਾੜੀ ਉਪਰ ਇਕ ਬੁੱਧ ਮੰਦਰ ਅਤੇ
ਯਾਮ ਦੇ ਰਾਜੇ ਦਾ ਨਿਵਾਸ ਸਥਾਨ ਵਿਖਾਣ ਲੈ ਚੱਲੇ।

ਫੂਫਿੰਗ ਰਾਜ ਪ੍ਰਸਾਦ ਵੰਨ-ਸੁਵੰਨੇ ਟਹਿਕਦੇ, ਖਿੜ ਖਿੜ
ਾਂਦੇ ਫੁੱਲ ਬੂਟਿਆਂ ਤੇ ਝੂਮ ਝੂਮ ਗਾਉਂਦੇ ਰੁੱਖਾਂ ਦੇ ਜਿਸ
ਾਰਵੇਸ ਵਿਚ ਬਣਿਆ ਹੋਇਆ ਹੈ — ਉਹ ਕਿਸੇ ਵੀ
ਲਾ ਤੇ ਸੌਂਦਰਯ ਪ੍ਰੇਮੀ ਦੀ ਦਾਦ ਲੈਣ ਤੋਂ ਵਾਂਜਿਆਂ ਨਹੀਂ
ਹਿ ਸਕਦਾ। ਇਹ ਰਾਜ ਪ੍ਰਸਾਦ ਰਾਜੇ ਦੇ ਗਰਮੀਆਂ ਦੇ
ਨਵਾਸ ਲਈ ਹੈ। ਪਰ ਸਤਿਗੁਰੂ ਜੀ ਸਾਨੂੰ ਜੋ ਵਿਖਾਣਾ
ਚਾਹੁੰਦੇ ਸਨ ਉਹ ਅਸਲ ਵਿਚ ਰਾਜ ਪ੍ਰਸਾਦ ਨਹੀਂ —
ਸਗੋਂ ਉਸ ਦੇ ਚੁਗਿਰਦੇ ਕੁਦਰਤ ਦਾ ਖੁਲ੍ਹਾ ਡੁਲ੍ਹ ਡੁਲ੍ਹ ਪੈਂਦਾ
ਡੈਹ ਡੈਹ ਕਰਦੇ ਫੁੱਲਾਂ ਬੂਟਿਆਂ ਤੇ ਝੂਮਦੇ ਪਹਾੜੀ ਦਰਖ਼ਤਾਂ
ਦਾ ਅਖੁਟ ਪਸਾਰਾ ਸੀ।

ਆਪ ਨੇ ਮੰਜਿਲ ਤੋਂ ਦੋ ਤਿੰਨ ਮੀਲ ਉਰੇ ਹੀ ਬੱਸਾਂ ਨੂੰ
ਖਲਿਹਾਰ ਕੇ ਖ਼ਾਲੀ ਕਰਵਾ ਦਿਤਾ ਤੇ ਕਿਹਾ — ਚੱਲੋ ਥੋੜ੍ਹਾ
ਟੁਰ ਕੇ ਚਲਦੇ ਹਾਂ। ਉਹ ਥੋੜ੍ਹਾ ਟੁਰਨਾ ਹੀ ਸਤਿਜੁਗ ਦੇ
ਸਤਿ ਵਿਚ ਪ੍ਰਵੇਸ਼ ਕਰਨ ਬਰਾਬਰ ਸੀ। ਨਾਲ ਟੁਰਨਾ,
ਭੱਜਣਾ, ਖੇਡਣਾ, ਕਹਾਣੀਆਂ, ਹਾਸਾ-ਮਜ਼ਾਕ ਮੌਜ ਮੇਲਾ,
ਸ੍ਰੀ ਮਹਿੰਦਰ ਸਿੰਘ ਨਾਇਲਕ ਕੋਲੋਂ ਅੰਗਰੇਜ਼ੀ,
ਚੀਨੀ, ਸਿਆਮੀ ਪ੍ਰੀਤ — ਗੀਤ ਸੁਣਨੇ ਤੇ ਸਾਰੇ
ਮਹੌਲ ਨੂੰ ਹਾਸੇ ਨਾਲ ਗੁੰਜਾ ਦੇਣਾ, ਆਪਣੀ
ਕੀਮਤ ਰੱਖਦਾ ਸੀ। ਜਿਹੜੇ ਛੋਹਲੇ ਫੁਰਤੀਲੇ ਤੇ
ਇਕਹਿਰੇ ਬਦਨ ਦੇ ਹਨ ਉਨ੍ਹਾਂ ਨੂੰ ਅਗਾਂਹ ਵਧ ਜਾਣ ਦਾ
ਸਵਾਦ, ਜਿਹੜੇ ਭਾਰੇ ਦੋਹਰੇ ਬਦਨ ਦੇ ਸੇਠ ਸਨ — ਉਨ੍ਹਾਂ
ਨੂੰ ਥੋੜ੍ਹਾ ਹੰਭਾ ਕੇ ਫਿਰ ਥੋੜ੍ਹਾ ਖਲੋ ਕੇ ਉਡੀਕ ਕਰਵਾ ਲੈਣ
ਦਾ ਉਚੇਰਾ ਮਾਣ, ਮੇਰੇ ਜਿਹਾਂ ਨੂੰ — ਜਿਹੜੇ ਕਿ ਕਿਸੇ ਵੀ

Namdhari Elibrary NamdhariElibrary@gmail.com

ਕਾਹਲੇ ਨੂੰ ਮੌਕਾ ਦੇਣ ਲਈ ਆਪ ਰਾਹ ਛਡ ਦੇਣ ਦੇ ਆਦੀ ਹਨ — ਘੜੀ ਮੁੜੀ ਅਵਾਜ਼ ਦੇ ਕੇ ਆਪਣੇ ਨਾਲ ਟੋਰ ਲੈਣ ਦਾ ਮਾਨ ਬਖ਼ਸ਼ ਦੇਣ ਦਾ ਅਹਿਸਾਸ — ਗੱਲ ਕੀ — ਹਰ ਕਿਸੇ ਲਈ ਇਸ ਟੂਰਨ ਵਿਚ ਕੁਝ ਉਚੇਚਾ, ਕਾਵਿ ਆਪਣਾ ਆਪਣਾ ਜਿਹਾ ਸੀ।

ਸੁਥੇਵ ਮਥਿਯਨ(ਸੁਦੇਵ ਮੰਦਿਰ)ਨਾਮ ਦਾ ਚੀਨੀ ਤਰਜ਼ ਦਾ ਬੁੱਧ ਮੰਦਿਰ ਪਹਾੜੀ ਸੜਕ ਤੋਂ ਵੀ ਉਚੀ ਇਕ ਹੋਰ ਪਹਾੜੀ ਉਪਰ ਸਥਿਤ ਹੈ — ਜਿਥੇ ਜਾਣ ਲਈ ਪੌੜੀਆਂ ਦੀ ਇਕ ਇਹੋ ਜਿਹੀ ਗਿਣਤੀ ਪਾਰ ਕਰਨੀ ਪੈਂਦੀ ਹੈ ਜਿਹੜੀ ਕਿਸੇ ਨੂੰ ਤੇ ਇਸ ਗੱਲ ਦੀ ਯਾਦ ਕਰਵਾਂਦੀ ਰਹੇ ਕਿ ਉਹ ਇਕੋ ਦੌੜ ਵਿਚ ਸਾਰੀਆਂ ਪੌੜੀਆਂ ਚੜ੍ਹ ਗਿਆ ਸੀ, ਕਿਸੇ ਨੂੰ ਤਿੰਨ ਚਾਰ ਵਾਟੀ ਸਾਹ ਲੈ ਲੈ ਕੇ ਚੜ੍ਹਨ ਦੀ, ਕਿਸੇ ਨੂੰ ਰਾਹ ਵਿਚੋਂ ਹੀ ਹੰਭ ਕੇ ਮੁੜ ਜਾਣ ਦੀ ਅਤੇ ਕਿਸੇ ਨੂੰ ਉਪਰ ਝਾਤੀ ਮਾਰ ਕੇ ਹੇਠਾਂ ਹੀ ਬਹਿ ਰਹਿਣ ਦੀ। ਸੁਥੇਵ ਮਥਿਯਨ-ਸੰਸਕ੍ਰਿਤ ਦੇ 'ਸੁਦੇਵ ਮੰਦਿਰ' ਸ਼ਬਦ ਦਾ ਹੀ ਬਦਲਵਾਂ ਸ਼ਿਆਮੀ ਰੂਪ ਹੈ ਜਿਸ ਨੂੰ ਸਿਆਮੀ ਭਾਸ਼ਾ ਵਿਚ ਲਿਖਿਆ ਤਾਂ ਸੁਦੇਵ ਮੰਦਿਰ ਹੀ ਜਾਂਦਾ ਹੈ, ਪਰ ਉਚਾਰਨ ਵਿਚ ਜਾ ਕੇ ਸੁਥੇਫ ਮਥਿਯਨ ਹੋ ਜਾਂਦਾ ਹੈ — ਭਗਵਾਨ ਬੁੱਧ ਦੀਆਂ ਅਨੇਕਾਂ ਤਰ੍ਹਾਂ ਦੀਆਂ ਮੂਰਤੀਆਂ ਤੇ ਕਥਾ ਮੂਰਤਾਂ ਨਾਲ ਸੁਸ਼ੋਭਿਤ ਮੰਦਿਰ ਹੈ। ਮੂਰਤੀਆਂ ਸ਼ਿਆਮੀ ਵੀ ਹਨ, ਚੀਨੀ ਵੀ ਅਤੇ ਭਾਰਤੀ ਵੀ। ਪਰ ਕਥਾ ਮੂਰਤਾਂ — ਜੋ ਕਿ ਮੰਦਿਰ ਦੇ ਵਿਸ਼ਾਲ ਬਰਾਂਡੇ ਵਿਚ ਦੀਵਾਰਾਂ ਉਪਰ ਵਾਹੀਆਂ ਹੋਈਆਂ ਹਨ — ਠੇਠ ਭਾਰਤੀ ਹਨ। ਮੰਦਿਰ ਦੀ ਇਕ ਸਿਆਮਣ ਬੋਧ ਭਿਖਸ਼ੁਣੀ ਦੀ ਸਹ ਇਤਾ ਅਤੇ ਸ਼ਿਆਮ ਦੇ ਇਕ ਲੜਕੇ ਅਜੀਤ ਸਿੰਘ ਵੱਲੋਂ ਉਸ ਦੀਆਂ ਗੱਲਾਂ ਦੇ ਅਨੁਵਾਦ ਸਹਾਰੇ ਉਹ ਸਾਰੀਆਂ ਕਥਾ ਮੂਰਤਾਂ ਵੇਖੀਆਂ ਗਈਆਂ ਜਿਹੜੀਆਂ ਕਿ ਬੁੱਧ ਦੇ ਜਨਮ, ਉਦਾਸੀ, ਨਗਰ ਭ੍ਰਮਣ, ਬੀਮਾਰ, ਬਿਰਧ ਤੇ ਮੁਰਦਾ ਵੇਖਣ, ਵਿਆਹ, ਸਤਿ ਦੀ ਜਿਗਿਆਸਾ, ਪਤਨੀ ਪੁੱਤਰ ਤੇ ਰਾਜ ਸੁਖ ਦਾ ਤਿਆਗ, ਸੰਨਿਆਸ, ਸਾਧੂਆਂ ਦੀ ਸੰਗਤ, ਗਿਆਨ ਦੀ ਪ੍ਰਾਪਤੀ ਤੇ ਬੁੱਧ ਮਤ ਦੇ ਪਸਾਰ ਨਾਲ ਸੰਬੰਧਤ ਭਾਰਤੀ ਕਥਾ ਦਾ ਹੀ ਰੂਪਾਂਤਰ ਸੀ।

ਵਾਪਸ ਆਣ ਕੇ ਅਸੀਂ ਸਾਰੇ ਵੱਖ ਵੱਖ ਗਰੁੱਪਾਂ ਵਿਚ ਸ਼ਹਿਰ ਦਰਸ਼ਨ ਲਈ ਨਿਕਲ ਟੁਰੇ। ਚੰਗਮਈ ਥਾਈਲੈਂਡ ਦਾ ਅਤਿ ਰਮਣੀਕ ਤੇ ਗਿਣਨ ਯੋਗ ਪਹਾੜੀ ਸ਼ਹਿਰ ਹੈ।

ਚੌੜੀਆਂ ਖੁਲ੍ਹੀਆਂ ਸੜਕਾਂ, ਭਰੀਆਂ ਸਜੀਆਂ ਹੋਈਆਂ ਦੁਕਾਨਾਂ — ਇੰਜ — ਜਿਵੇਂ ਉਹ ਸਾਰਾ ਸ਼ਹਿਰ ਹੀ ਸਾਡੇ ਆਪਣੇ ਸ਼ਹਿਰ ਦਿੱਲੀ ਦਾ ਕਨਾਟ ਪਲੇਸ ਦਾ ਅੰਦਰਲਾ ਇਲਾਕਾ ਹੋਵੇ, ਬਿਨਾਂ ਮੈਲ ਕੁਚੈਲ ਤੋਂ ਹੁਣੇ ਹੁਣੇ ਨਹਾਤਾ ਨਹਾਤਾ ਜਾਪਦਾ ਸਾਰਾ ਸ਼ਹਿਰ ਵਿਸੇਸ਼ ਆਕਰਸ਼ਨ ਦੀ ਵਸਤੂ ਜਾਪਦਾ ਸੀ। ਅਤੇ ਹਰ ਦੁਕਾਨ ਵਿਚ ਸੌਂਦਰਯ ਪ੍ਰਤਿਮਾਵਾਂ ਵਾਂਗ ਸ਼ਿਆਮੀ ਸੁੰਦਰੀਆਂ ਖਲੋਤੀਆਂ ਜਾਂ ਬੈਠੀਆਂ ਦਿਸਦੀਆਂ। ਸਾਡੇ ਲਈ ਇਹ ਦ੍ਰਿਸ਼ ਅਨੋਖਾ ਸੀ— ਹਰ ਦੁਕਾਨ ਉਪਰ ਹੀ ਔਰਤਾਂ — ਸੁਣਿਆਂ ਕਿ ਇਸ ਦੇਸ਼ ਵਿਚ ਔਰਤਾਂ, ਮਰਦਾਂ ਦੇ ਬਰਾਬਰ ਹੀ ਸਾਰੇ ਕਾਰੋਬਾਰ ਵਿਚ ਹਿੱਸਾ ਲੈਂਦੀਆਂ ਹਨ। ਇਹ ਵੀ ਸੁਣਿਆ (ਤੇ ਫਿਰ ਬਾਅਦ ਦੀ ਬਾਕੀ ਸ਼ਿਆਮ ਯਾਤਰਾ ਵਿਚ ਅਨੁਭਵ ਵੀ ਕੀਤਾ) ਕਿ ਚੰਗਮਈ ਦੇ ਨਾਰੀ-ਪੁਰਸ਼ ਸਾਰੇ ਥਾਈ ਲੈਂਡ ਵਿਚ ਸੌਂਦਰਯ ਵੱਲੋਂ ਆਪਣਾ ਸਾਨੀ ਨਹੀਂ ਰੱਖਦੇ। ਉਹ ਲੋਕ ਬੜੀ ਧੀਮੀ ਆਵਾਜ਼ ਵਿਚ ਬੋਲਦੇ, ਕੋਈ ਤਲਖ਼ੀ ਨਹੀਂ, ਕੋਈ ਕਾਹਲੀ ਨਹੀਂ — ਕੁੜੀਆਂ ਮੁੰਡਿਆਂ ਦੀ ਸਹਿਜ ਸਾਂਝ ਦਿਸਦੀ, ਪਰ ਕੋਈ ਉਚੇਚਾ ਉਲਾਰ ਨਜ਼ਰ ਨਾ ਪੈਂਦਾ। ਜਿਵੇਂ ਸਾਰੇ ਲੋਕ ਕਰਮਸ਼ੀਲ ਹੋਣ, ਆਏ ਗਏ ਦੇ ਸਵਾਗਤ ਵਿਚ ਸਜੇ ਸੰਵਰੇ ਅੱਖਾਂ ਵਿਛਾਈ ਹਾਜ਼ਰ ਹੋਣ। ਸਭ ਲੋਕ ਇਕ ਤਰ੍ਹਾਂ ਦੇ ਆਤਮ ਵਿਸ਼ਵਾਸ਼, ਆਤਮਾਭਿਮਾਨ ਦੇ ਅਹਿਸਾਸ ਹੇਠ ਜਿਊਂਦੇ ਦਿਸ ਰਹੇ ਸਨ — ਬਿਨਾਂ ਕਿਸੇ ਸ਼ਿਕਾਇਤ ਤੋਂ, ਬਿਨਾਂ ਕਿਸੇ ਝੋਰੇ ਤੋਂ ਤੇ ਬਿਨਾਂ ਕਿਸੇ ਗਿਲਾਨੀ ਤੋਂ। ਚੰਗਮਈ ਸਾਡੇ ਲਈ ਸਦਾ ਆਜ਼ਾਦ ਲੋਕਾਂ ਦਾ ਉਹ ਸ਼ਹਿਰ ਸੀ — ਜਿਸ ਬਾਰੇ ਜਾਪਦਾ ਸੀ ਕਿ ਉਸ ਨੇ ਸਾਡੀ ਵੀ ਆਤਮਾ ਨੂੰ ਛੂਹਿਆ ਹੈ। ਸਾਡੇ ਅੰਦਰ ਵੀ ਆਪਣੇ ਜਿਹੇ ਅਹਿਸਾਸਾਂ ਦਾ ਸੰਚਾਰ ਕਰ ਦਿਤਾ ਹੈ।

ਦੂਸਰਾ ਦਿਨ, ਥਾਈ ਜਰਮਨ ਡੇਰੀ ਫ਼ਾਰਮ ਦੀਆਂ ਗਊਆਂ ਤੇ ਦੁੱਧ ਦੇ ਆਟੋਮੈਟਕ ਪਲਾਂਟ ਨੂੰ ਵੇਖਣ ਜਾਣ ਦਾ ਦਿਨ ਸੀ। ਸਤਿਗੁਰੂ ਜੀ ਲਈ ਉਸ ਡੇਰੀ ਦੇ ਜਰਮਨ ਸੰਚਾਲਕਾਂ ਦਾ ਉਚੇਚਾ ਸੱਦਾ ਸੀ — ਜੋ ਕਿ ਉਹ ਆਪਣੇ ਭਾਰਤ ਦੇ ਦੌਰੇ ਸਮੇਂ ਤੇ ਗਏ ਹੋਏ ਦੇ ਆਏ ਸਨ। ਜਰਮਨ ਮਾਹਰਾਂ ਨੇ ਆਪ ਜੀ ਪਾਸੋਂ ਗਊਆਂ ਦੇ ਕੁਝ ਖ਼ਾਸ ਰੋਗਾਂ ਦੇ ਉਪਚਾਰ ਸੰਬੰਧੀ ਜਾਣਕਾਰੀ ਮੰਗੀ ਸੀ।

ਸਤਿਗੁਰੂ ਜੀ ਤੇ ਜਾਂਦਿਆਂ ਹੀ ਜਰਮਨ ਮਾਹਰਾਂ ਨਾਲ ਸਲਾਹ ਮਸ਼ਵਰੇ ਵਿਚ ਲਗ ਗਏ ਅਤੇ ਸਾਨੂੰ ਹੁਕਮ ਹੋਇਆ ਕਿ ਅਸੀਂ ਚੰਗਮਈ ਸ਼ਹਿਰ ਨੂੰ ਡੱਬਿਆਂ ਵਿਚ ਸਪਲਾਈ ਹੋਣ ਵਾਲੇ ਦੁੱਧ ਦੇ ਆਟੋਮੈਟਕ ਪਲਾਂਟ ਨੂੰ ਵੇਖ ਲਈਏ।

ਤਰਲ ਦੁੱਧ ਨੂੰ ਡੱਬਾ ਬੰਦ ਜਾਂ ਪਲਾਸਟਕ ਦੀ ਥੈਲੀ ਬੰਦ ਕਰਨ ਦੇ ਆਟੋਮੈਟਕ ਪਲਾਂਟ ਨੂੰ ਵੇਖ ਕੇ ਕਈ ਪਾਸਿਆਂ ਤੋਂ ਉਠਦੀ ਇਸ ਚਰਚਾ ਦਾ ਧਿਆਨ ਆ ਗਿਆ ਸੀ ਕਿ ਸਤਿਗੁਰੂ ਜੀ ਮਨੁੱਖ ਦੀਆਂ ਸਾਇੰਸੀ ਪ੍ਰਾਪਤੀਆਂ

Namdhari Elibrary NamdhariElibrary@gmail.com

ਬਾਰੇ ਚੰਗੀ ਰਾਏ ਨਹੀਂ ਰੱਖਦੇ। ਪਰ ਉਸ ਪਲਾਟ ਸਾਹਮਣੇ ਖਲੋਤਿਆਂ ਹੋਇਆਂ ਅਤੇ ਹੋਰ ਵੀ ਅਨੇਕਾਂ ਵਾਰੀ ਕਿਸੇ ਵੀ ਨਵੀਂ ਸਾਇੰਸੀ ਉਪਲਭਧੀ ਬਾਰੇ ਬੜੀ ਬਾਰੀਕੀ ਨਾਲ ਜਾਣਕਾਰੀ ਹਾਸਲ ਕਰਦਿਆਂ ਅਤੇ ਦਿਲਚਸਪੀ ਲੈਂਦਿਆ ਵੇਖ ਕੇ ਬਾਰ ਬਾਰ ਇਹ ਆਖਣ ਨੂੰ ਜੀ ਕਰਦਾ ਰਿਹਾ ਹੈ ਕਿ ਆਪ ਸਾਇੰਸੀ ਪ੍ਰਾਪਤੀਆਂ ਨੂੰ ਸਦਾ ਸਵਾਗਤ ਯੋਗ ਹੀ ਨਹੀਂ ਮੰਨਦੇ ਸਗੋਂ ਉਨ੍ਹਾਂ ਨੂੰ ਮਨੁੱਖ ਲਈ ਜ਼ਰੂਰੀ ਵੀ ਸਮਝਦੇ ਹਨ। ਫ਼ਰਕ ਹੈ ਤਾਂ ਕੇਵਲ ਇਹੋ ਕਿ ਆਪ ਮਨੁੱਖ ਨੂੰ ਸਾਇੰਸੀ ਉਪਲਭਦੀਆਂ ਦਾ ਦਾਸ ਨਹੀਂ ਸਗੋਂ ਉਨ੍ਹਾ ਪ੍ਰਾਪਤੀਆਂ ਨੂੰ ਮਨੁੱਖ ਦੀਆਂ ਸਹਾਇਕ ਦੇ ਰੂਪ ਵਿਚ ਵੇਖਣਾ ਚਾਹੁੰਦੇ ਹਨ।

* * *

ਡੇਰੇ ਮੁੜਦਿਆਂ ਹੀ ਇਕ ਸਿਆਮੀ ਵਿਦਵਾਨ ਅਤੇ ਪੱਤਰਕਾਰ ਸ੍ਰੀ ਕਮਲ ਰਕਤ ਪੂਰਨ ਨਾਲ ਕੁਝ ਵਿਚਾਰ ਵਟਾਂਦਰੇ ਦਾ ਮੌਕਾ ਮਿਲਿਆ। ਸ੍ਰੀ ਕਮਲ ਰਕਤ ਪੂਰਨ ਚੰਗਮਈ ਦੀ ਨਾਰਦਰਨ ਨਿਊਜ਼ ਏਜੰਸੀ ਦੇ ਡਾਇਰੈਕਟਰ ਹਨ ਤੇ ਆਪ ਸੂਬਾ ਦੀਵਾਨ ਸਿੰਘ ਜੀ ਦੇ ਲੜਕੇ ਸ੍ਰੀ ਨਰਿੰਦਰ ਸਿੰਘ ਚਾਵਲਾ ਦੀ ਪ੍ਰੇਰਨਾ ਨਾਲ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਸਨ।

ਸ੍ਰੀ ਰਕਤ ਕਮਲ ਪੂਰਨ ਜਿਵੇਂ ਥਾਈ ਧਰਮ ਅਤੇ ਸਿਆਸਤ ਬਾਰੇ ਪਰਮਾਨੀਕ ਵਿਦਵਾਨ ਹਨ ਓਵੇਂ ਹੀ ਭਾਰਤ ਬਾਰੇ ਵੀ ਆਪ ਦੀ ਦਿਲਚਸਪ ਤੇ ਗਿਆਨ ਸਪੱਸਟ ਸੀ। ਪਹਿਲਾਂ ਆਪ ਨੇ ਸ੍ਰੀ ਸਤਿਗੁਰੂ ਜੀ ਨਾਲ ਥਾਈਲੈਂਡ ਤੇ ਭਾਰਤ ਦੇ ਧਰਮਾਂ ਵਿਚ ਪਰਸਪਰ ਸਾਂਝ ਬਾਰੇ ਵਿਚਾਰ ਵਟਾਂਦਰਾ ਕੀਤਾ — ਜਿਸ ਅਨੁਸਾਰ ਥਾਈਲੈਂਡ — ਜੋ ਕਿ ਕਈ ਸਦੀਆਂ ਤੋਂ ਬੋਧ ਧਰਮ ਦਾ ਅਨੁਯਾਈ ਦੇਸ਼ ਹੈ ਤੇ ਉਸ ਤੋਂ ਵੀ ਪਹਿਲਾਂ ਭਾਰਤ ਦੇ ਸਨਾਤਨ ਹਿੰਦੂ ਧਰਮ ਦਾ ਅਨੁਯਾਈ ਸੀ — ਭਾਰਤ ਨੂੰ ਆਪਣਾ ਧਾਰਮਕ ਅਤੇ ਸਾਂਸਕ੍ਰਿਤਕ ਗੁਰੂ ਮੰਨਦਾ ਹੈ। ਥਾਈਲੈਂਡ ਦੀ ਭਾਸ਼ਾ 'ਥਾਈ' ਭਾਰਤ ਦੀ ਸੰਸਕ੍ਰਿਤ ਤੇ ਪਾਲੀ ਵਿਚੋਂ ਨਿਕਲੀ ਤੇ ਅੱਜ ਵੀ ਸੰਸਕ੍ਰਿਤ-ਪਾਲੀ ਸ਼ਬਦਾਂ ਦੇ ਭੰਡਾਰ ਨਾਲ ਭਰਪੂਰ ਹੈ। ਥਾਈ ਭਾਸ਼ਾ ਦੀ ਲਿਪੀ ਵੀ ਭਾਰਤ ਦੀ ਕਿਸੇ ਦੱਖਣ ਭਾਰਤੀ ਲਿਪੀ ਵਿਚੋਂ ਨਿਕਲੀ ਹੋਈ ਤੇ ਕਿਸੇ ਵੀ ਭਾਰਤੀ ਲਈ ਪਛਾਣੀ ਪਛਾਣੀ ਜਿਹੀ ਲਗਦੀ ਹੈ। ਭਾਵੇਂ ਕਿ ਉਸ ਲਿਪੀ ਨੂੰ ਪਹਿਲੀ ਨਜ਼ਰੇ ਹੀ ਕੋਈ ਭਾਰਤੀ ਪੜ੍ਹ ਨਹੀਂ ਸਕਦਾ, ਪਰ ਇਹ ਗੱਲ ਜ਼ਰੂਰ ਹੈ ਕਿ ਉਹ ਲਿਪੀ ਭਾਰਤੀ ਲਿਪੀਆਂ ਵਿਚੋਂ ਹੀ ਕੋਈ ਇਕ ਹੋਣ ਦਾ ਭੁਲੇਖਾ ਜ਼ਰੂਰ ਦੇ ਦੇਂਦੀ ਹੈ ਤੇ ਜੇ ਉਸ ਦੀ ਪਛਾਣ ਕਰਨੀ ਹੋਵੇ ਤਾਂ ਇਕ ਅੱਧ ਦਿਨ ਦੀ ਕੋਸਿਸ਼ ਨਾਲ ਉਸ ਦੇ ਅੱਖਰ ਪਛਾਣ ਵਿਚ ਵੀ ਆ ਜਾਂਦੇ ਹਨ। ਜੇ ਥਾਈ ਬੋਲੀ ਦਾ ਸੰਸਕ੍ਰਿਤ ਨਾਲੋਂ ਉਚਾਰਨ ਭੇਦ ਸਮਝ ਲਿਆ ਜਾਵੇ ਤਾਂ ਥਾਈ ਭਾਸ਼ਾ ਸਮਝਣ ਵਿਚ ਕੋਈ ਵਿਸ਼ੇਸ਼ ਕਠਿਨਾਈ ਨਹੀਂ ਹੁੰਦੀ।

ਮੇਰੀ ਦਿਲਚਸਪੀ ਇਸ ਧਰਮ ਤੇ ਸੰਸਕ੍ਰਿਤੀ ਚਰਚਾ ਦੇ ਨਾਲ ਨਾਲ ਕੁਝ ਸਿਆਸੀ ਮਾਮਲਿਆ ਵਿਚ ਵੀ ਸੀ ਜਿਵੇਂ ਕਿ ਬੰਗਲਾ ਦੇਸ਼ ਦੀ ਆਜ਼ਾਦੀ, ਭਾਰਤ ਪਾਕ ਦੀ ਹੁਣੇ ਹੁਣੇ ਹੋ ਹਟੀ ਲੜਾਈ, ਚੀਨੀ-ਭਾਰਤੀ ਸੰਬੰਧਾਂ ਬਾਰੇ ਥਾਈਲੈਂਡ ਦੀ ਸੋਚਣੀ, ਥਾਈਲੈਂਡ ਦਾ ਸੀਟੋ ਜਿਹੇ ਜੰਗੀ ਸੰਗਠਨ ਦਾ ਹੈੱਡਕਵਾਰਟਰ ਹੋਣ ਦੇ ਬਾਵਜੂਦ ਭਾਰਤ ਦੇ ਰਾਸਟਰਪਤੀ ਸ੍ਰੀ ਗਿਰੀ ਨੂੰ ਥਾਈ ਸਰਕਾਰ ਵਲੋਂ ਥਾਈਲੈਂਡ ਯਾਤਰਾ ਦੀ ਦਾਅਵਤ — ਥਾਈਲੈਂਡ ਦਾ ਸੀਟੋ ਬਾਰੇ ਭਵਿਖਤ ਰਵੱਈਆ ਇਤਿਆਦਿ। ਸ੍ਰੀ ਸਤਿਗੁਰੂ ਜੀ ਦੀ ਆਗਿਆ ਅਤੇ ਸੇਠ ਤਿਰਲੋਕ ਸਿੰਘ ਜੀ ਦੀ ਥਾਈ-ਪੰਜਾਬੀ ਭਾਸ਼ਾਈ ਸਹਾਇਤਾ ਨਾਲ ਮੈਂ ਉਪਰੋਕਤ ਸਾਰੇ ਹੀ ਸਵਾਲ ਇਕ ਇਕ ਕਰ ਕੇ ਸ੍ਰੀ ਰਕਤ ਕਮਲ ਪੂਰਨ ਸਾਹਮਣੇ ਰਖ ਦਿਤੇ।

ਸ੍ਰੀ ਰਕਤ ਕਮਲ ਨੇ ਬੜੇ ਵਿਸਲੇਸ਼ਣਾਤਮਕ ਢੰਗ ਨਾਲ ਭਾਰਤ ਤੇ ਥਾਈਲੈਂਡ ਦੀ ਇਤਿਹਾਸਕ, ਧਾਰਮਕ ਤੇ ਸੰਸਕ੍ਰਿਤਕ ਸਾਝ ਦੀ ਚਰਚਾ ਕਰਦਿਆ ਹੋਇਆ ਦਸਿਆ ਕਿ ਬੰਗਲਾ ਦੇਸ਼ ਦੀ ਆਜ਼ਾਦੀ ਅਤੇ ਪਾਕਿਸਤਾਨ ਉਪਰ ਭਾਰਤ ਦੀ ਜਿੱਤ ਨੂੰ ਥਾਈ ਲੋਕਾ ਅਤੇ ਥਾਈਲੈਂਡ ਦੇ ਪ੍ਰਬੁੱਧ ਤਬਕੇ ਨੇ ਜਿਥੇ ਸਵਾਗਤ ਯੋਗ ਜਾਣਿਆ ਹੈ ਓਥੇ ਇਨ੍ਹਾ ਦੋਹਾ ਗੱਲਾਂ ਸੰਬੰਧੀ ਥਾਈਲੈਂਡ ਨੇ ਗਰਵ ਵੀ ਮਹਿਸੂਸ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਅਸਲ ਵਿਚ ਪਾਕਿਸਤਾਨ ਦਾ ਬਣਨਾ ਹੀ ਸਭ ਤੋਂ ਵਡੀ ਇਤਿਹਾਸਕ ਗ਼ਲਤੀ ਸੀ। ਕੋਈ ਦੇਸ ਕਿਸੇ ਵੀ ਧਰਮ ਨੂੰ ਅਪਣਾ ਤਾ ਸਕਦਾ ਹੈ, ਪਰ ਧਰਮ ਦੇ ਆਧਾਰ ਉਪਰ ਕਿਸੇ ਦੇਸ਼ ਦੀ ਰਚਨਾ ਮੂਲੋਂ ਹੀ ਗ਼ੈਰ ਕੁਦਰਤੀ ਗੱਲ ਹੈ। ਬੰਗਲਾ ਦੇਸ ਦੀ ਆਜ਼ਾਦੀ ਨਾਲ ਉਸ ਵਡੀ ਇਤਿਹਾਸਕ ਗ਼ਲਤੀ ਨੂੰ ਇਕ ਹੱਦ ਤਕ ਸੋਧਿਆ ਗਿਆ ਹੈ ਤੇ ਭਾਰਤ ਦੀ ਪਾਕਿਸਤਾਨ ਉਪਰ ਜਿੱਤ ਨੇ ਵਡੇਰੇ ਖੇਤਰ ਵਿਚ ਭਾਰਤ ਦਾ ਸਨਮਾਨ ਵਧਾਇਆ ਹੈ। ਕਿਉਂਕਿ ਭਾਰਤ ਦੀ ਇਹ ਜਿੱਤ ਕੇਵਲ ਪਾਕਿਸਤਾਨ ਉਪਰ ਜਿੱਤ ਹੀ ਨਹੀਂ ਸਗੋਂ ਦੱਖਣ ਪੂਰਬੀ ਏਸ਼ੀਆ ਵਿਚ — ਜਿਸ ਵਿਚ ਥਾਈਲੈਂਡ ਇਕ ਪ੍ਰਮੁਖ ਦੇਸ਼ ਹੈ — ਇਸ ਦਾ ਦੂਰ ਰਸ ਅਸਰ ਪੈਣ ਵਾਲਾ ਹੈ। ਇਸ ਨਾਲ ਦੱਖਣ ਪੂਰਬੀ ਏਸ਼ੀਆ ਦਾ ਰਾਜਨੀਤਕ ਸੰਤੁਲਨ ਬਦਲੇਗਾ।

Namdhari Elibrary NamdhariElibrary@gmail.com

ਮੈਂ ਕਿਹਾ — ਭਾਰਤ ਦੇ ਰਾਸ਼ਟਰਪਤੀ ਦਾ ਸ਼ਿਆਮ ਆਗਮਨ — ਕੀ ਉਸੇ ਬਦਲਦੇ ਸੰਤੁਲਨ ਦੀ ਹੀ ਪਹਿਲੀ ਕੜੀ ਮੰਨੀ ਜਾ ਸਕਦੀ ਹੈ ? ਸ੍ਰੀ ਰਕਤ ਪੂਰਨ ਨੇ ਕੁਝ ਸੰਕੋਚ ਨਾਲ ਕਿਹਾ—ਤੁਹਾਨੂੰ ਇੰਜ ਹੀ ਸੋਚਣਾ ਚਾਹੀਦਾ ਹੈ।

ਥਾਈਲੈਂਡ ਵਿਚ ਸੀਟੋ ਸੰਗਠਨ ਦੇ ਜੰਗੀ ਅੱਡੇ ਦੇ ਭਵਿਖ ਬਾਰੇ ਸਵਾਲ ਤੇ ਸ੍ਰੀ ਰਕਤ ਪੂਰਨ ਕੁਝ ਹੋਰ ਵੀ ਸੰਕੋਚ ਵਿਚ ਪੈ ਗਏ — ਕਾਰਨ ਸਪੱਸ਼ਟ ਸੀ ਕਿ ਥਾਈਲੈਂਡ ਵਿਚ ਇਸ ਵੇਲੇ ਫ਼ੌਜੀ ਰਾਜ ਹੈ। ਥਾਈਲੈਂਡ ਦੀ ਧਰਤੀ ਨੂੰ ਅਮਰੀਕਾ ਵਲੋਂ ਵੀਅਤਨਾਮ ਦੀ ਆਜ਼ਾਦੀ ਦੀ ਲੜਾਈ ਵਿਰੁਧ ਇਕ ਵਡੇਰੇ ਜੰਗੀ ਅੱਡੇ ਦੇ ਰੂਪ ਵਿਚ ਵਰਤਿਆ ਜਾ ਰਿਹਾ ਹੈ ਜੋ ਕਿ ਵੀਅਤਨਾਮ ਵਿਚ ਅਮਰੀਕੀ ਜੰਗੀ ਸਪਲਾਈ ਦਾ ਇਕੋ ਇਕ ਕੇਂਦਰ ਹੈ।

ਫਿਰ ਵੀ ਸ੍ਰੀ ਰਕਤ ਕਮਲ ਨੇ ਕਿਹਾ—ਸੰਬੰਧ ਨਿਸਚਿਤ ਰੂਪ ਵਿਚ ਬਦਲਣਗੇ।

ਰੂਸ ਨਾਲ ਥਾਈਲੈਂਡ ਦੇ ਸੰਬੰਧਾਂ ਬਾਰੇ ਪੁਛਣ ਤੇ ਸ੍ਰੀ ਰਕਤ ਕਮਲ ਨੇ ਕਿਹਾ ਥਾਈਲੈਂਡ ਦੇ ਰੂਸ ਨਾਲ ਸੰਬੰਧ ਵਿਕਸਿਤ ਹੋ ਰਹੇ ਹਨ।

ਚੀਨ ਨਾਲ ਸੰਬੰਧਾਂ ਬਾਰੇ ਗੱਲ ਕਰਨ ਤੇ ਸ੍ਰੀ ਰਕਤ ਕਮਲ ਜਵਾਬ ਟਾਲ ਗਏ। ਇਸ ਦਾ ਕਾਰਨ ਮੈਨੂੰ ਕਈ ਦਿਨ ਬਾਅਦ—ਥਾਈਲੈਂਡ, ਮਲਾਏਸੀਆ ਤੇ ਸਿੰਗਾਪੁਰ ਦੀ ਆਪਣੀ ਯਾਤਰਾ ਦੇ ਦੌਰਾਨ ਇਨ੍ਹਾਂ ਤਿੰਨਾਂ ਦੇਸ਼ਾਂ ਵਿਚ ਚੀਨੀਆਂ ਦੀ ਭਾਰੀ ਗਿਣਤੀ ਤੇ ਇਨ੍ਹਾਂ ਤਿੰਨਾਂ ਦੇਸ਼ਾਂ ਚ ਜੀਵਨ ਵਿਚ ਚੀਨੀਆਂ ਦੇ ਭਰਪੂਰ ਦਖ਼ਲ ਤੋਂ ਮੈਨੂੰ ਲੱਭਾ।

ਸ਼ਾਮ ਦੇ ਦੀਵਾਨ ਵਿਚ ਇਕ ਬੜੇ ਹੀ ਦਿਲਚਸਪ ਸ਼ਿਆਮੀ ਸਜਣ ਦੇ ਦਰਸ਼ਨ ਹੋਏ। ਉਹ ਸਜਣ ਸਨ ਪ੍ਰਿੰਸ ਕ੍ਰਿਤੀ ਦੇਵ। ਆਪ ਲਗ ਭਗ ਸੱਤਰ ਸਾਲ ਦੀ ਅਵਸਥਾ ਦੇ ਹੋਣ ਦੇ ਬਾਵਜੂਦ ਚਾਲ੍ਹੀ ਪੰਜਤਾਲੀ ਸਾਲ ਦੇ ਲਗਦੇ ਸਨ। ਥਾਈਲੈਂਡ ਦੇ ਸ਼ਾਹੀ ਖ਼ਾਨਦਾਨ ਵਿਚੋਂ ਹੋਣ ਕਰਕੇ ਆਪ ਦੇ ਨਾਮ ਨਾਲ ਪ੍ਰਿੰਸ ਸ਼ਬਦ ਲਗਦਾ ਹੈ। ਆਪ ਥਾਈਲੈਂਡ ਦੇ ਇਕ ਉੱਚੇ ਮਹਿਕਮੇ ਵਿਚ ਉਚੇ ਅਹੁਦੇ ਤੇ ਰਹੇ ਪਰ ਸਮੇਂ ਤੋਂ ਪਹਿਲਾਂ ਹੀ ਰਿਟਾਇਰ ਕਰ ਦਿੱਤੇ ਗਏ ਕਿਉਂਕਿ ਉਹ ਮਹਿਕਮਾ ਵੱਢੀ ਖੋਰੀ ਦਾ ਗੜ੍ਹ ਸੀ, ਪਰ ਸ੍ਰੀ ਕ੍ਰਿਤੀ ਦੇਵ ਨੇ ਜੀਵਨ ਭਰ ਇਕ ਵੀ ਪੈਸਾ ਵੱਢੀ ਨਹੀਂ ਸੀ ਲਈ। ਆਪ ਬਾਰੇ ਸਭ ਤੋਂ ਵਧ ਦਿਲਚਸਪੀ ਵਾਲੀ ਗੱਲ ਸਾਨੂੰ ਉਸ ਵੇਲੇ ਇਹ ਲੱਗੀ ਕਿ ਆਪ ਨੇ ੧੩ ਵਿਆਹ ਕੀਤੇ ਹਨ ਅਤੇ ਆਪ ਦੇ ੬੫ ਬੱਚੇ ਹਨ।

ਉਸ ਵੇਲੇ ਇਹ ਵਿਵਰਨ ਸੁਣ ਕੇ ਮੈਨੂੰ ਸ਼ਾਂਤੀ ਨਿਕੇਤਨ ਦੇ ਨੇੜਲੇ ਇਕ ਮੁਸਲਮਾਨ ਪਿੰਡ ਵਿਚ ਉਨ੍ਹਾਂ ਹਾਜੀ ਸਾਹਿਬ ਦੀ ਕੀਰਤੀ ਫਿਕੀ ਫਿੱਕੀ ਜਾਪਣ ਲਗ ਪਈ ਜਿਹੜੇ ਆਚਰਨ ਤੇ ਧਰਮ ਵੱਲੋਂ ਤਾਂ ਇਨ੍ਹਾਂ ਸ੍ਰੀ ਕ੍ਰਿਤੀ ਦੇਵ ਸਾਹਿਬ ਦਾ ਮੁਕਾਬਲਾ ਕਰਦੇ ਸਨ। ਪਰ ਵਿਆਹ ਉਹਨਾਂ ਦੇ ਕੇਵਲ ਚਾਰ ਸਨ ਅਤੇ ਬੱਚੇ ਕੁੱਲ ਸਤਾਈ। ਉਨ੍ਹਾਂ ਸਤਾਈ ਬੱਚਿਆਂ ਵਿਚੋਂ ਵੀ ਉਸ ਸਮੇਂ ਤਕ, (ਜਦੋਂ ਕਿ ਮੈਂ ਸ਼ਾਂਤੀ ਨਿਕੇਤਨ ਦੀ ਯਾਤਰਾ ਦੇ ਸਮੇਂ ਹਾਜੀ ਸਾਹਿਬ ਦੇ ਪਿੰਡ ਵੀ ਗਿਆ ਸਾਂ) ਕੇਵਲ ਨੌਂ ਬੱਚੇ ਜਿਊਂਦੇ ਸਨ।

ਉਂਜ ਥਾਈਲੈਂਡ ਦੀ ਅਗਲੇ ਦਿਨਾਂ ਦੀ ਯਾਤਰਾ ਸਮੇਂ ਪਤਾ ਲਗਾ ਕਿ ਥਾਈਲੈਂਡ ਵਿਚ ਇਕ ਵਿਆਹ ਕਿਸੇ ਵਿਰਲੇ ਦਾ ਹੀ ਹੁੰਦਾ ਹੈ। ਦੋ ਤਾਂ ਬਹੁਤਿਆਂ ਦੇ ਹੁੰਦੇ ਹਨ ਪਰ ਦੋ ਤੋਂ ਵੱਧ ਵਿਆਹ ਵੀ ਆਮ ਹਨ ਤੇ ਏਥੇ ਇਸ ਗੱਲ ਉਪਰ ਗਰਵ ਕੀਤਾ ਜਾਂਦਾ ਹੈ। ਇਹ ਗਰਵ ਥਾਈਲੈਂਡ ਦੀ ਸਾਹਿਤਕ ਤੇ ਸੰਸਕ੍ਰਿਤਕ ਪਰੰਪਰਾਂ ਵਿਚ ਹੈ। ਥਾਈਲੈਂਡ ਵਿਚ ਭਾਰਤ ਦੇ ਰਾਮ ਤੇ ਰਮਾਇਣ ਦੀ ਬੜੀ ਸਤਿਕਾਰ ਯੋਗ ਥਾਂ ਹੈ। ਥਾਈਲੈਂਡ ਦੀ ਬੈਂਕੌਕ ਤੋਂ ਪਹਿਲਾਂ ਜਿਹੜੀ ਰਾਜਧਾਨੀ ਸੀ ਉਸ ਦਾ ਨਾਮ ਹੀ ਰਾਮ ਦੀ ਜਨਮ ਭੂਮੀ ਆਯੁਧਿਆ ਸੀ। ਥਾਈਲੈਂਡ ਦੇ ਦੂਜੇ ਰਾਜੇ ਨੇ ਖੁਦ ਥਾਈ ਭਾਸ਼ਾ ਵਿਚ ਇਕ ਰਮਾਇਣ ਦੀ ਰਚਨਾ ਕੀਤੀ ਸੀ। ਉਸ ਰਮਾਇਣ ਨੂੰ ਠੇਠ ਥਾਈ ਸੰਦਰਭ ਵਿਚ ਤੇ ਉਥੋਂ ਦੀਆਂ ਸੰਸਕ੍ਰਿਤਕ ਰਵਾਇਤਾਂ ਦੇ ਆਧਾਰ ਉੱਤੇ ਹੀ ਲਿਖਿਆ ਗਿਆ। ਭਾਰਤ ਦੀ ਬਾਲਮੀਕੀ ਰਮਾਇਣ ਦਾ ਇਕ ਪਾਤਰ ਹਨੂਮਾਨ ਬ੍ਰਹਮਚਾਰੀ ਹੋਣ ਕਰਕੇ ਬਲੀ ਤੇ ਆਦਰ ਯੋਗ ਸਥਾਨ ਰੱਖਦਾ ਹੈ। ਪਰ ਥਾਈ ਰਮਾਇਣ ਦਾ ਹਨੂਮਾਨ ਜਿਥੇ ਜਾਂਦਾ ਹੈ ਉਥੋਂ ਹੀ ਇਕ ਨਾ ਇਕ ਔਰਤ ਲੈ ਆਉਂਦਾ ਹੈ। ਉਥੇ ਉਨ੍ਹਾਂ ਦਾ ਬਲ ਬੀਰਜ ਅਤੇ ਸਤਿਕਾਰ ਏਸੇ ਕਰਕੇ ਹੀ ਹੈ। ਅਸਲ ਵਿਚ ਥਾਈਲੈਂਡ ਵਿਚ ਬਲੀ ਤੇ ਬਹਾਦਰ ਉਸ ਨੂੰ ਹੀ ਮੰਨਿਆ ਜਾਂਦਾ ਹੈ ਜਿਹੜਾ ਕਈ ਔਰਤਾਂ ਰੱਖ ਸਕੇ ਤੇ ਵੱਧ ਤੋਂ ਵੱਧ ਬੱਚੇ ਪੈਦਾ ਕਰ ਸਕੇ।

ਅਗਲੇ ਦਿਨ ਅਸਾਂ ਸ੍ਰੀ ਪ੍ਰੀਤਮ ਸਿੰਘ ਕਵੀ, ਹਰਵਿੰਦਰ ਸਿੰਘ ਤੇ ਗੁਰਭਜਨ ਸਿੰਘ ਨੇ—ਸੂਬਾ ਦੀਵਾਨ ਸਿੰਘ ਜੀ ਦੇ ਦੂਜੇ ਸਪੁੱਤਰ ਸ੍ਰੀ ਸਤਿਪਾਲ ਸਿੰਘ ਜੀ ਨੂੰ ਨਾਲ ਲੈ ਕੇ ਚੰਗਮਈ ਦੀ ਯੂਨੀਵਰਸਿਟੀ ਵੇਖਣ ਗਏ। ਜੋ ਕਿ ਪਹਾੜੀ ਦੀ ਕੁੱਖ ਵਿਚ ਸਥਿਤ ਹੋਣ ਕਰਕੇ ਕੁਦਰਤੀ ਅਤੇ ਆਪਣੀਆਂ ਆਧੁਨਿਕ ਸਿਫਤਾਂ ਕਾਰਨ ਇਕ ਪੱਖ ਤੋਂ ਕੋਈ ਰਿਸ਼ੀ-ਆਸ਼ਰਮ ਤੇ ਆਧੁਨਿਕ ਪੱਖ ਤੋਂ ਅਤਿ ਵੈਭਵਸ਼ਾਲੀ ਲਗ ਰਹੀ ਸੀ।

ਉਸੇ ਸ਼ਾਮ ਹੀ ਅਸਾਂ ਬੈਂਕੌਕ ਨੂੰ ਵਾਪਸ ਜਾਣਾ ਸੀ। ਪਰ ਚੰਗਮਈ ਨੇ ਇੰਜ ਸਾਡੇ ਦਿਲਾਂ ਨਾਲ ਸਾਂਝ ਪਾ ਲਈ ਸੀ ਕਿ ਉਸ ਨੂੰ ਛੱਡਣ ਲਈ ਚਿਤ ਨਹੀਂ ਸੀ ਮੰਨ ਰਿਹਾ। ਫਿਰ ਵੀ ਜਾਣਾ ਤਾਂ ਹੈ ਈ ਸੀ ਸੋ ਸ਼ਾਮ ਨੂੰ ਟਰੇਨ ਵਿਚ ਜਾ ਬੈਠੇ ਅਤੇ ਅਗਲੇ ਦਿਨ ਸਵੇਰੇ ਬੈਂਕੌਕ ਵਿਚ ਹਾਜ਼ਰੀ ਜਾ ਲਵਾਈ।

[ਬਾਕੀ ਸ਼ਤਾਬਦੀ ਨਿਊਜ਼ ਦੇ ਅਗਲੇ ਅੰਕਾਂ ਵਿਚ]

Namdhari Elibrary NamdhariElibrary@gmail.com

ਕੂਕਾ ਬਗ਼ਾਵਤ ਦੀ ਇਤਿਹਾਸਕ ਮਹਾਨਤਾ

ਸੋਹਨ ਸਿੰਘ ਜੋਸ਼

ਕੂਕਾ ਲਹਿਰ ਉਸ ਵੇਲੇ ਵਜੂਦ ਵਿਚ ਆਈ ਜਦੋਂ ਪੰਜਾਬ ਰਾਜਸੀ ਤੇ ਸਭਿਆਚਾਰਕ ਤੌਰ ਤੇ ਬਿਲਕੁਲ ਬੇਹਿੱਸ ਤੇ ਬੇਹਰਕਤ ਹੋ ਚੁਕਾ ਸੀ, ਅੰਗਰੇਜ਼ਾਂ ਦੀ ਰਾਜਸੀ, ਸਭਿਆ-ਚਾਰਕ ਤੇ ਫ਼ੌਜੀ ਗ਼ੁਲਾਮੀ ਪੂਰੀ ਤਰ੍ਹਾਂ ਕਬੂਲ ਕਰ ਚੁਕਾ ਸੀ ਅਤੇ ਪੰਜਾਬ ਦੀ ਰਾਜਾਸ਼ਾਹੀ ਤੇ ਜਾਗੀਰਦਾਰੀ ਨੇ ਪੰਜਾਬੀ (ਤੇ ਖ਼ਾਸ ਕਰ ਸਿੱਖ) ਜਨਤਾ ਨੂੰ, ਆਪਣੇ ਸੁਆਰਥਾਂ ਦੀ ਖ਼ਾਤਰ, ਆਪਣੇ ਪੰਜੇ-ਸ਼ਿਕੰਜੇ ਵਿਚ ਜਕੜ ਲਿਆ ਸੀ। ਸਿੱਖ ਆਪਣੇ ਗੁਰੂਆਂ ਦੇ ਉੱਚੇ ਅਸੂਲਾਂ ਨੂੰ ਵਿਸਾਰ ਚੁਕੇ ਸਨ ਅਤੇ ਜ਼ੁਲਮ ਤੇ ਗ਼ੁਲਾਮੀ ਦੇ ਖ਼ਿਲਾਫ਼ ਲੜਨ ਦੀ ਥਾਂ ਅੰਗਰੇਜ਼ ਰਾਜ ਦੇ ਗੋਲੇ ਤੇ ਰਖਿਅਕ ਬਣ ਗਏ ਸਨ।

੧੮੪੮-੪੯ ਵਿਚ ਸਿੱਖ ਰਾਜ ਦਾ ਭੋਗ ਪੈ ਗਿਆ। ਅੰਗਰੇਜ਼ ਹਾਕਮਾਂ ਦੀਆਂ ਕੁਟਲ-ਨੀਤੀਆਂ ਤੇ ਸ਼ਤਰੰਜੀ ਚਾਲਾਂ ਨੇ ਪੰਜਾਬ ਉਤੇ ਕਬਜ਼ਾ ਕਰ ਲਿਆ, ਰਾਜ ਖੁੱਸਿਆ ਵੇਖ ਕੇ ਅਤੇ ਤਾਕਤ ਦਾ ਚਿੰਨ੍ਹ ਤਲਵਾਰ ਛੀਨੀ ਜਾਣ ਤੇ ਸਿੱਖ ਸਰਦਾਰਾਂ ਨੇ ਭੁੱਬਾਂ ਮਾਰੀਆਂ ਅਤੇ ਬੇਦਿਲ ਹੋ ਕੇ, ਜਿਹੜੇ ਬਚ ਰਹੇ ਘਰਾਂ ਨੂੰ ਚਲੇ ਗਏ। ਇਕ ਸਰਦਾਰ ਮਹਾਰਾਜ ਸਿੰਘ ਸੀ ਜਿਸ ਨੇ ਅੰਗਰੇਜ਼ ਰਾਜ ਦੀ, ਆਪਣੇ ਬਹਾਦਰ ਸਾਥੀਆਂ ਸਮੇਤ, ਕੋਈ ਈਨ ਤੇ ਗ਼ੁਲਾਮੀ ਨਾ ਮੰਨੀ ਅਤੇ ਅੰਤਲੇ ਸੁਆਸਾਂ ਤਕ ਲੜਦਾ ਰਿਹਾ।

੧੮੫੭ ਵਿਚ ਗ਼ਦਰ ਯਾਨੀ ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਦਾ ਆਰੰਭ ਹੋ ਗਿਆ! ਸਿੱਖ ਰਾਜ ਨੂੰ ਖੁੱਸਿਆਂ ਅਜੇ ਸਿਰਫ਼ ਸੱਤ ਕੁ ਸਾਲ ਹੀ ਗੁਜ਼ਰੇ ਸਨ। ਕੰਵਰ ਦਲੀਪ ਸਿੰਘ ਨੂੰ ਖੋਹ ਖੜਨ ਤੇ ਰਾਣੀ ਜਿੰਦਾਂ ਨੂੰ ਜਲਾਵਤਨ ਕਰਨ ਦੇ ਜ਼ਖ਼ਮ ਅਜੇ ਅੱਲ੍ਹੇ ਸਨ। ਸ਼ਿਕਸਤ ਖਾ ਜਾਣ ਪਿੱਛੋਂ ਜੋ ਜ਼ੁਲਮ ਅੰਗਰੇਜ਼ਾਂ ਨੇ ਪੰਜਾਬ ਦੇ ਸੂਰਬੀਰ ਪੁੱਤਰਾਂ ਤੇ ਢਾਏ ਸਨ ਉਹ ਅਜੇ ਭੁੱਲੇ ਨਹੀਂ ਸਨ। ਇਨ੍ਹਾਂ ਜ਼ੁਲਮਾਂ ਦਾ ਹਿਸਾਬ ਚੁਕਾਣ ਦਾ ਗ਼ਦਰ ਨੇ ਬੜਾ ਸੋਹਣਾ ਮੌਕਿਆ ਮੁਹੱਈਆ ਕੀਤਾ ਸੀ, ਪਰ ਇਸ ਤੋਂ ਫ਼ਾਇਦਾ ਨਾ ਉਠਾਇਆ ਗਿਆ! ਲੀਡਰਸ਼ਿਪ ਰਾਜਿਆਂ ਤੇ ਜਾਗੀਰਦਾਰਾਂ ਦੇ ਹੱਥ ਵਿਚ ਸੀ। ਉਨ੍ਹਾਂ ਨੂੰ ਆਪਣੇ ਸੁਆਰਥਾਂ ਨਾਲ ਪਿਆਰ ਸੀ, ਆਜ਼ਾਦੀ ਲਈ ਨਹੀਂ! ਉਨ੍ਹਾਂ ਨੇ ਗ਼ਦਰੀਆਂ ਦੀਆਂ ਇਸ ਸੰਗਰਾਮ ਵਿਚ ਸ਼ਾਮਲ ਹੋਣ ਦੀਆਂ ਸਭ ਪੇਸ਼ਕਸ਼ਾਂ ਠੁਕਰਾ ਦਿਤੀਆਂ, ਡਟ ਕੇ ਅੰਗਰੇਜ਼ ਦਾ ਸਾਥ ਦਿਤਾ ਅਤੇ ਹਿੰਦੁਸਤਾਨ ਨੂੰ ਗ਼ੁਲਾਮੀ ਦੇ ਮਜ਼ਬੂਤ ਸਕੰਜੇ ਵਿਚ ਕੱਸ ਕੇ ਜਕੜ ਦਿਤਾ। ਇੱਕੜ ਦੁੱਕੜ ਪੰਜਾਬੀ ਫ਼ੌਜਾਂ ਵਿਚ ਬਗ਼ਾਵਤਾਂ ਹੋਈਆਂ। ਬਾਗ਼ੀ ਸੂਰਬੀਰਾਂ ਨੂੰ ਬੇਤਿਰਕੀ ਨਾਲ ਗੋਲੀਆਂ ਦਾ ਸ਼ਿਕਾਰ ਬਣਾ ਕੇ ਕੁਚਲ ਦਿਤਾ ਗਿਆ। ਉਹ ਸ਼ਹੀਦ ਹੋ ਗਏ, ਪਰ ਉਨ੍ਹਾਂ ਨੇ ਅਗਲੀਆਂ ਸੰਤਾਨਾਂ ਦੇ ਪੰਜਾਬ ਦੇ ਮੱਥੇ ਤੇ, ਇਤਿਹਾਸ ਵਲੋਂ, ਬਿਲਕੁਲ ਹੀ ਕਾਲਖ਼ ਮਲੇ ਜਾਣ ਤੋਂ ਬਚਾ ਲਿਆ!

ਅੰਗਰੇਜ਼ ਹਾਕਮਾਂ ਨੇ ਆਪਣੀਆਂ ਲਿਖਤਾਂ ਵਿਚ ਬਾਰ ਬਾਰ ਇਹ ਗੱਲ ਲਿਖੀ ਹੈ ਕਿ ਜੇ ਗ਼ਦਰ ਦੇ ਦਿਨਾਂ ਵਿਚ ਅੰਗਰੇਜ਼ਾਂ ਨੂੰ ਪੰਜਾਬ ਨਾ ਬਹੁੜਦਾ ਤਾਂ ਅੰਗਰੇਜ਼ਾਂ ਲਈ ਹਿੰਦੁਸਤਾਨ ਵਿਚ ਕੋਈ ਥਾਂ ਨਹੀਂ ਸੀ। ਗ਼ਦਰ ਥਾਂ ਥਾਂ ਕਾਮਯਾਬ ਹੋ ਰਿਹਾ ਸੀ। ਦਿੱਲੀ ਘੇਰੀ ਜਾ ਰਹੀ ਸੀ। ਅੰਗਰੇਜ਼ ਰਾਜ ਦਾ ਸਿੰਘਾਸਨ ਡਾਵਾਂਡੋਲ ਹੋ ਚੁਕਾ ਸੀ। ਸਿੱਖਾਂ ਨੂੰ ਮੁਗ਼ਲਰਾਜ ਦੇ ਜ਼ੁਲਮ ਦਸ ਕੇ ਅਤੇ ਮੁਸਲਮਾਨਾਂ ਨੂੰ ਸਿੱਖਾਂ ਦੇ ਖ਼ਿਲਾਫ਼ ਚੁਕ ਕੇ ਅਤੇ ਰਾਜਿਆਂ ਨੂੰ ਹੱਥ ਵਿਚ ਲੈ ਕੇ ਆਜ਼ਾਦੀ ਦੀ ਇਸ ਪਹਿਲੀ ਜੰਗ ਨੂੰ ਕੁਚਲ ਦਿਤਾ ਗਿਆ। ਅਤੇ ਅੰਗਰੇਜ਼ ਰਾਜ ਜਾਂਦਾ ਜਾਂਦਾ ਬਹਾਲ ਹੋ ਗਿਆ।

ਗ਼ਦਰ ਪਿੱਛੋਂ ਅੰਗਰੇਜ਼ ਅਫ਼ਸਰ ਹੋਰ ਸਾਵਧਾਨ ਹੋ ਗਏ। ਉਨ੍ਹਾਂ ਨੇ ਆਪਣੇ ਰਾਜ ਨੂੰ ਮਜ਼ਬੂਤ ਕਰਨ ਲਈ ਸਾਰੇ ਹੋਰ ਜ਼ਰੂਰੀ ਸਾਧਨ ਜੁਟਾ ਲਏ। ਫ਼ੌਜ ਪੁਲਸ, ਨੌਕਰਸ਼ਾਹੀ, ਅਦਾਲਤਾਂ, ਜੇਲਾਂ ਦਾ ਭਾਰਤ ਵਿਚ ਵਧਾ ਵਧਾ ਜਾਲ ਤਾਣ ਦਿਤਾ। ਸੀ. ਆਈ. ਡੀ. ਯਾਨੀ ਜਾਸੂਸੀ ਦੇ

Namdhari Elibrary NamdhariElibrary@gmail.com

ਮਹਿਕਮੇ ਨੂੰ ਹੋਰ ਵਿਸ਼ਾਲ ਤੇ ਤਕੜਾ ਕਰ ਲਿਆ। ਪੰਜਾਬ ਵਿਚ ਸਦੀਵੀ ਕਰਫ਼ੀਊ, ਮਾਰਸ਼ਲ ਲਾਅ ਜੇਹੇ ਕਾਨੂੰਨਾਂ ਦਾ ਰਾਜ ਕਾਇਮ ਕਰ ਦਿਤਾ। ਜਮਹੂਰੀ ਤੇ ਸ਼ਹਿਰੀ ਆਜ਼ਾਦੀਆਂ ਖ਼ਤਮ ਕਰ ਦਿਤੀਆਂ ਗਈਆਂ। ਆਉਂਦੀ ਜਾਂਦੀ ਡਾਕ ਖੋਲ੍ਹ ਖੋਲ੍ਹ ਪੜ੍ਹੀ ਜਾਣ ਲਗ ਪਈ। ਉਤੋਂ ਐਲਾਨ ਇਹ ਕੀਤੇ ਗਏ ਕਿ ਹਕੂਮਤ ਕਿਸੇ ਦੇ ਮਜ਼ਹਬ ਵਿਚ ਕੋਈ ਦਖ਼ਲ ਨਹੀਂ ਦੇਵੇਗੀ। ਪਰ ਕੂਕਾ ਤੇ ਅਕਾਲੀ ਤਹਿਰੀਕਾਂ ਨੇ ਸਾਬਤ ਕੀਤਾ ਕਿ ਇਹੋ ਜਿਹੇ ਐਲਾਨਾਂ ਦਾ ਮਤਲਬ ਮਜ਼ਹਬ ਵਿਚ ਦਖ਼ਲ ਨਾ ਦੇਣਾ ਨਹੀਂ ਸੀ ਸਗੋਂ ਦਖ਼ਲ ਦੇਣਾ ਸੀ।

ਇਹ ਸਨ ਹਾਲਾਤ ਜਦੋਂ ਗੁਰੂ ਰਾਮ ਸਿੰਘ ਜੀ ਪੰਜਾਬ ਵਿਚ ਪੰਜਾਬ ਨੂੰ ਜਗਾਣ ਤੇ ਸਾਵਧਾਨ ਕਰਨ ਲਈ ਆਪਣਾ ਸੰਦੇਸ਼ ਲੈ ਕੇ ਮੈਦਾਨ ਵਿਚ ਉਤਰੇ। ਮੈਂ ਇਸ ਲੇਖ ਵਿਚ ਕੂਕਾ ਲਹਿਰ ਦੇ ਸਿਰਫ਼ ਰਾਜਸੀ ਪਹਿਲੂ ਤੇ ਹੀ ਵਿਚਾਰ ਕਰਾਂਗਾ, ਧਾਰਮਕ ਪਹਿਲੂ ਤੇ ਨਹੀਂ! ਪਰ ਇਹ ਹਕੀਕਤ ਯਾਦ ਰਖਣੀ ਚਾਹੀਦੀ ਹੈ ਕਿ ਬੀਤੇ ਇਤਿਹਾਸ ਵਿਚ ਧਾਰਮਕ ਲਹਿਰਾਂ ਹੀ ਵਧ ਫੁਲ ਕੇ ਪਿੱਛੋਂ ਇਨਕਲਾਬੀ ਸ਼ਕਲ ਧਾਰਨ ਕਰ ਲੈਂਦੀਆਂ ਰਹੀਆਂ ਹਨ। ਅਤੇ ਨਵੇਂ ਰਾਜ-ਪਰਬੰਧ ਦੇ ਵਾਸਤੇ ਲੜਨ ਤੇ ਕਾਇਮ ਕਰਨ ਦਾ ਹਥਿਆਰ ਬਣ ਜਾਂਦੀਆਂ ਰਹੀਆਂ ਹਨ। ਕਾਰਨ ਇਹ ਹੈ ਕਿ ਬੀਤੇ ਸਮੇਂ ਵਿਚ ਆਮ ਲੋਕ ਧਾਰਮਕ ਮੁਹਾਵਰੇ, ਸਿਖਿਆ ਅਤੇ ਪ੍ਰਵਚਨਾਂ ਨੂੰ ਹੀ ਸਮਝ ਕੇ ਇਕੱਠੇ ਤੇ ਜਥੇਬੰਦ ਹੋ ਸਕਦੇ ਸਨ, ਰਾਜਸੀ ਸਿਧਾਂਤਾਂ ਦੀਆਂ ਗੂੜ੍ਹ ਗੱਲਾਂ ਰਾਹੀਂ ਨਹੀਂ। ਉਂਜ ਵੀ ਰਾਜਸੀ ਵਿਕਾਸ ਦੀ ਪੱਧਰ ਅਜੇ ਬੜੀ ਪੱਛੜੀ ਹੋਈ ਸੀ। ਅਤੇ ਧਰਮ ਦਰੜੇ-ਫਰੜੇ ਲੋਕਾਂ ਦੀ ਨਜਾਤ ਦਾ ਪੈਗ਼ਾਮ ਲੈ ਕੇ ਹੀ ਆਉਂਦਾ ਰਿਹਾ ਹੈ।

ਮਹਾਰਾਜ ਰਾਮ ਸਿੰਘ ਜੀ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਰਹਿ ਚੁਕੇ ਸਨ। ਉਨ੍ਹਾਂ ਨੇ ਸਿੱਖ ਰਾਜ ਦੀ ਝਲਕ-ਮਟਕ ਵੇਖੀ ਤੇ ਮਾਣੀ ਸੀ। ਅਤੇ ਉਹ ਜਥੇਬੰਦੀ ਦੀ ਸ਼ਕਤੀ ਤੇ ਡਿਸਿਪਲਨ (ਬੰਧੇਜ) ਦੇ ਗੁਣਾਂ ਨੂੰ ਵੇਖ-ਜਾਣ ਚੁਕੇ ਸਨ। ਏਹੋ ਕਾਰਨ ਹੈ ਕਿ ਉਨ੍ਹਾਂ ਨੇ ਥੋੜੇ ਜਿਹੇ ਸਾਲਾਂ ਵਿਚ ਹੀ ਨਾਮਧਾਰੀਆਂ ਨੂੰ ਇਕ ਮਜ਼ਬੂਤ ਜਥੇਬੰਦੀ ਤੇ ਡਿਸਿਪਲਿਨ ਵਿਚ ਢਾਲ-ਬੰਨ੍ਹ ਲਿਆ ਅਤੇ 'ਸਿਰ ਧਰ ਤਲੀ ਗਲੀ ਮੇਰੀ ਆਓ' ਜਾਂ 'ਪਹਿਲੋਂ ਮਰਨ ਕਬੂਲ ਕਰ' ਦਾ ਪ੍ਰਣ ਲੈਣ ਵਾਲੇ ਲੱਖਾਂ ਸਿਰ-ਲੱਥਾਂ ਦੀ ਫ਼ੌਜ ਤਿਆਰ ਕਰ ਲਈ।

ਅੰਗਰੇਜ਼ ਵਿਦਿਆ ਤੇ ਇਤਿਹਾਸ ਦੀ ਜਾਣਕਾਰੀ ਵਿਚ ਸਾਡੇ ਨਾਲੋਂ ਬਹੁਤ ਅੱਗੇ ਸਨ। ਉਹ ਜਾਣਦੇ ਸਨ ਕਿ ਕੈਥੋਲਿਕ ਤੇ ਪਿੱਛੋਂ ਪਰੋਟੈਸਟੈਂਟ ਲਹਿਰਾਂ ਭਾਵੇਂ ਸ਼ੁਰੂ ਸ਼ੁਰੂ ਵਿਚ ਧਾਰਮਕ ਜਾਮਾ ਪਹਿਨ ਕੇ ਆਈਆਂ ਸਨ, ਪਰ ਪਿੱਛੋਂ ਰਾਜਨੀਤਕ ਸ਼ਕਲ ਧਾਰਨ ਕਰ ਗਈਆਂ ਸਨ। ਪੰਜਾਬ ਵਿਚ ਉਨ੍ਹਾਂ ਨੂੰ ਆਪਣੇ ਰਾਜ ਦਾ ਹਰ ਵੇਲੇ ਧੁੜਕੂ ਲੱਗਾ ਰਹਿੰਦਾ ਸੀ। ਹੋਰ ਤਾਂ ਹੋਰ, ਉਨ੍ਹਾਂ ਨੂੰ ਪੰਜਾਬ ਵਿਚ (ਖ਼ਾਸ ਕਰ) ਆਪਣੇ ਅਨੰਨ ਵਫ਼ਾਦਾਰ ਭਗਤਾਂ ਉਤੇ ਵੀ ਗ਼ੈਰ ਵਫ਼ਾਦਾਰ ਹੋਣ ਦਾ ਸ਼ੱਕ ਰਹਿੰਦਾ ਸੀ। ਕਿਉਂਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਇਨ੍ਹਾਂ ਨੂੰ ਆਪਣਾ ਸਿੱਖ ਰਾਜ ਭੁੱਲਣ ਨਹੀਂ ਲੱਗਾ। ਇਨ੍ਹਾਂ ਨੂੰ ਮੁੜ ਆਪਣਾ ਰਾਜ ਬਹਾਲ—ਕਇਮ ਕਰਨ ਦੀ ਲਾਲਸਾ ਪੈਦਾ ਹੁੰਦੀ ਰਹੇਗੀ। ਇਸ ਲਈ ਹਰ ਲਹਿਰ ਉਤੇ ਭਾਵੇਂ ਉਹ ਧਾਰਮਕ ਹੋਵੇ ਜਾਂ ਸਭਿਆਚਾਰਕ, ਵਿਦਿਅਕ ਹੋਵੇ ਜਾਂ ਆਰਥਕ — ਕਰੜੀ ਨਿਗਰਾਨੀ ਰਖੋ, ਉਸ ਵਿਚ ਆਪਣੇ ਜਾਸੂਸ ਘੁਸੇੜੋ। ਉਸ ਦੀਆਂ ਖ਼ੁਫ਼ੀਆਂ ਕਾਰਵਾਈਆਂ ਦੀਆਂ ਰਿਪੋਰਟਾਂ ਹਾਸਲ ਕਰੋ, ਅਤੇ ਉਸ ਵਿਚ ਰੱਤੀ ਮਾਸਾ ਵੀ ਗ਼ੈਰ ਵਫ਼ਾਦਾਰੀ ਦੀ ਗੰਧ ਆਵੇ ਤਾਂ ਉਸ ਨੂੰ ਉਗਮਣ ਨਾ ਦਿਓ। ਸ਼ੁਰੂ ਵਿਚ ਹੀ ਕੁਚਲ ਦਿਓ।

ਗੁਰੂ ਰਾਮ ਸਿੰਘ ਜੀ ਨੇ ਜਿਹੜੀ ਕੁਰਬਾਨੀ-ਪੁੰਜ ਜਥੇਬੰਦੀ ਬਣਾਈ ਉਸ ਦੇ ਤਿੰਨ ਅੰਗ, ਰਾਜਸੀ ਤੌਰ ਤੇ, ਖ਼ਾਸ ਧਿਆਨ-ਯੋਗ ਹਨ :

੧. ਪੰਜਾਬ ਨੂੰ ਜਥੇਬੰਦ ਕਰਨ ਲਈ ਸੂਬਿਆਂ ਦੀ ਕਾਇਮੀ;

੨. ਆਤਮ ਨਿਰਭਰਤਾ ਦਾ ਪ੍ਰੋਗਰਾਮ ਅਤੇ

੩. 'ਸਤਿਗੁਰੂ' ਨਾਲ ਨਾਮਧਾਰੀ ਸਿੱਖਾਂ ਵਲੋਂ ਸ਼ਬਦ 'ਪਾਤਸ਼ਾਹ' ਜੋੜ ਦੇਣਾ।

ਉਤੇ ਦੱਸੇ ਕਾਰਨਾਂ ਕਰ ਕੇ ਬ੍ਰਿਟਿਸ਼ ਹਾਕਮ ਪਹਿਲੋਂ ਹੀ ਪੰਜਾਬ ਵਿਚ ਕਿਸੇ ਕਿਸਮ ਦਾ ਵੀ ਸੰਗਠਨ ਨਹੀਂ ਬਣਨ ਦੇਣਾ ਚਾਹੁੰਦੇ ਸਨ। ਪਰ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਹੀ ਗੁਰੂ ਦਿਆਂ ਸੂਬਿਆਂ ਤੇ ਨਾਇਬ ਸੂਬਿਆਂ ਨੇ ਸਿੱਖਾਂ ਦੀ ਜਥੇਬੰਦੀ ਦਾ ਕੰਮ ਆਰੰਭ ਦਿਤਾ ਅਤੇ ਦੋਂਹ ਤਿੰਨਾਂ ਸਾਲਾਂ ਵਿਚ ਲੱਖਾਂ ਸਿਰਲੱਥ ਨਾਮਧਾਰੀ ਜਥੇਬੰਦੀ ਦੀ ਮਜ਼ਬੂਤ ਲੜੀ ਵਿਚ ਪਰੋ ਦਿਤੇ। ਸੂਬਿਆਂ ਨੇ ਉਹ ਚਮਤਕਾਰ ਕਰ ਵਿਖਾਇਆ ਕਿ ਬ੍ਰਿਟਿਸ਼ ਹਾਕਮ ਉਨ੍ਹਾਂ ਦੀ ਜਥੇਬੰਦਕ ਯੋਗਤਾ ਤੇ ਹੈਰਾਨ ਤੇ ਪਰੇਸ਼ਾਨ ਹੋ ਗਏ। ਅਤੇ ਨਾਮਧਾਰੀ ਸੂਬਿਆਂ ਤੇ ਸਿੱਖਾਂ ਨੂੰ ਆਪਣੇ ਰਾਜ ਲਈ ਇਕ ਬਹੁਤ ਵੱਡਾ ਖ਼ਤਰਾ ਮਹਿਸੂਸ ਕਰਨ ਤੇ ਸਮਝਣ ਲਗ ਪਏ। ਆਪਣੇ ਗੁਰੂ ਦੇ ਸੱਦੇ ਤੇ ਇਹ ਸਿੱਖ ਕਿਸੇ ਵੇਲੇ ਵੀ ਸਿਰ ਦੇਣ ਲਈ ਤਿਆਰ ਸਨ।

Namdhari Elibrary NamdhariElibrary@gmail.com

ਅਤੇ ਆਤਮ-ਨਿਰਭਰਤਾ ਦਾ ਪ੍ਰੋਗਰਾਮ ਤਾਂ ਬ੍ਰਿਟਿਸ਼ ਰਾਜ ਦੇ ਸੱਤੀ ਕੱਪੜੀਂ ਅੱਗ ਲਾਉਣ ਵਾਲਾ ਸੀ। ਨਾਮ-ਧਾਰੀਆਂ ਲਈ ਹੁਕਮ ਸੀ ਕਿ ਘਰ ਦੇ ਕੱਤੇ ਕਪੜੇ ਬਣਾਏ ਪਹਿਨੋ, ਅੰਗਰੇਜ਼ੀ ਮਾਲ ਦਾ ਬਾਈਕਾਟ ਕਰੋ। ਆਪਣੇ ਝਗੜੇ ਪੰਚਾਇਤਾਂ ਵਿਚ ਨਿਪਟਾਓ, ਅਦਾਲਤਾਂ ਵਿਚ ਨਾ ਜਾਓ; ਆਪਣੇ ਬੱਚੇ ਸਰਕਾਰੀ ਸਕੂਲਾਂ ਵਿਚ ਨਾ ਪੜ੍ਹਾਓ; ਸਰਕਾਰੀ ਡਾਕਖ਼ਾਨਿਆਂ ਤੇ ਤਾਰ ਘਰਾਂ ਨੂੰ ਵਰਤਣਾ ਛਡ ਦਿਓ। ਸ਼ਰਾਬ ਨਾ ਪੀਓ ਅਤੇ ਸਾਦਾ ਜ਼ਿੰਦਗੀ ਜੀਵੋ।

ਇਹ ਆਤਮ-ਨਿਰਭਰਤਾ ਦਾ ਪ੍ਰੋਗਰਾਮ ਅੰਗਰੇਜ਼ਾਂ ਦੀ ਰਾਜ-ਮਸ਼ੀਨਰੀ ਨੂੰ ਚੈਲੰਜ ਸੀ ! ਇਹ ਪ੍ਰੋਗਰਾਮ ਐਲਾਨ ਕਰਦਾ ਸੀ ਕਿ ਨਾਮਧਾਰੀ ਸਿੱਖ ਅੰਗਰੇਜ਼ਾਂ ਦੇ ਗ਼ੁਲਾਮੀ-ਪ੍ਰਬੰਧ ਤੋਂ ਬਗ਼ੈਰ ਵੀ ਜ਼ਿੰਦਗੀ ਗੁਜ਼ਾਰ ਸਕਦੇ ਸਨ ! ਚਿੱਠੀ ਪੱਤਰ ਦਾ ਆਪਣਾ ਪ੍ਰਬੰਧ ਕਰਨ ਦੇ ਅਰਥ ਇਹ ਸਨ ਕਿ ਗੌਰਮਿੰਟ ਨੂੰ ਆਪਣੀਆਂ ਖ਼ੁਫ਼ੀਆ ਕਾਰਵਾਈਆਂ ਤੋਂ ਜਾਣੂੰ ਨਾ ਹੋਣ ਦਿਤਾ ਜਾਵੇ। ਇਹ ਇਕ ਤਰ੍ਹਾਂ ਅੰਗਰੇਜ਼ ਰਾਜ ਨਾਲ ਨਾਮਿਲਵਰਤਨ ਕਰਨ ਦੀ ਖੁੱਲ੍ਹੀ ਵਿਉਂਤ ਸੀ ਜਿਹੜੀ ਮਹਾਤਮਾ ਗਾਂਧੀ ਦੀ ਨਾਮਿਲਵਰਤਨ ਤੋਂ, ਵੱਧ ਜਾਂ ਘਟ, ਪੰਜਾਹ ਸਾਲ ਪਹਿਲੋਂ ਗੁਰੂ ਰਾਮ ਸਿੰਘ ਨੇ ਵਜੂਦ ਵਿਚ ਲਿਆਂਦੀ ਸੀ।

ਅਤੇ ਤੀਜਾ ਅੰਗ 'ਸਤਗੁਰੂ ਪਾਤਸ਼ਾਹ' ਸੀ। ਅੰਗਰੇਜ਼ਾਂ ਦੇ ਸ਼ਬਦ-ਕੋਸ਼ ਵਿਚ ਪਾਤਸ਼ਾਹ ਇਕੋ ਹੀ ਸੀ ਉਹ ਸੀ ਮਹਾਰਾਣੀ ਵਿਕਟੋਰੀਆ ਜਾਂ ਉਸ ਦੇ ਖ਼ਣਵਾਦੇ ਵਿਚੋਂ ਹੋਰ ਕੋਈ ਕਿੰਗ ਐਡਵਰਡ ਵਗ਼ੈਰਾ ! ਗ਼ੁਲਾਮ ਹਿੰਦੁਸਤਾਨ ਵਿਚ ਕਿਸੇ ਗੁਰੂ ਜਾਂ ਆਗੂ ਨਾਲ 'ਪਾਤਸ਼ਾਹ' ਦਾ ਸ਼ਬਦ ਜੋੜਨਾ ਅੰਗਰੇਜ਼ ਰਾਜ ਵਿਰੁਧ ਬਗ਼ਾਵਤ ਕਰਨ ਦੇ ਸਮ-ਅਰਥਕ ਗਰਦਾਨਿਆ ਜਾਂਦਾ ਸੀ। ਇਸ ਲਈ ਗੁਰੂ ਰਾਮ ਸਿੰਘ ਜੀ ਦੇ ਨਾਮ ਨਾਲ ਸ਼ਰਧਾਲੂਆਂ ਵਲੋਂ 'ਪਾਤਸ਼ਾਹ' ਦਾ ਸ਼ਬਦ ਜੋੜਨਾ, ਅੰਗਰੇਜ਼ ਹਾਕਮਾਂ ਦੀ ਨਜ਼ਰ ਵਿਚ, ਕੂਕਾ ਤਹਿਰੀਕ ਨੂੰ ਬਾਗ਼ੀ ਠਹਿਰਾਂਦਾ ਸੀ। ਅੰਗਰੇਜ਼ ਹਾਕਮ ਇਹ ਸਮਝਣ ਦੀ ਸਮਰਥਾ ਨਹੀਂ ਸਨ ਰਖਦੇ, ਜਾਂ ਨਹੀਂ ਸਨ ਸਮਝਣਾ ਚਾਹੁੰਦੇ ਕਿ ਗੁਰੂ ਰਾਮ ਸਿੰਘ ਜੀ ਸ਼ਰਧਾਲੂ ਸਿੱਖਾਂ ਦੇ ਦਿਲਾਂ ਦੇ ਰੂਹਾਨੀ ਪਾਤਸ਼ਾਹ ਹਨ।

ਇਸ ਲਈ ਅੰਗਰੇਜ਼ ਹਾਕਮਾਂ ਨੇ ਨਾਮਧਾਰੀਆਂ ਦੇ ਇਸ ਪ੍ਰੋਗਰਾਮ ਨੂੰ ਆਪਣੀ ਸਰਕਾਰ ਦੇ ਖ਼ਿਲਾਫ਼ ਇਕ ਸਮਾਨੰਤਰ (ਪੈਰੇਲਲ) ਸਰਕਾਰ ਸਮਝਿਆ ਅਤੇ ਇਸ ਨਾਲ ਬਾਗ਼ੀਆਂ ਵਾਲਾ ਸਲੂਕ ਕੀਤਾ ! ਅੰਗਰੇਜ਼ ਆਪਣੇ ਰਾਜ ਨੂੰ ਭਾਰਤ ਵਿਚ ਸਦੀਵੀ ਕਾਇਮ ਰੱਖਣ ਦੇ ਸੁਪਨੇ ਲੈ ਰਹੇ ਸਨ। ਉਹ ਪੰਜਾਬ ਵਿਚ ਰੇ ਹੋਰਥੇ ਕੋਈ ਤਹਿਰੀਕ ਨਹੀਂ ਸਨ ਉੱਠਣ ਦੇਣਾ ਚਾਹੁੰਦੇ। ਜਿਹੜੀ ਕਲ੍ਹ ਜਾਂ ਪਰਸੋਂ ਨੂੰ ਉਨ੍ਹਾਂ ਦੇ ਰਾਜ ਵਿਰੁਧ ਲੋਹਾ ਲੈਣ ਦੇ ਯੋਗ ਹੋ ਸਕੇ। ਉਨ੍ਹਾਂ ਦੇ ਜਾਸੂਸ ਪੰਜਾਬੀ ਲੋਕਾਂ ਦੀ ਨਿੱਕੀ ਨਿੱਕੀ ਗੱਲ ਦੀ ਰੀਪੋਰਟ ਦੇਂਦੇ ਸਨ। ਸਿੱਖਾਂ ਦਾ ਰਾਜ ਖੋਹਣ ਤੇ ਉਨ੍ਹਾਂ ਨਾਲ ਦਗਾ ਕਰਨ ਕਰ ਕੇ ਅੰਗਰੇਜ਼ ਹਾਕਮ ਆਪਣੇ ਰਾਜ ਲਈ ਸਿੱਖਾਂ ਤੋਂ ਬੜਾ ਖ਼ਤਰਾ ਮਹਿਸੂਸ ਕਰਦੇ ਸਨ। ਗੁਰੂ ਰਾਮ ਸਿੰਘ ਪਾਤਸ਼ਾਹ ਜੀ ਦੇ ਲਗਾਤਾਰ ਵਧ ਰਹੇ ਰਸੂਖ਼, ਸੂਬਿਆਂ ਤੇ ਨਾਇਬ ਸੂਬਿਆਂ ਦੀਆਂ ਥਾਂ ਥਾਂ ਜਥੇ-ਬੰਦਕ ਕਾਰਵਾਈਆਂ, ਅਤੇ ਨਾਮਧਾਰੀ ਸੰਸਥਾ ਦੇ ਨਾ-ਮਿਲ-ਵਰਤਨੀ ਪ੍ਰੋਗਰਾਮ ਨੇ ਅੰਗਰੇਜ਼ ਰਾਜ ਦੇ ਕਰਤਿਆਂ ਧਰਤਿਆਂ ਨੂੰ ਇਕ ਦਮ ਚੌਕੰਨੇ ਤੇ ਸਾਵਧਾਨ ਕਰ ਦਿਤਾ ਅਤੇ ਉਨ੍ਹਾਂ ਨੇ ਇਸ ਤਹਿਰੀਕ ਨੂੰ ਕੁਚਲਣ ਲਈ ਰੱਸੇ ਪੈੜੇ ਵੱਟਣੇ ਸ਼ੁਰੂ ਕਰ ਦਿਤੇ।

ਇਸ ਪ੍ਰਸੰਗ ਵਿਚ ਅੰਗਰੇਜ਼ ਹਾਕਮਾਂ ਨੂੰ ਦੋ ਖ਼ਤਰਨਾਕ ਖ਼ਬਰਾਂ ਹੋਰ ਮਿਲੀਆਂ। ਇਕ ਇਹ ਕਿ ਕੂਕੇ ਨੇਪਾਲ ਤੇ ਕਸ਼ਮੀਰ ਦੀਆਂ ਫ਼ੌਜਾਂ ਵਿਚ ਭਰਤੀ ਹੋ ਰਹੇ ਸਨ। ਅਤੇ ਜੰਗ ਦੇ ਹਥਿਆਰਾਂ ਦੀ ਵਰਤੋਂ ਵਿਚ ਨਿਪੁੰਨਤਾ ਹਾਸਲ ਕਰ ਰਹੇ ਹਨ; ਦੂਜੇ ਇਹ ਕਿ ਉਹ ਜ਼ਾਰ ਰੂਸ ਨਾਲ ਆਂਢਾ ਸਾਂਢਾ ਕਰ ਰਹੇ ਸਨ। ਖ਼ੁਦ ਅੰਗਰੇਜ਼ ਹਾਕਮਾਂ ਨੇ ਹਿੰਦੁਸਤਾਨ ਭਰ ਵਿਚ ਚਿਰਾਂ ਤੋਂ ਇਹ ਪਰਚਾਰ ਸ਼ੁਰੂ ਕੀਤਾ ਹੋਇਆ ਸੀ ਕਿ ਹਿੰਦੁਸਤਾਨ ਨੂੰ ਰੂਸ ਤੋਂ ਬੜਾ ਖ਼ਤਰਾ ਹੈ। ਰੂਸ ਦਾ ਜ਼ਾਰ ਬੜਾ ਖ਼ੂੰਖ਼ਾਰ ਤੇ ਜ਼ਾਲਮ ਬਾਦਸ਼ਾਹ ਹੈ। ਉਹ ਹਿੰਦੁਸਤਾਨ ਤੇ ਹਮਲਾ ਕਰਨ ਹੀ ਵਾਲਾ ਹੈ ! ਅੰਗਰੇਜ਼ ਹਾਕਮ ਹਿੰਦੁਸਤਾਨ ਨੂੰ ਉਸ ਦੇ ਜ਼ਾਲਮ ਪੰਜੇ ਤੋਂ ਬਚਾ ਕੇ ਰਖਣਾ ਚਾਹੁੰਦੇ ਹਨ, ਵਗ਼ੈਰਾ, ਵਗ਼ੈਰਾ ! ਇਸ ਲਈ 'ਮਲੇਛ ਫ਼ਰੰਗੀਆਂ' ਦੇ ਹੱਥ ਵਿਚ ਕੂਕਿਆਂ ਦੇ ਵਿਰੁਧ ਦੋ ਜ਼ਬਰਦਸਤ ਹਥਿਆਰ ਹੋਰ ਆ ਗਏ। ਉਹ ਇਸ ਤਹਿਰੀਕ ਤੇ ਵਾਰ ਕਰਨ ਲਈ ਤਿਆਰੀਆਂ ਕਰ ਹੀ ਰਹੇ ਸਨ ਜਦੋਂ ਅੰਮ੍ਰਿਤਸਰ ਤੇ ਰਾਏਕੋਟ ਵਿਚ ਨਾਮਧਾਰੀਆਂ ਵਲੋਂ ਬੁੱਚੜਾਂ ਦੇ ਕਤਲ ਕੀਤੇ ਜਾਣ ਨੇ ਉਨ੍ਹਾਂ ਨੂੰ ਵਾਰ ਕਰਨ ਦਾ ਮੌਕਿਆ ਮੁਹੱਈਆ ਕਰ ਦਿਤਾ।

ਇਸ ਲਈ ਬ੍ਰਿਟਿਸ਼ ਹਾਕਮਾਂ ਵਲੋਂ ਕੂਕਾ ਲਹਿਰ ਤੇ ਵਾਰ ਕਰਨ ਦਾ ਅਸਲ ਕਾਰਨ ਨਾਮਧਾਰੀਆਂ ਦੀ ਵਧ ਰਹੀ ਸ਼ਕਤੀ ਅਤੇ ਜਥੇਬੰਦਕ ਡਿਸਿਪਲਿਨ ਸੀ। ਕੂਕੇ ਥੋੜੇ ਸਾਲਾਂ ਵਿਚ ਹੀ ਲੱਖਾਂ ਦੀ ਗਿਣਤੀ ਵਿਚ ਕੂਕਾ ਪੰਥ ਵਿਚ ਸ਼ਾਮਲ ਹੋ ਗਏ ਸਨ। ਉਨ੍ਹਾਂ ਦਾ ਗੁਰੂ ਗ਼ਰੀਬ ਸ਼੍ਰੇਣੀ ਵਿਚ ਪੈਦਾ ਹੋਇਆ ਸੀ ਅਤੇ ਗ਼ਰੀਬ ਤੇ ਦਲਿਤ ਸ਼੍ਰੇਣੀਆਂ ਦੀ ਰੂਹਾਨੀ ਤੇ ਰਾਜਸੀ ਆਜ਼ਾਦੀ ਦਾ ਪੈਗ਼ਾਮ ਲੈ ਕੇ ਆਇਆ ਸੀ।

Namdhari Elibrary NamdhariElibrary@gmail.com

ਉਸ ਦੇ ਅੰਗਰੇਜ਼ ਰਾਜ ਨਾਲ ਨਾ-ਮਿਲਵਰਤਨ ਦੇ ਪ੍ਰੋਗਰਾਮ ਨੇ ਆਮ ਪੰਜਾਬੀਆਂ ਦੇ ਦਿਲਾਂ ਵਿਚ ਪੰਜਾਬ ਦੀ ਆਜ਼ਾਦੀ ਮੁੜ ਬਹਾਲ ਕਰਨ ਦੇ ਜਜ਼ਬੇ ਉਭਾਰੇ ਸਨ, ਪੰਜਾਬੀ ਗ਼ੈਰਤ ਤੇ ਅਣਖ ਨੂੰ ਪੈਰਾਂ ਤੇ ਖਲੋਣ ਲਈ ਟੁੰਬਿਆ ਸੀ ਅਤੇ ਪੰਜਾਬ ਦੇ ਲੋਕਾਂ ਅੰਦਰ ਇਕ ਨਵੀਂ ਅਣਖੀਲੀ ਮਰਦਾਨਗੀ ਦੀ ਰੂਹ ਭਰ ਦਿਤੀ ਸੀ ਜਿਸ ਦੇ ਕਾਰਨ ਨਾਮਧਾਰੀ ਸ਼ੇਰ ਹਥੇਲੀਆਂ ਤੇ ਸਿਰ ਰਖ ਕੇ ਅੰਗਰੇਜ਼ ਰਾਜ ਦੇ ਖ਼ਿਲਾਫ਼ ਜੂਝਣ ਲਈ ਸੀਨਾ ਤਾਣ ਕੇ ਖਲੋ ਗਏ ਸਨ।

ਅਤੇ ਅੰਗਰੇਜ਼ ਅਫ਼ਸਰਾਂ ਦੀਆਂ ਖ਼ੁਫ਼ੀਆ ਰਿਪੋਰਟਾਂ ਉਤਲੀ ਸਥਿਤੀ ਦੀ ਤਸਦੀਕ ਕਰਦੀਆਂ ਹਨ। ਉਹ ਸਾਫ਼ ਸ਼ਬਦਾਂ ਵਿਚ ਕਹਿੰਦੀਆਂ ਹਨ ਕਿ "ਇਹ ਲਹਿਰ ਰਾਜਸੀ ਹੈ। ਖ਼ਾਲਸ ਧਾਰਮਕ ਨਹੀਂ।" "ਗੁਰੂ ਰਾਮ ਸਿੰਘ ਇਕ ਐਸੀ ਸੰਸਥਾ ਦਾ ਆਗੂ ਹੈ ਜੋ ਖ਼ਾਲਸਾ ਰਾਜ ਨੂੰ ਮੁੜ ਸੁਰਜੀਤ ਕਰਨ ਦੀ ਆਸ ਵਿਚ ਅੰਗਰੇਜ਼ ਰਾਜ ਦਾ ਦੁਸ਼ਮਣ ਹੈ।" ਜੇ ਇਸ ਤਹਿਰੀਕ ਦੇ, ਛੇਤੀ ਤੋਂ ਛੇਤੀ, ਮੱਕੂ ਬੰਨ੍ਹਣ ਦਾ ਬੰਦੋਬਸਤ ਨਾ ਕੀਤਾ ਗਿਆ ਤਾਂ "ਫ਼ਸਾਦ ਅਤੇ ਬੁਰਿਆਈ (!?) ਦੀਆਂ ਬੁਨਿਆਦਾਂ ਤੇ ਖੜੀ ਕੀਤੀ ਗਈ ਇਹ ਲਹਿਰ ਆਉਣ ਵਾਲੇ ਸਮੇਂ ਵਿਚ ਬੜੇ ਵਡੇ ਖ਼ਤਰਿਆਂ ਅਤੇ ਤੋੜ-ਫੋੜਕ ਘਟਨਾਵਾਂ ਦੀ ਜਨਮ ਦਾਤਾ ਬਣ ਸਕਦੀ ਹੈ।"

ਅੰਗਰੇਜ਼ ਅਫ਼ਸਰ, ਅਸਲ ਵਿਚ, ਕੋਈ ਬਹਾਨਾ ਲਭਦੇ ਸਨ ਜਿਸ ਨੂੰ ਵਰਤ ਕੇ ਇਸ ਲਹਿਰ ਨੂੰ ਰਾਜ-ਮਸ਼ੀਨਰੀ ਦੇ ਇਹੋ ਜਿਹੇ ਬੇਕਿਰਕ, ਵਹਿਸ਼ੀਆਨਾ ਭਰਪੂਰ ਤਸ਼ੱਦਦ ਨਾਲ ਕੁਚਲ ਦਿਤਾ ਜਾਏ। ਜੇਹੋ ਜਿਹਾ ਕਿ ਉਨ੍ਹਾਂ ਨੇ ੧੮੫੭ ਦੇ ਗ਼ਦਰੀਆਂ ਨੂੰ ਕੁਚਲਣ ਲਈ ਇਸਤੇਮਾਲ ਕੀਤਾ ਸੀ। ਜਾਇਪੁਰ ਦੇ ਬੁੱਚੜਾਂ ਦੇ ਕਤਲ ਨੇ ਅੰਗਰੇਜ਼ ਹਾਕਮਾਂ ਨੂੰ ਉਹ ਬਹਾਨਾ ਮੁਹੱਈਆ ਕਰ ਦਿਤਾ ਅਤੇ ਜਿਸ ਖ਼ੂੰਖ਼ਾਰ ਦਰਿੰਦਗੀ ਦਾ ਮੁਜ਼ਾਹਰਾ ਉਨ੍ਹਾਂ ਮਲੇਰ ਕੋਟਲੇ ਵਿਚ ਕੂਕਿਆਂ ਨੂੰ ਤੋਪਾਂ ਨਾਲ ਉਡਾਣ ਦਾ ਕੀਤਾ — ਉਸ ਦੀ ਮਿਸਾਲ ਸਿਰਫ਼ ਗ਼ਦਰ ਦੇ ਦੌਰਾਨ ਕੀਤੇ ਗਏ ਜ਼ੁਲਮਾਂ ਵਿਚੋਂ ਹੀ ਮਿਲਦੀ ਹੈ, ਹੋਰ ਕਿਤੇ ਇਤਿਹਾਸ ਵਿਚ ਨਹੀਂ ਮਿਲਦੀ।

ਅੰਗਰੇਜ਼ ਹਾਕਮਾਂ ਦਾ ਮਕਸਦ ਇਸ ਵੇਲੇ ਸਿਰਫ਼ ਕੂਕਾ ਲਹਿਰ ਨੂੰ ਹੀ ਜੜ੍ਹਾਂ ਤੋਂ ਪੁਟਣਾ ਨਹੀਂ ਸੀ — ਇਹ ਵੀ ਸੀ ਕਿ ਪੰਜਾਬ ਵਿਚ ਅਗੋਂ ਸਰਕਾਰ-ਵਿਰੋਧੀ ਕੋਈ ਵੀ ਤਹਿਰੀਕ ਨਾ ਸਿਰ ਉਠਾ ਸਕੇ। ਇਤਿਹਾਸ ਗੁਆਹ ਹੈ ਕਿ ਸਰਕਾਰਾਂ ਦੇ ਏਹੋ ਜੇਹੇ ਮਕਸਦ ਨਾ ਕਦੇ ਪਿੱਛੇ ਸਫਲ ਹੋਏ ਹਨ ਅਤੇ ਨਾ ਕਦੇ ਅਗੋਂ ਹੋਣੇ ਹਨ। ਸਰਕਾਰਾਂ ਨੇ ਬੰਦੂਕਾਂ ਤੋਪਾਂ ਦੇ ਭਰੋਸੇ ਜਨਤਾ ਦੇ ਜਥੇਬੰਦ ਸੰਗਰਾਮਾਂ ਨੂੰ ਹਮੇਸ਼ਾ ਘਟ ਤੋਲਿਆ ਹੈ ਅਤੇ ਇਸ ਗ਼ਲਤੀ ਦਾ ਮੁੱਲ ਆਪਣੇ ਬਿਸਤਰੇ ਗੋਲ ਕਰਨ ਵਿਚ ਤਾਰਿਆ ਹੈ।

ਕੂਕਾ ਲਹਿਰ ਵਕਤੀ ਤੌਰ ਤੇ ਕੁਚਲ ਦਿਤੀ ਗਈ, ਪਰ ਜਿਸ ਬਹਾਦਰੀ ਨਾਲ ਕੂਕਿਆਂ ਨੇ ਆਪਣੇ ਸੀਸ ਦਿਤੇ ਸਨ, ਉਹ ਬਹਾਦਰੀ ਨਵੀਆਂ ਰਾਜਸੀ ਲਹਿਰਾਂ ਦਾ ਉਤਸਾਹ-ਜਨਕ ਝੰਡਾ ਬਣ ਗਈ। ਗੁਰੂ ਰਾਮ ਸਿੰਘ ਦੇਸ਼ ਦੀ ਆਜ਼ਾਦੀ ਦਾ ਪ੍ਰੇਰਨਾਸ਼ੀਲ ਚਿੰਨ੍ਹ ਬਣ ਗਿਆ। ਸਦੀਵੀ ਰਾਜ ਕਰਨ ਦੇ ਖ਼ਾਬ ਲੈਣ ਵਾਲੇ ਅੰਗਰੇਜ਼ ਹਾਕਮਾਂ ਨੂੰ ਬੋਰੀਆ ਬਿਸਤਰਾ ਵਲ੍ਹੇਟ ਕੇ ਹਿੰਦੁਸਤਾਨ ਵਿਚੋਂ ਜਾਣਾ ਪਿਆ। ਅਤੇ ਭਾਰਤ ਆਜ਼ਾਦ ਹੋ ਗਿਆ।

ਇਹ ਹੈ ਕੂਕਾ ਬਗ਼ਾਵਤ ਦੀ ਇਤਿਹਾਸਕ ਮਹਾਨਤਾ। ਗ਼ਦਰ ਦੇ ਕੁਚਲੇ ਜਾਣ ਪਿਛੋਂ ਇਹ ਪਹਿਲੀ ਤਹਿਰੀਕ ਸੀ ਜਿਹੜੀ ਦੇਸ ਦੀ ਆਜ਼ਾਦੀ ਲਈ ਉਠੀ।

ਜ਼ਿੰਦਗੀ ਦੇ ਸੰਘਰਸ਼ਾਂ ਦੇ ਮੂਲ ਵਿਚ ਵਿਚਾਰਾਂ ਦਾ ਟਕਰਾਓ ਰਹਿੰਦਾ ਹੈ — ਇਹ ਟਕਰਾਓ ਸਹੀ ਅਤੇ ਝੂਠੀਆਂ ਧਾਰਨਾਵਾਂ ਵਿਚਕਾਰ ਹੁੰਦਾ ਹੈ।

ਸੁਭਾਸ਼ ਚੰਦਰ ਬੋਸ

Namdhari Elibrary NamdhariElibrary@gmail.com

ਬਾਬਾ ਰਾਮ ਸਿੰਘ ਜੀ ਤੇ ਕੂਕਾ ਲਹਿਰ ਦਾ ਸਮਾਜੀ ਮਹੱਤਵ

ਗੁਰਬਖ਼ਸ਼ ਸਿੰਘ ਪ੍ਰੀਤ ਲੜੀ

ਆਪਣੇ ਸਮੇਂ ਦੀ ਅਦੁੱਤੀ ਸ਼ਖ਼ਸੀਅਤ, ਬਾਬਾ ਰਾਮ ਸਿੰਘ ਜੀ ਨਾਲ ਆਮ ਪੰਜਾਬੀਆਂ ਨੇ ਪੂਰਾ ਇਨਸਾਫ਼ ਨਹੀਂ ਕੀਤਾ। ਉਨ੍ਹਾਂ ਨੂੰ ਇਕ ਨਵੇਂ ਧਾਰਮਕ ਫ਼ਿਰਕੇ ਦਾ ਕੇਵਲ ਨਿਰਮਾਤਾ ਸਮਝ ਕੇ ਹੀ ਉਨ੍ਹਾਂ ਦੀ ਮਹਾਨਤਾ ਵਲ ਗਹੁ ਨਹੀਂ ਕੀਤਾ। ਸਿੱਖ ਰਿਆਸਤਾਂ ਤੇ ਜਥੇਬੰਦ ਸਿੱਖ ਪੰਥ ਨੇ ਸਗੋਂ ਉਨ੍ਹਾਂ ਦਾ ਬਾਈਕਾਟ ਵੀ ਕਰੀ ਰਖਿਆ, ਤੇ ਜਦੋਂ ੧੮੭੨ ਵਿਚ ਉਨ੍ਹਾਂ ਨੂੰ ਅੰਗਰੇਜ਼ ਸਰਕਾਰ ਨੇ ਬਿਨਾਂ ਨਿਰਪਖ ਪੜਤਾਲ ਜਲਾਵਤਨ ਕਰ ਕੇ ਬਰਮਾ ਭੇਜ ਦਿਤਾ, ਤਾਂ ਸਿੱਖ ਰਾਜਿਆਂ ਤੇ ਆਪਣੇ ਆਪ ਨੂੰ ਸਿੱਖ ਪੰਥ ਸਮਝਣ ਵਾਲਿਆਂ ਨੇ ਹਾਕਮਾਂ ਨੂੰ ਵਧਾਈਆਂ ਦਿਤੀਆਂ।

ਪਰ ਬਾਬਾ ਰਾਮ ਸਿੰਘ ਜੀ ਇਕ ਸੁੱਚੀ, ਪ੍ਰਭਾਵਸ਼ਾਲੀ ਤੇ ਮਿਕਨਾਤੀਸੀ ਛੁਹ ਵਾਲੀ ਆਤਮਾ ਸਨ, ਜਿਨ੍ਹਾਂ ਦਾ ਮਨੋਰਥ ਕੋਈ ਨਵਾਂ ਪੰਥ ਚਲਾਣਾ ਨਹੀਂ ਸੀ, ਉਹ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਨੂੰ ਮਨੁੱਖਾਂ ਲਈ ਸ਼੍ਰੋਮਣੀ ਪੰਥ ਸਮਝਦੇ ਸਨ। ਉਨ੍ਹਾਂ ਦਾ ਮਨੋਰਥ ਇਕ ਨਵਾਂ ਸਮਾਜ ਕਇਮ ਕਰਨਾ ਸੀ, ਜਿਦ੍ਹੇ ਵਿਚ ਕੋਈ ਸਮਾਜੀ ਜਬਰ ਨਾ ਹੋਵੇ, ਨਾ ਕੋਈ ਵਹਿਮ-ਪ੍ਰਸਤੀ ਤੇ ਨਾ ਵਖਾਲਾ ਹੋਵੇ, ਨਾ ਅਮੀਰਾਂ ਦਾ ਗ਼ਰੀਬਾਂ ਉਤੇ ਦਬਦਬਾ ਹੋਵੇ। ਹਰ ਮਨੁੱਖ ਆਪਣੀ ਕਿਰਤ ਕਮਾਈ ਨਾਲ ਜੀਵੇ, ਉਹ ਅਮੀਰ ਹੋਵੇ ਜਾਂ ਸਾਧੂ ਮਹਾਤਮਾ ਹੋਵੇ, ਬਿਨਾਂ ਕਿਰਤ ਉਹਦਾ ਧਰਤੀ ਦੀ ਦੌਲਤ ਉਤੇ ਕੋਈ ਹੱਕ ਨਾ ਹੋਵੇ। ਆਪ ਬਾਬਾ ਜੀ ਤੋੜ ੧੮੭੨ ਤਕ ਭੈਣੀ ਪਿੰਡ ਵਿਚ ਕਰਿਆਨੇ ਦੀ ਦੁਕਾਨ ਕਰਦੇ ਰਹੇ।

ਗੁਰੂ ਗੋਬਿੰਦ ਸਿੰਘ ਜੀ ਮੁਗ਼ਲ ਰਾਜ ਦੇ ਤਸ਼ੱਦਦ ਨੂੰ ਖ਼ਤਮ ਕਰਨ ਵਾਲੀ ਜੰਗਿ-ਆਜ਼ਾਦੀ ਦੇ ਮੋਢੀ ਸਨ। ਆਪਣੀ ਉਮਰ ਵਿਚ ਉਹ ਏਸ ਤਸ਼ੱਦਦ ਨੂੰ ਖ਼ਤਮ ਨਾ ਕਰ ਸਕੇ, ਪਰ ਉਹ ਇਹੋ ਜਿਹੀ ਕੋਈ ਰੂਹ ਖ਼ਾਲਸੇ ਵਿਚ ਫੂਕ ਗਏ, ਕਿ ਉਨ੍ਹਾਂ ਤੋਂ ਪਿਛੋਂ ੯੦ ਸਾਲਾਂ ਦੇ ਅੰਦਰ ਹੀ ਪੰਜਾਬ ਵਿਚ ਖ਼ਾਲਸੇ ਦਾ ਰਾਜ ਅਸਥਾਪਨ ਹੋ ਗਿਆ।

ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵੇਖ ਲਿਆ ਸੀ, ਕਿ ਜਦ ਤਕ ਆਜ਼ਾਦੀ ਚਾਹੁਣ ਵਾਲਿਆਂ ਦਾ ਆਪਣਾ ਚਰਿਤ੍ਰ ਮਜ਼ਬੂਤ ਨਹੀਂ ਹੁੰਦਾ, ਓਦੋਂ ਤਕ ਉਨ੍ਹਾਂ ਦਾ ਆਜ਼ਾਦੀ ਲਈ ਸੁਪਨਾ ਵੀ ਪੂਰਾ ਨਹੀਂ ਹੋ ਸਕਦਾ। ਏਸੇ ਲਈ ਉਨ੍ਹਾਂ ਨੇ ਖ਼ਾਲਸਾ ਸਾਜਿਆ, ਤੇ ਖ਼ਾਲਸੇ ਨੂੰ ਪੂਰਨ ਰਹਿਤ ਬਹਿਤ ਤੇ ਮਰਯਾਦਾ ਸਿਖਾਈ, ਫ਼ੌਜੀ ਹੁਨਰ ਵਿਚ ਪਰਪਕ ਕੀਤਾ। ਓਦੋਂ ਹਥਿਆਰਾਂ ਉਤੇ ਕੋਈ ਬੰਦਸ਼ ਨਹੀਂ ਸੀ, ਉਨ੍ਹਾਂ ਨੇ ਆਜ਼ਾਦੀ ਦੇ ਜੋਧਿਆਂ ਨੂੰ ਹਥਿਆਰਾਂ ਨਾਲ ਲੈਸ ਕਰ ਕੇ ਇਕ ਇਕ ਵਿਚ ਸਵਾ ਲੱਖ ਦੇ ਮੁਕਾਬਲੇ ਦੀ ਸ਼ਕਤੀ ਦਾ ਅਹਿਸਾਸ ਪੈਦਾ ਕਰ ਦਿਤਾ। ਮਨੋਰਥ ਕੋਈ ਨਵਾਂ ਧਰਮ ਚਲਾਣਾ ਨਹੀਂ ਸੀ, ਸਿਰਫ਼ ਜੀਵਨ ਲਈ ਨਵੇਂ ਪੰਥ (ਮਾਰਗ) ਦੀ ਸੇਧ ਦੇਣਾ ਸੀ।

ਇਨ ਬਿਨ ਇਹੋ ਕੁਝ ਬਾਬਾ ਰਾਮ ਸਿੰਘ ਜੀ ਨੇ ਕੀਤਾ। ਬਾਬਾ ਜੀ ਅੰਗਰੇਜ਼ਾਂ ਕੋਲੋਂ ਆਜ਼ਾਦੀ ਲੈਣ ਦੀ ਤਹਿਰੀਕ ਦੇ ਬਾਨੀ ਸਨ। ਉਹ ਵੀ ਆਪਣੀ ਉਮਰ ਵਿਚ ਆਪਣੀ ਮੰਜ਼ਲ ਉਤੇ ਨਾ ਪਹੁੰਚ ਸਕੇ। ਆਪਣਾ ਅੰਦੋਲਨ ਉਨ੍ਹਾਂ ਨੇ ੧੮੫੭ ਵਿਚ ਆਰੰਭਿਆ ਸੀ, ਤੇ ਠੀਕ ੯੦ ਵਰ੍ਹਿਆਂ ਬਾਅਦ ੧੯੪੭ ਵਿਚ ਭਾਰਤ ਨੂੰ ਆਜ਼ਾਦੀ ਮਿਲ ਗਈ।

ਬਾਬਾ ਰਾਮ ਸਿੰਘ ਜੀ ਸਾਰੇ ਪੰਜਾਬ ਨੂੰ ਬਦੇਸ਼ੀ ਹਕੂਮਤ ਦੀ ਹੇਠੀ ਤੋਂ ਸੁਰਖ਼ਰੂ ਕਰਾਣਾ ਅਹੁੜਦੇ ਸਨ। ਇਹਦੇ ਲਈ ਉਨ੍ਹਾਂ ਪਹਿਲੀ ਲੋੜ ਇਹ ਜਾਤੀ ਕਿ ਲੋਕਾਂ ਨੂੰ ਵਹਿਮ-ਪ੍ਰਸਤੀ ਤੋਂ ਮੋੜ ਕੇ ਉਨ੍ਹਾਂ ਵਿਚੋਂ ਇਕ ਸੰਤ ਖ਼ਾਲਸਾ ਲਸ਼ਕਰ ਤਿਆਰ ਕੀਤਾ ਜਾਏ, ਜਿਸ ਲਸ਼ਕਰ ਨੂੰ ਨਿੱਜੀ ਮੁਕਤੀ ਜਾਂ ਨਿੱਜੀ ਅਮੀਰੀ ਦੀ ਕੋਈ ਲਾਲਸਾ ਨਾ ਹੋਵੇ, ਜਿਹੜਾ ਰੂਹਾਨੀ ਤੇ ਜਿਸਮਾਨੀ ਪਖੋਂ ਸ਼ਕਤੀਸ਼ਾਲੀ ਹੋਵੇ।

Namdhari Elibrary NamdhariElibrary@gmail.com

ਬਾਬਾ ਜੀ ਬਚਪਨ ਵਿਚ ਹੀ ਇਕ ਨਿਰਾਲੀ ਹੋਣ-ਹਾਰੀ ਦਾ ਸੰਦੇਸ਼ ਸਨ। ਵੀਹ ਵਰ੍ਹਿਆਂ ਦੀ ਉਮਰ ਵਿਚ ਫ਼ੌਜੀ ਤਜਰਬਾ ਹਾਸਲ ਕਰਨ ਲਈ ਉਹ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿਚ ਸਿਪਾਹੀ ਭਰਤੀ ਹੋ ਗਏ। ਪਰ ਉਸ ਸਮੇਂ ਸਿੱਖ ਫ਼ੌਜ ਵਿਚ ਬੜੀ ਢਿਲਾਈ ਤੇ ਅਨੇਕਾਂ ਕੁਰੀਤੀਆਂ ਆ ਚੁਕੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੇ ਜਿਹੜੀਆਂ ਜਗੀਰਾਂ ਸਿੱਖ ਸਰਦਾਰਾਂ ਨੂੰ ਦਿਤੀਆਂ ਸਨ, ਉਨ੍ਹਾਂ ਜਗੀਰਾਂ ਦੇ ਅਫਰਾ ਨੇ ਸਿੱਖ ਚਰਿਤ੍ਰ ਪਾਤਾਲੇ ਡੇਗ ਛਡਿਆ ਸੀ, ਤੇ ਮਹਾਰਾਜੇ ਦੀ ਆਪਣੀ ਸਿਹਤ ਬਹੁਤ ਕਮਜ਼ੋਰ ਹੋ ਚੁਕੀ ਸੀ। ਸਿੱਖ ਫ਼ੌਜ ਤੇ ਸਿੱਖ ਸਰਕਾਰ ਈਰਖਾ ਤੇ ਫੁੱਟ ਦਾ ਸ਼ਿਕਾਰ ਹੋ ਚੁੱਕੀਆਂ ਸਨ। ਬਾਬਾ ਜੀ ਸ਼ੁੱਧ ਆਚਾਰ ਦਾ ਇਕ ਨਮੂਨਾ ਸਨ। ਉਨ੍ਹਾਂ ਨੂੰ ਫ਼ੌਜ ਵਿਚ "ਭਾਈ ਰਾਮ ਸਿੰਘ" ਆਖਿਆ ਜਾਣ ਲਗ ਪਿਆ। ਉਸ ਸਮੇਂ "ਭਾਈ" ਉੱਚਤਾ ਦਾ ਪ੍ਰਤੀਕ ਸੀ, ਅੱਜ ਵਾਂਗ ਅਨ-ਪੜ੍ਹਤਾ ਤੇ ਪੁਰਾਤਨਤਾ ਦਾ ਲਕਬ ਨਹੀਂ ਸੀ। ਬਾਬਾ ਜੀ ਦੀ ਫ਼ੌਜ ਵਿਚ ਬੜੀ ਇੱਜ਼ਤ ਬਣ ਗਈ, ਪਰ ਉਹ ਪ੍ਰਚਲਤ ਫ਼ੌਜੀ ਚਰਿਤ੍ਰ ਦੇ ਦਲੇਰ ਆਲੋਚਕ ਹੋਣ ਕਰਕੇ ਅਫ਼ਸਰਾਂ ਨੂੰ ਪਸੰਦ ਨਹੀਂ ਸਨ ਆ ਸਕੇ। ਬਾਬਾ ਜੀ ਖੁਲ੍ਹਮ-ਖੁਲ੍ਹਾ ਕਹਿ ਦੇਂਦੇ ਸਨ, ਕਿ ਜਿਹੜੀ ਫ਼ੌਜ ਆਪਣਾ ਚਰਿਤ੍ਰ ਨਿਰਸੰਦੇਹ ਨਹੀਂ ਰਖ ਸਕਦੀ, ਉਹ ਕਦੇ ਜੰਗ ਨਹੀਂ ਜਿੱਤ ਸਕੇਗੀ। ੧੮੩੯ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਦੇਹਾਂਤ ਹੋ ਗਿਆ। ਉਹਦੇ ਬਾਅਦ ਦੇ ਛੇਆਂ ਵਰ੍ਹਿਆਂ ਵਿਚ ਸਤ ਸਰਕਾਰਾਂ ਬਦਲੀਆਂ — ਕਈ ਕਤਲ ਹੋਏ, ਕੋਈ ਨੇਮ ਨਾ ਰਿਹਾ, ਕੋਈ ਤੁਕ ਨਾ ਰਿਹਾ।

੧੮੪੫ ਵਿਚ ਬਾਬਾ ਜੀ ਨੇ ਨੌਕਰੀ ਛਡ ਦਿਤੀ ਤੇ ਆਪਣੇ ਪਿੰਡ ਆ ਗਏ, ਜਿਥੇ ੧੮੧੬ ਵਿਚ ਉਨ੍ਹਾਂ ਦਾ ਜਨਮ ਹੋਇਆ ਸੀ। ਕਰਿਆਨੇ ਦੀ ਦੁਕਾਨ ਖੋਲ੍ਹ ਲਈ। ਦੁਕਾਨਦਾਰੀ ਦਾ ਮਨੋਰਥ ਲੋਕਾਂ ਦੀ ਸੇਵਾ ਤੇ ਆਪਣੀ ਕਿਰਤ ਨਾਲ ਪਰਵਾਰ ਦਾ ਗੁਜ਼ਾਰਾ ਸੀ। ਉਨ੍ਹਾਂ ਦੇ ਤਲਿਸਮੀ ਦਰਸ਼ਨਾਂ ਨਾਲ ਖਿੱਚੇ ਅਨੇਕਾਂ ਲੋਕ ਭੈਣੀ ਸਾਹਿਬ ਆਉਂਦੇ, ਬਾਬਾ ਜੀ ਦੇ ਉਪਦੇਸ਼ ਸੁਣਦੇ, ਤੇ ਰਹਿਨੁਮਾਈ ਮੰਗਦੇ। ਆਪਣੇ ਗੁਜ਼ਾਰੇ ਤੋਂ ਜੋ ਬਚਦਾ, ਉਹਦੇ ਨਾਲ ਉਹ ਆਇਆਂ ਗਿਆਂ ਲਈ ਲੰਗਰ ਚਾਲੂ ਰਖਦੇ। ਉਨ੍ਹਾਂ ਦੀ ਸੁਪਤਨੀ ਸਦਾ ਕੌਰ ਜੀ ਤੇ ਸਪੁਤ੍ਰੀਆਂ ਸੰਗਤਾਂ ਦੀ ਸੇਵਾ ਕਰਦੀਆਂ।

੧੮੪੫ ਵਿਚ ਅੰਗਰੇਜ਼-ਸਿੱਖ ਲੜਾਈ ਸ਼ੁਰੂ ਹੋ ਗਈ। ਜੀਕਰ ਬਾਬਾ ਜੀ ਆਖਿਆ ਕਰਦੇ ਸਨ, ਓਕਰ ਹੀ ਵੰਡੀ ਫੁੱਟੀ ਸਿੱਖ ਫ਼ੌਜ ਨੂੰ ਹਾਰ ਹੋ ਗਈ। ਸਾਰਾ ਪੰਜਾਬ ਅੰਗਰੇਜ਼ਾਂ ਨੇ ਹਥਿਆ ਲਿਆ। ਮਹਾਰਾਜਾ ਦਲੀਪ ਸਿੰਘ ਨੂੰ ਨਿਰਾਧਿਕਾਰ ਕੀਤਾ ਗਿਆ, ਸਾਰੀ ਸ਼ਾਹੀ ਜਾਇਦਾਦ ਲੜਾਈ ਦੇ ਹਰਜਾਨੇ ਵਜੋਂ ਅੰਗਰੇਜ਼ਾਂ ਸਾਂਭ ਲਈ, ਨਾਬਾਲਗ਼ ਮਹਾਰਾਜੇ ਨੂੰ ਸਾਕਾਂ ਸਨੇਹੀਆਂ ਨਾਲੋਂ ਨਖੇੜ ਕੇ ਇਕ ਅੰਗਰੇਜ਼ ਦੀ ਸਰਬਰਾਹੀ ਵਿਚ ਸੌਂਪ ਦਿਤਾ। ਏਸ ਸੰਗਤ ਦੇ ਪੱਛਮੀ ਅਸਰ ਹੇਠਾਂ ਮਹਾਰਾਜੇ ਨੇ ਈਸਾਈ ਹੋ ਜਾਣਾ ਪਰਵਾਨ ਕਰ ਲਿਆ, ਤੇ ਉਹਨੂੰ ਇੰਗਲੈਂਡ ਭੇਜ ਦਿਤਾ ਗਿਆ।

ਪੰਜਾਬ ਵਿਚ ਕਿਸੇ ਨੂੰ ਕੋਈ ਰੰਜ ਹੋਇਆ ਜਾਪਦਾ ਨਹੀਂ ਸੀ। ਰਿਆਸਤਾਂ ਕਾਇਮ ਰਹਿਣ ਕਰਕੇ ਰਿਆਸਤਾਂ ਦੇ ਸਰਦਾਰਾਂ ਨੇ ਅੰਗਰੇਜ਼ਾਂ ਨਾਲ ਵਫ਼ਾਦਾਰੀ ਦੀ ਸਹੁੰ ਚੁਕ ਲਈ ਸੀ। ਰਸਮੀ ਧਰਮ ਦੇ ਨੇਤਾ ਹਮੇਸ਼ਾਂ ਸਰਕਾਰ ਦੇ ਹੀ ਖ਼ੁਸ਼ਾਮਦੀ ਹੁੰਦੇ ਹਨ।

ਬਾਬਾ ਰਾਮ ਸਿੰਘ ਜੀ ਦੇ ਅੰਦਰ ਕਹਿਰਾਂ ਦਾ ਰੋਸ ਭੜਕ ਪਿਆ। ਸਿੱਖ ਸਰਦਾਰਾਂ ਦੀ ਐਸ਼ ਪ੍ਰਸਤੀ ਨੇ ਗੁਰੂ ਗੋਬਿੰਦ ਸਿੰਘ ਦੇ ਅਣਖੀ ਪੰਥ ਨੂੰ ਕੱਖੋਂ ਹੌਲਾ ਕਰ ਛਡਿਆ ਸੀ। ਪਰ ਬਾਬਾ ਜੀ ਦਾ ਇਹ ਵਿਸ਼ਵਾਸ ਸੀ ਕਿ ਜਦ ਤਕ ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਵਾਂਗ ਕੋਈ ਖ਼ਾਲਸ ਬੀਰਾਂ ਦਾ ਲਸ਼ਕਰ ਹੋਂਦ ਵਿਚ ਨਹੀਂ ਆਉਂਦਾ, ਓਦੋਂ ਤਕ ਅੰਗਰੇਜ਼ਾਂ ਕੋਲੋਂ ਸਾਡੀ ਖ਼ਲਾਸੀ ਨਹੀਂ ਹੋ ਸਕਦੀ। ਅੰਗਰੇਜ਼ਾਂ ਦਾ ਕੌਮੀ ਚਰਿਤ੍ਰ ਬੜਾ ਪੁਖ਼ਤਾ, ਤੇ ਨੇਮ-ਪਾਲਕ ਸੀ।

ਬਾਬਾ ਜੀ ਨੇ ਆਪਣੇ ਖ਼ਿਆਲਾਂ ਦਾ ਪਰਚਾਰ ਕਰਨਾ ਸ਼ੁਰੂ ਕਰ ਦਿਤਾ। ਉਨ੍ਹਾਂ ਦੀ ਸ਼ਖ਼ਸੀਅਤ ਵਿਚ ਇਹੋ ਜਿਹਾ ਚਮਤਕਾਰ ਸੀ, ਕਿ ਉਨ੍ਹਾਂ ਦੇ ਸ਼ਬਦਾਂ ਉਤੇ ਕੋਈ ਦੁਨੀਆਂ ਪਲਮਦੀ ਦਿਸਦੀ ਸੀ। ਉਨ੍ਹਾਂ ਦੀ ਭਜਨ ਬੰਦਗੀ ਤੇ ਸੁੱਚੀ ਸਫ਼ਲ ਕਿਰਤ ਦੀ ਸ਼ੋਭਾ ਵੀ ਚੁਤਰਫ਼ੀ ਖਿਲਰਦੀ ਗਈ। ਉਹ ਇਹ ਵੀ ਸਪਸ਼ਟ ਕਰ ਕੇ ਕਹਿੰਦੇ ਸਨ, ਕਿ ਭਜਨ ਬੰਦਗੀ ਸ਼ੁਭ ਕਰਮਾਂ ਲਈ ਪ੍ਰੇਰਨਾ ਦਾ ਸਾਧਨ ਹੈ; ਤੇ ਜੇ ਸਾਡਾ ਭਜਨ ਸਿਮਰਨ ਸਾਨੂੰ ਸ਼ੁਭ ਕਰਮਾਂ ਲਈ ਨਿਤ ਨਵੀਂ ਪ੍ਰੇਰਨਾ ਨਹੀਂ ਦੇਂਦਾ, ਤਾਂ ਉਹ ਨਿਹਫਲ ਵਖਾਲਾ ਹੈ।

੧੮੫੭ ਵਿਚ ਗ਼ਦਰ ਵਾਪਰ ਪਿਆ, ਬਾਬਾ ਜੀ ਨੂੰ ਇਹਦੀ ਸਫਲਤਾ ਵਿਚ ਭਰੋਸਾ ਨਹੀਂ ਸੀ। ਇਹ ਸਿਰਫ਼ ਫ਼ੌਜੀ ਲੋਕਾਂ ਦੀ ਅੰਗਰੇਜ਼ ਅਫ਼ਸਰਾਂ ਦੀ ਹੈਂਕੜ ਤੇ ਹਿੰਦੂ ਧਰਮ ਦੇ ਨਿਰਾਦਰ ਦੇ ਖ਼ਿਲਾਫ਼ ਭੜਕੀ ਹੋਈ ਅਸੰਤੁਸ਼ਟਤਾ ਸੀ। ਬਾਬਾ ਜੀ ਦੇ ਵਿਸ਼ਵਾਸ ਅਨੁਸਾਰ, ਜਦ ਤਕ ਜਨਤਾ ਵਿਚ ਰੋਸ ਦੀ ਤੜਪ ਨਹੀਂ ਉਠਦੀ, ਉਨਾ ਚਿਰ ਕੋਈ ਗ਼ਦਰ ਬਲਵਾਨ ਸਰਕਾਰ ਦੇ ਖ਼ਿਲਾਫ਼ ਕਾਮਯਾਬ ਨਹੀਂ ਹੋ ਸਕਦਾ। ਤੇ ਜਨਤਾ ਦੇ ਅੰਦਰ ਰੋਸ ਤਾਂ ਹੀ ਤੜਪ ਸਕਦਾ ਹੈ, ਜੇ ਜਨਤਾ ਦੇ ਬਹੁਤੇ ਭਾਗ ਦਾ ਚਰਿਤ੍ਰ ਮਜ਼ਬੂਤ ਹੋਵੇ।

ਬਾਬਾ ਜੀ ਨੇ ਗ਼ਦਰ-ਅੰਦੋਲਨ ਵਿਚ ਦੋ ਕਾਰਨਾਂ

Namdhari Elibrary NamdhariElibrary@gmail.com

ਕਰਕ ਭਾਗ ਨਾ ਲਿਆ — ਇਕ, ਕਿ ਜਨਤਾ ਵਿਚ ਕੋਈ ਜਾਗਰਤਾ ਨਹੀਂ ਸੀ ; ਦੂਜੇ, ਉਨ੍ਹਾਂ ਦੇ ਖ਼ਿਆਲਾਂ ਦੇ ਸਾਂਝੀ ਅਜੇ ਗਿਣਤੀ ਦੇ ਹੀ ਸਨ। ਬਹੁਤੇ ਲੋਕ ਰਸਮੀ ਧਰਮ ਦੀਆਂ ਭੁੱਲਭੁੱਲਈਆਂ ਵਿਚ ਗੁਆਚੇ ਹੋਏ ਸਨ : — ਸਖੀ ਸਰਵਰ, ਕਬਰਾਂ, ਮੜ੍ਹੀਆਂ, ਸਮਾਧਾਂ ਤੇ ਮਜ਼ਾਰਾਂ ਨੂੰ ਹਿੰਦੂ ਸਿੱਖ ਸਭ ਪੂਜਦੇ ਸਨ। ਬਾਬਾ ਜੀ ਦਾ ਇਕੱਲੇ ਓਸ ਅੰਦੋਲਨ ਵਿਚ ਸ਼ਾਮਲ ਹੋਣ ਦਾ ਕੋਈ ਅਰਥ ਨਹੀਂ ਸੀ, ਗ਼ਦਰ ਤੋਂ ਸਿਰਫ਼ ਇਕ ਮਹੀਨਾਂ ਪਹਿਲਾਂ ਹੀ ਉਨ੍ਹਾਂ ਨਾਮਧਾਰੀ ਪੰਥ ਆਰੰਭਿਆ ਸੀ।

ਗ਼ਦਰ ਸਫ਼ਲ ਨਾ ਹੋਇਆ। ਅੰਗਰੇਜ਼ ਸਰਕਾਰ ਨੇ ਬੇ-ਕਸੂਰ ਜਨਤਾ ਉਤੇ ਵੀ ਅੰਤਾਂ ਦਾ ਜ਼ੁਲਮ ਢਾਇਆ। ੨੭,੦੦੦ ਮਨੁੱਖ ਸਿਰਫ਼ ਦਿੱਲੀ ਸ਼ਹਿਰ ਵਿਚ ਹੀ ਫਾਂਸੀਆਂ ਉਤੇ ਚਾੜ੍ਹੇ। ਲਖਨਊ ਤੇ ਹੋਰਨੀ ਥਾਈਂ ਵੀ ਏਡਾ ਹੀ ਕਹਿਰ ਮਚਾਇਆ, ਏਥੋਂ ਤਕ ਕਿ ਲਾਰਡ ਐਲਫ਼ਿਨਸਟੋਨ ਨੇ ਸਰ ਜਾਨ ਲਾਰੈਂਸ ਨੂੰ ਦਿੱਲੀ ਦੀ ਤਬਾਹੀ ਬਾਰੇ ਇਹ ਲਫ਼ਜ਼ ਲਿਖੇ :

> "ਜਦੋਂ ਦਿੱਲੀ ਦਾ ਮੁਹਾਸਰਾ ਉਠ ਗਿਆ, ਤਾਂ ਜਿਹੜੇ ਅਤਿਆਚਾਰ ਸਾਡੀ ਫ਼ੌਜ ਨੇ ਕੀਤੇ ਉਹ ਦਿਲ-ਚੀਰਵੇਂ ਹਨ, ਦੋਸਤ ਦੁਸ਼ਮਣ ਦਾ ਵੇਰਵਾ ਕੀਤੇ ਬਿਨਾਂ ਥੋਕ ਕਤਲਆਮ ਕੀਤੀ ਗਈ। ਲੁੱਟ ਖਸੁਟ ਦੇ ਪੱਖੋਂ ਅਸਾਂ ਨਾਦਰਸ਼ਾਹ ਨੂੰ ਵੀ ਮਾਤ ਪਾ ਦਿਤਾ ਹੈ।"

ਏਸ ਖ਼ੂੰਖਾਰੀ ਤੋਂ ਪੀੜਤ ਹੋ ਕੇ ਬਾਬਾ ਜੀ ਨੇ ਆਪਣੇ ਅੰਦੋਲਨ ਨੂੰ ਹੋਰ ਗੰਭੀਰ ਕਰ ਦਿਤਾ। ਜ਼ਾਹਿਰਾ ਇਹ ਅੰਦੋਲਨ ਧਾਰਮਕ ਹੀ ਸੀ, ਪਰ ਇਹਦਾ ਅੰਦਰਲਾ ਮਨੋਰਥ ਅੰਗਰੇਜ਼ ਹਕੂਮਤ ਤੋਂ ਸੁਤੰਤਰ ਹੋਣਾ ਸੀ। ਤਿੰਨ ਸਾਲਾਂ ਵਿਚ ਹੀ ਬਾਬਾ ਜੀ ਦੇ ਸਿੱਖਾਂ ਦੀ ਗਿਣਤੀ ਸੱਠ ਹਜ਼ਾਰ ਹੋ ਗਈ। ਆਪਾ-ਨਿਰਭਰਤਾ ਉਨ੍ਹਾਂ ਦਾ ਮੁਖ ਉਪਦੇਸ਼ ਸੀ। ਸੁੱਚਾ ਜੀਵਨ ਉਨ੍ਹਾਂ ਦਾ ਨਿਤਨੇਮ ਸੀ। ਰਸਮਾਂ ਦੇ ਬੰਧਨ ਉਨ੍ਹਾਂ ਸਭ ਤੋੜ ਦਿਤੇ। ਇਸਤ੍ਰੀ ਨੂੰ ਮਰਦ ਨਾਲ ਬਰਾਬਰੀ ਦਿਤੀ, ਵਿਆਹ ਸਾਦੇ ਕਰ ਦਿਤੇ, ਵਿਧਵਾ-ਵਿਆਹ ਦੀ ਆਗਿਆ ਦੇ ਦਿਤੀ। ਜ਼ਾਤ ਬਰਾਦਰੀ ਦੀਆਂ ਹੱਦਾਂ ਖੁਲ੍ਹੀਆਂ ਕਰ ਦਿਤੀਆਂ।

ਹਿੰਦੂ ਸਿੱਖ ਸਭੇ ਆਪਣੇ ਮੋਇਆਂ ਦੀਆਂ ਹੱਡੀਆਂ ਗੰਗਾ ਤਾਰਨ ਜਾਂਦੇ ਸਨ। ਇਹ ਵਰਜਿਤ ਕਰ ਦਿਤਾ। ਬਾਬਾ ਜੀ ਦਾ ਸਿੱਖ ਇਕ ਅਨੋਖਾ ਦ੍ਰਿਸ਼ ਦਿਸਣ ਲਗ ਪਿਆ। ਸਾਫ਼ ਸੁਥਰੇ ਖੱਦਰ ਦੀ ਚੁਸਤ ਪੁਸ਼ਾਕ ਤੇ ਸਿੱਧਾ ਦਸਤਾਰਾ। ਕਿਰਪਾਨ ਰੱਖਣ ਦੀ ਮਨਾਹੀ ਸੀ, ਏਸ ਲਈ ਹਰ ਨਾਮਧਾਰੀ ਇਕ ਟਕੂਆ ਆਪਣੀ ਪੋਸ਼ਾਕ ਦਾ ਅੰਗ ਸਮਝਦਾ ਸੀ। ਮਾਸ ਤੇ ਸ਼ਰਾਬ ਦੋਵੇਂ ਵਰਜ ਦਿਤੇ। ਨਾਮਧਾਰੀ ਸਿੱਖ ਭਰੋਸੇ ਦੀ ਚੱਟਾਨ ਦਿਸਣ ਲਗ ਪਿਆ। ਜਾਇਦਾਦ ਦਾ ਭੁੱਸ ਵੀ ਏਉਂ ਦੂਰ ਕਰ ਦਿਤਾ ਕਿ ਕਈਆਂ ਨੇ ਆਪਣੀਆਂ ਜਾਇਦਾਦਾਂ ਵੇਚ ਦਿਤੀਆਂ।

੧੮੬੦ ਤੋਂ ੧੮੭੦ ਦੇ ਵਿਚਕਾਰ ਕੂਕਿਆਂ ਦੀ ਗਿਣਤੀ ਸਵਾ ਤਿੰਨ ਲੱਖ ਹੋ ਗਈ। ਬਾਬਾ ਜੀ ਦੀ ਜਥੇਬੰਦਕ ਪ੍ਰਤਿਭਾ ਅਦੁੱਤੀ ਸੀ। ਅੰਗਰੇਜ਼ੀ ਸਕੂਲਾਂ ਵਿਚ ਬੱਚੇ ਪੜ੍ਹਾਣਾ ਬੰਦ ਕਰ ਦਿਤਾ। ਇਹ ਪੜ੍ਹਾਈ ਬੱਚਿਆਂ ਨੂੰ ਆਪਣੇ ਕੌਮੀ ਆਦਰਸ਼ਾਂ ਤੋਂ ਨਫ਼ਰਤ ਸਿਖਾ ਰਹੀ ਸੀ। ਥਾਂ ਥਾਂ ਆਪਣੇ ਸਕੂਲ ਖੋਲ੍ਹ ਦਿਤੇ, ਤੇ ਆਪਣੀ ਮਾਂ-ਬੋਲੀ ਵਿਚ ਲਿਖਾਈ ਪੜ੍ਹਾਈ ਸਿੱਖਾਂ ਲਈ ਜ਼ਰੂਰੀ ਕਰ ਦਿਤੀ। ਡਾਕਖ਼ਾਨਿਆਂ ਤੇ ਰੇਲਾਂ ਦਾ ਵੀ ਬਾਈਕਾਟ ਕਰ ਦਿਤਾ, ਆਪਣੀ ਡਾਕ ਦਾ ਇਹੋ ਜਿਹਾ ਪ੍ਰਬੰਧ ਚਲਾਇਆ, ਕਿ ਅੰਗਰੇਜ਼ ਸਰਕਾਰ ਹੈਰਾਨ ਹੋ ਗਈ।

ਜਿਹੜੀ ਸਤਿਆਗ੍ਰਹਿ ਤਹਿਰੀਕ ੧੯੨੧ ਵਿਚ ਗਾਂਧੀ ਜੀ ਨੇ ਚਲਾਈ, ਉਹ ਏਡੀ ਸਫ਼ਲ ਨਹੀਂ ਸੀ ਹੋ ਸਕੀ, ਜੇਡੀ ਸਫ਼ਲ ਬਾਬਾ ਰਾਮ ਸਿੰਘ ਜੀ ਦੀ ਤਹਿਰੀਕ ਸੀ। ਭਾਰਤ ਵਿਚ ਸਤਿਆਗ੍ਰਹਿ ਦੇ ਮੋਢੀ ਬਾਬਾ ਜੀ ਹੀ ਆਖੇ ਜਾ ਸਕਦੇ ਹਨ। ਸਾਰੇ ਨਾਮਧਾਰੀ ਪੰਥ ਨੇ ਅੰਗਰੇਜ਼ੀ ਅਦਾਲਤਾਂ ਤੇ ਹੋਰ ਸਰਕਾਰੀ ਸੰਸਥਾਵਾਂ ਦਾ ਪੂਰਨ ਬਾਈਕਾਟ ਕਰੀ ਰਖਿਆ। ਥਾਂ ਥਾਂ ਪੰਥ ਦੇ ਸੂਬੇ ਕਾਇਮ ਕਰ ਦਿਤੇ, ਜਿਹੜੇ ਆਪਸੀ ਝਗੜੇ ਨਬੇੜ ਦੇਂਦੇ ਸਨ।

ਰੂਸ, ਨਿਪਾਲ, ਕਸ਼ਮੀਰ ਤੇ ਕਾਬਲ ਵਿਚ ਆਪਣੇ ਦੂਤ-ਘਰ ਕਾਇਮ ਕਰ ਲਏ। ਕਿਰਪਾਨ ਦੀ ਥਾਂ ਹਰ ਕੂਕਾ ਇਕ ਮੋਟੀ ਲਾਠੀ ਹੱਥ ਵਿਚ ਰਖਦਾ ਸੀ। ਰੋਜ਼ਾਨਾ ਪਰੇਡ ਵੀ ਹੁੰਦੀ ਸੀ। ਕਸ਼ਮੀਰ ਦੀ ਫ਼ੌਜ ਵਿਚ ਭਰਤੀ ਹੋ ਕੇ ਫ਼ੌਜੀ ਸਿਖਲਾਈ ਵੀ ਲੈਂਦੇ ਰਹੇ।

ਬਾਬਾ ਜੀ ਨੇ ਪੰਥ ਦੇ ਖ਼ੁਦਮੁਖ਼ਤਾਰ ਵਤੀਰੇ ਨਾਲ ਜਨਤਾ ਦੇ ਦਿਲਾਂ ਵਿਚ ਪ੍ਰਦੇਸੀ ਸਰਕਾਰ ਦੇ ਖ਼ਿਲਾਫ਼ ਚੋਖੀ ਘਿਰਣਾ ਪੈਦਾ ਕਰ ਦਿਤੀ। ਅੰਗਰੇਜ਼ੀ ਸਰਕਾਰ ਬਾਬਾ ਜੀ ਦੇ ਖ਼ਿਲਾਫ਼ ਕੋਈ ਕਦਮ ਨਾ ਚੁਕ ਸਕੀ, ਭਾਵੇਂ ਖ਼ੁਫ਼ੀਆ ਰਿਪੋਰਟਾਂ ਸ਼ੰਕੇ ਪੈਦਾ ਕਰ ਰਹੀਆਂ ਸਨ। ਭਾਵੇਂ ਨਾਮਧਾਰੀ ਪੰਥ ਦਾ ਰੂਪ ਨਿਰੋਲ ਧਾਰਮਕ ਸੀ। ਪਰ ਪੁਲਸ ਅਫ਼ਸਰ ਸਰਕਾਰ ਨੂੰ ਖ਼ਬਰਦਾਰ ਕਰ ਰਹੇ ਸਨ ਕਿ ਕੂਕੇ ੧੮੫੭ ਨਾਲੋਂ ਵੀ ਵਧੇਰੇ ਖ਼ਤਰਨਾਕ ਸਾਬਤ ਹੋ ਸਕਦੇ ਹਨ।

ਤੇ ਇਹ ਭਵਿੱਖ-ਬਾਣੀ ਹੋ ਵੀ ਸੱਚੀ ਜਾਣੀ ਸੀ, ਜੇ ਕਦੇ ਬਾਬਾ ਜੀ ਦੇ ਕੁਝ ਸੂਬੇ ਛੇਤੀ ਕਾਹਲੇ ਨਾ ਪੈ ਜਾਂਦੇ। ਇਹ ਕਾਹਲ ਸੂਬਿਆਂ ਨੇ ਏਸ ਕਰ ਕੇ ਵੀ ਕੀਤੀ ਕਿ ਉਹ

Namdhari Elibrary NamdhariElibrary@gmail.com

ਹਿੰਦੂ ਜਨਤਾ ਦੀ ਹਮਦਰਦੀ ਜਿੱਤਣਾ ਚਾਹੁੰਦੇ ਸਨ।

— ਸਿੱਖ ਰਾਜ ਵਿਚ ਗਊ-ਹੱਤਿਆ ਵਿਵਰਜਿਤ ਸੀ। ਅੰਗਰੇਜ਼ਾਂ ਨੇ ਇਹਦੀ ਖੁਲ੍ਹ ਦੇ ਦਿਤੀ। ਪਰ ਅੰਮ੍ਰਿਤਸਰ ਸਿੱਖਾਂ ਦੀ ਰਾਜਧਾਨੀ ਹੋਣ ਕਰ ਕੇ ਏਥੇ ਅਜੇ ਬੰਦਸ਼ ਲਾਗੂ ਸੀ। ਪਰ ਅੰਗਰੇਜ਼ਾਂ ਨੇ ਆਖ਼ਰ ਏਥੇ ਵੀ ਬੁੱਚੜਖ਼ਾਨਾ ਖੁਲ੍ਹਾ ਦਿਤਾ। ਲੋਕ ਬੜੇ ਕਹਿਰਵਾਨ ਹੋਏ। ਬੁੱਚੜ ਲੋਕ ਟੋਕਰੀਆਂ ਵਿਚ ਮਾਸ ਪਾ ਕੇ ਸ਼ਹਿਰ ਵਿਚ ਲੈ ਆਉਂਦੇ। ਲੋਕਾਂ ਦੇ ਬੇਨਤੀ-ਪੱਤਰਾਂ ਦੀ ਸਰਕਾਰ ਨੇ ਰਤਾ ਪਰਵਾਹ ਨਾ ਕੀਤੀ। ਸਗੋਂ ਮੁਸਲਮਾਨਾਂ ਦੇ ਖ਼ੁਰਾਕੀ ਹੱਕਾਂ ਦੀ ਹਾਮੀ ਭਰੀ।

ਬਾਬਾ ਜੀ ਨੇ ਹਿੰਦੂ ਜਨਤਾ ਦੀ ਹਮਦਰਦੀ ਜਿੱਤਣ ਖ਼ਾਤਰ ਗਊ-ਰੱਖਿਆ ਨੂੰ ਆਪਣੇ ਧਰਮ ਦਾ ਇਕ ਅੰਗ ਬਣਾ ਲਿਆ। ਏਸ ਲਈ ਉਨ੍ਹਾਂ ਦੇ ਕਈ ਸੂਬੇ ਬੁੱਚੜਾਂ ਦੇ ਖ਼ਿਲਾਫ਼ ਚੁਕਿਆ ਕੋਈ ਕਦਮ ਸਰਕਾਰ ਦੀ ਖ਼ਿਲਾਫ਼ਤ ਹੀ ਸਮਝਦੇ ਸਨ, ਕਿਉਂਕਿ ਸਰਕਾਰ ਬੁੱਚੜਾਂ ਨੂੰ ਸ਼ਹਿ ਦੇ ਰਹੀ ਸੀ ਸਿੱਖਾਂ ਦੀ ਅਣਖ ਦੀ ਪ੍ਰੀਖਿਆ ਸੀ-

ਪਰ ਬਾਬਾ ਜੀ ਦੇ ਅੰਦੋਲਨ ਦਾ ਮਨੋਰਥ ਏਦੂੰ ਕਿਤੇ ਉਚੇਰਾ ਸੀ। ਏਸ ਲਈ ਬਾਬਾ ਜੀ ਨੇ ਬੁੱਚੜਾਂ ਦੇ ਖ਼ਿਲਾਫ਼ ਕਿਸੇ ਕਾਰਵਾਈ ਲਈ ਪਰਵਾਨਗੀ ਨਾ ਦਿਤੀ। ਏਸ ਅਪਰਵਾਨਗੀ ਦੇ ਬਾਵਜੂਦ ਕੁਝ ਇਕ ਜੋਸ਼ੀਲੇ ਕੂਕਿਆਂ ਨੇ ੧੮੭੧ ਵਿਚ ਅੰਮ੍ਰਿਤਸਰ ਦੇ ਬੁੱਚੜਾਂ ਉਤੇ ਹੱਲਾ ਬੋਲ ਕੇ ਕਈਆਂ ਨੂੰ ਕਤਲ ਕਰ ਦਿਤਾ। ਗ੍ਰਿਫ਼ਤਾਰੀ ਕੋਈ ਨਾ ਹੋ ਸਕੀ। ਏਸ ਕਦਮ ਤੋਂ ਦਲੇਰੀ ਲੈ ਕੇ ਕੂਕਿਆਂ ਨੇ ਰਾਜਕੋਟ ਦੇ ਬੁੱਚੜਾਂ ਉਤੇ ਵੀ ਹੱਲਾ ਕੀਤਾ, ਤੇ ਕਈ ਕਤਲ ਕਰ ਦਿਤੇ। ਪਰ ਏਥੇ ਉਹ ਫੜੇ ਗਏ। ਪਹਿਲੇ ਕਾਤਲਾਂ ~~ਦਾ~~ ਵੀ ~~ਪਤਾ ਚਲ~~ ਗਿਆ। ਸਭਨਾਂ ਨੂੰ ਤੁਰਤ ਫ਼ਾਂਸੀ ਦੀ ਸਜ਼ਾ ਦੇ ਦਿਤੀ ਗਈ।

ਭਾਵੇਂ ਬਾਬਾ ਜੀ ਦਾ ਇਹ ਬਿਆਨ ਸੱਚਾ ਸੀ, ਕਿ ਉਨ੍ਹਾਂ ਕੋਲੋਂ ਪੁੱਛਿਆ ਜ਼ਰੂਰ ਗਿਆ ਸੀ, ਪਰ ਨਾ ਸਿਰਫ਼ ਉਨ੍ਹਾਂ ਨੇ ਪਰਵਾਨਗੀ ਹੀ ਨਹੀਂ ਸੀ ਦਿਤੀ, ਸਗੋਂ ਵਰਜਿਆ ਸੀ। ਫੇਰ ਵੀ ਸਰਕਾਰ ਨੇ ਬਾਬਾ ਜੀ ਨੂੰ ਭੈਣੀ ਸਾਹਿਬ ਵਿਚ ਨਜ਼ਰਬੰਦ ਕਰ ਦਿਤਾ।

ਏਸ ਨਜ਼ਰਬੰਦੀ ਨੇ ਕੋਈ ਫ਼ਰਕ ਨਾ ਪਾਇਆ। ਭੈਣੀ ਸਾਹਿਬ ਵਿਚ ਦਿਨ ਰਾਤ ਬਾਬਾ ਜੀ ਦੇ ਪ੍ਰੇਮੀਆਂ ਦਾ ਮੇਲਾ ਲਗਾ ਰਹਿੰਦਾ। ਕੂਕਿਆਂ ਦੀ ਤੁਰਤ ਫ਼ਾਂਸੀ ਨੇ ਕੂਕਿਆਂ ਨੂੰ ਭੜਕਾ ਦਿਤਾ ਸੀ, ਤੇ ਭੜਕੇ ਹੋਏ ਕੂਕਿਆਂ ਨੇ ਪਹਿਲਾ ਮਲੋਦ ਉਤੇ ਹਮਲਾ ਕਰ ਦਿਤਾ, ਤੇ ਫੇਰ ਮਲੇਰਕੋਟਲੇ ਦੇ ਨਵਾਬ ਉਤੇ। ਇਹ ਨਵਾਬ ਕਮਜ਼ੋਰ ਜਿਹਾ ਆਦਮੀ ਸੀ। ਕੂਕਿਆਂ ਨੇ ਧਾਰ ਲਿਆ, ਕਿ ਮਲੇਰਕੋਟਲੇ ਦਾ ਅਸਲਾਖ਼ਾਨਾ ਲੁੱਟ ਕੇ ਉਹ ਇਕ ਵਡੀ ਬਗ਼ਾਵਤ ਕਰ ਦੇਣਗੇ। ਸ਼ਹਿਰ ਸ਼ਹਿਰ ਵਿਚ ਉਹ ਹਜ਼ਾਰਾਂ ਦੀ ਗਿਣਤੀ ਵਿਚ ਮਰਨ ਮਾਰਨ ਨੂੰ ਤਿਆਰ ਸਨ।

ਇਹ ਕਦਮ ਵੀ ਕੂਕਿਆਂ ਦਾ ਅਤਿ ਕਾਹਲਾ ਸੀ। ਉਨ੍ਹਾਂ ਨੇ ਸਾਰੀ ਅਵਸਥਾ ਨੂੰ ਗੰਭੀਰਤਾ ਨਾਲ ਵਿਚਾਰਿਆ, ਨਾ ਬਾਬਾ ਜੀ ਦਾ ਸਿਆਣਾ ਮਸ਼ਵਰਾ ਲਿਆ। ਮਲੇਰਕੋਟਲੇ ਦੇ ਹਮਲੇ ਸਮੇਂ ਕਈ ਕੂਕੇ ਮਾਰੇ ਗਏ, ਤੇ ਕੋਈ ਸੱਠ ਸੱਤਰ ਫੜੇ ਗਏ।

ਲੁਧਿਆਣੇ ਦਾ ਡਿਪਟੀ ਕਮਿਸ਼ਨਰ ਬੜਾ ਅੱਖੜ ਅੰਗਰੇਜ਼ ਸੀ। ਉਸ ਨੇ ਆਪਣੇ ਕਮਿਸ਼ਨਰ ਦੀ ਵੀ ਇਕ ਨਾ ਸੁਣੀ, ਤੇ ਆਪਣੇ ਸਿਰ ਜ਼ਿੰਮੇਵਾਰੀ ਲੈ ਕੇ ਸੱਠ ਕੂਕਿਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਉੱਡਾ ਦਿਤਾ, ਤੇ ਸਰਕਾਰ ਨੂੰ ਲਿਖ ਘਲਿਆ ਕਿ ਜੇ ਇਹੋ ਜਿਹਾ ਸਬਕ ਐਸ ਵੇਲੇ ਨਾ ਸਿਖਾਇਆ ਜਾਂਦਾ ਤਾਂ ਇਹ ਕੂਕੇ ੧੮੫੭ ਨਾਲੋਂ ਵਡੇਰਾ ਤੇ ਸਫ਼ਲ ਗ਼ਦਰ ਮਚਾ ਦੇਣ ਦੀ ਸਮਰੱਥਾ ਪੈਦਾ ਕਰ ਚੁਕੇ ਸਨ।

ਏਸ ਡਿਪਟੀ ਕਮਿਸ਼ਨਰ ਨੂੰ ਭਾਵੇਂ ਉਪਰਲੀ ਸਰਕਾਰ ਨੇ ਪਿਨਸ਼ਨ ਦੇ ਕੇ ਵਿਲੈਤ ਤੋਰ ਦਿਤਾ, ਪਰ ਉਹਦੀ ਰਿਪੋਰਟ ਨੂੰ ਸਹੀ ਮੰਨ ਲਿਆ, ਕਿ ਕੂਕੇ ੧੮੫੭ ਨਾਲੋਂ ਵਡੇਰਾ ਗ਼ਦਰ ਮਚਾਣ ਹੀ ਵਾਲੇ ਸਨ। ਏਸ ਲਈ ਬਾਬਾ ਜੀ ਨੂੰ ੧੮੭੨ ਵਿਚ ਬਿਨਾਂ ਮੁਕੱਦਮਾ ਚਲਾਏ ਜਲਾਵਤਨ ਕਰ ਕੇ ਬਰਮਾ ਭੇਜ ਦਿਤਾ।

ਕੂਕਿਆਂ ਨੇ ਫੇਰ ਵੀ ਦਿਲ ਨਾ ਛਡਿਆ। ਅਗੇ ਨਾਲੋਂ ਵੀ ਵਧ ਉਨ੍ਹਾਂ ਦੀ ਗਿਣਤੀ ਹੋ ਗਈ, ਤੇ ਮਨ ਦੀ ਕਲਾ ਉਤਾਂਹ ਚੜ੍ਹਣ ਲਗ ਪਈ। ਬਰਮਾ ਤੋਂ ਬਾਬਾ ਜੀ ਦੇ ਸੁਨੇਹੇ ਲਗਾਤਾਰ ਤੇ ਛੇਤੀ ਛੇਤੀ ਆਉਂਦੇ ਰਹੇ। ਡਾਕ ਰਾਹੀਂ ਨਹੀਂ, ਉਨ੍ਹਾਂ ਦੇ ਆਪਣੇ ਸਿੱਖ ਆਪ ਪਹੁੰਚ ਕੇ ਰੂਸ, ਨਿਪਾਲ, ਕਸ਼ਮੀਰ ਤੇ ਭੈਣੀ ਸਾਹਿਬ ਵਿਚ ਸੰਗਤਾਂ ਨੂੰ ਉਨ੍ਹਾਂ ਦੇ ਸੰਦੇਸ਼ ਪੁਚਾਂਦੇ ਸਨ। ਰੂਸ ਵਿਚ ਉਨ੍ਹਾਂ ਦਾ ਇਕ ਬੜਾ ਹੁਸ਼ਿਆਰ ਸੂਬਾ ਬਿਸ਼ਨ ਸਿੰਘ ਸੀ। ਸੂਬਾ ਗੁਰਚਰਨ ਸਿੰਘ ਨੇ ਕਈ ਚੱਕਰ ਪਰਦੇਸਾਂ ਦੇ ਲਾਏ।

~~੧੮੮੫ ਵਿਚ ਬਾਬਾ ਜੀ ਦਾ ਦਿਹਾਂਤ ਹੋ ਗਿਆ।~~ ਪਰ ਕੂਕਿਆਂ ਦਾ ਇਹ ਵਿਸ਼ਵਾਸ ਹੈ, ਕਿ ਬਾਬਾ ਜੀ ਅਮਰ ਹਨ, ਉਹ ਅਜੇ ਵੀ ਸੁਰਜੀਤ ਹਨ। ਏਸ ਵਿਸ਼ਵਾਸ ਨੇ ਕੂਕਿਆਂ ਨੂੰ ਡੋਲਣ ਨਾ ਦਿਤਾ।

ਤੇ ਜਦੋਂ ਮਹਾਰਾਜ ਦਲੀਪ ਸਿੰਘ ਅੰਗਰੇਜ਼ਾਂ ਕੋਲੋਂ ਉਪਰਾਮ ਹੋ ਕੇ ਮੁੜ ਸਿੱਖ ਸਜਣ ਬਾਅਦ ਇੰਗਲੈਂਡ ਹਮੇਸ਼ਾ ਲਈ ਛਡ ਕੇ ਰੂਸ ਚਲਾ ਗਿਆ — ੧੮੮੬ ਵਿਚ — ਤਾਂ

ਸਤਾਬਦੀ ਨਿਊਜ਼ ਵਿਸ਼ੇਸ਼ ਅੰਕ

ਕੂਕਿਆਂ ਨੇ ਉਹਦੇ ਨਾਲ ਤਾਲਮੇਲ ਪੈਦਾ ਕੀਤਾ। ਰੂਸੀ ਸਰਕਾਰ ਉਸਸਮੇਂ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਨਾਲ ਸਰਹੱਦੀ ਝਗੜੇ ਕਰ ਕੇ ਨਰਾਜ਼ ਸੀ। ਰੂਸੀ ਸਰਕਾਰ ਬਾਬਾ ਰਾਮ ਸਿੰਘ ਜੀ ਦੇ ਸੰਦੇਸ਼ਿਆਂ ਦਾ ਉੱਤਰ ਹਮਦਰਦੀ ਤੇ ਆਦਰ ਨਾਲ ਦੇਂਦੀ ਰਹੀ ਸੀ। ਮਹਾਰਾਜਾ ਦਲੀਪਸਿੰਘ ਦਾ ਵੀ ਉਨ੍ਹਾਂ ਨੇ ਸਵਾਗਤ ਕੀਤਾ, ਤੇ ਹੋ ਸਕਦਾ ਸੀ, ਰੂਸੀ ਸਰਕਾਰ ਮਹਾਰਾਜੇ ਦੀ ਮਦਦ ਲਈ ਤਿਆਰ ਵੀ ਹੋ ਜਾਂਦੀ, ਪਰ ਪੰਜਾਬੀ ਰਾਜਿਆਂ ਤੇ ਪੰਜਾਬੀ ਖ਼ਾਲਸਾ ਦੀਵਾਨ ਨੇ ਮਹਾਰਾਜੇ ਦਾ ਦਿਲ ਹੀ ਤੋੜ ਦਿਤਾ। ਮਹਾਰਾਜੇ ਨੇ ਇਕ ਚਿੱਠੀ ਪੰਜਾਬੀ ਲੋਕਾਂ ਨੂੰ ਘਲੀ ਸੀ, ਕਿ ਜੇ ਉਹ ਚਾਹੁਣ ਤਾਂ ਉਹ ਪੰਜਾਬ ਆਉਣ ਨੂੰ ਤਿਆਰ ਹੈ, ਰੂਸੀ ਸਰਕਾਰ ਉਹਦੀ ਮਦਦਗਾਰ ਹੈ। ਪੰਜਾਬ ਤੋਂ ਬਹੁਤ ਸਾਰੇ ਦਸਤਖ਼ਤਾਂ ਹੇਠ ਇਕ ਬੇ-ਦਾਅਵਾ ਪੱਤਰ ਮਹਾਰਾਜੇ ਨੂੰ ਪਹੁੰਚਾ। ਏਸ ਬੇਦਾਅਵੇ ਵਿਚ ਤਾੜਨਾ ਕੀਤੀ ਸੀ ਕਿ ਮਹਾਰਾਜਾ ਪੰਜਾਬ ਦਾ ਅਮਨ ਭੰਗ ਕਰਨ ਲਈ ਹਰਗਿਜ਼ ਪੰਜਾਬ ਨਾ ਆਵੇ, ਉਹਦਾ ਏਥੇ ਕੋਈ ਮਦਦਗਾਰ ਨਹੀਂ।

ਰੂਸੀ ਸਰਕਾਰ ਦਾ ਉਤਸ਼ਾਹ ਜਿਹੜਾ ਕੂਕਿਆਂ ਨੇ ਬਣਾਇਆ ਹੋਇਆ ਸੀ, ਠੰਡਾ ਪੈ ਗਿਆ। ਏਸ ਲਈ ਮਹਾਰਾਜਾ ਓਥੋਂ ਰਵਾਨਾ ਹੋ ਕੇ ਫ਼ਰਾਂਸ ਆ ਗਿਆ, ਜਿਥੇ ਉਹਨੂੰ ਅਧਰੰਗ ਹੋ ਗਿਆ ਤੇ ਕੁਝ ਵਰ੍ਹੇ ਬੀਮਾਰ ਰਹਿ ਕੇ ਉਹ ਉਥੇ ਹੀ ਮਰ ਗਿਆ — ਉਹ ਇੰਗਲੈਂਡ ਨਾ ਗਿਆ।

ਕੂਕਿਆਂ ਨੇ ਬੜੀ ਤਿਆਰੀ ਕੀਤੀ ਹੋਈ ਸੀ — ਕਿ ਮਹਾਰਾਜਾ ਦਲੀਪ ਸਿੰਘ ਰੂਸੀ ਹਿਮਾਇਤ ਨਾਲ ਹਿੰਦੁਸਤਾਨ ਆ ਰਿਹਾ ਹੈ, ਚਾਰ ਲੱਖ ਕੂਕੇ ਉਹਦੀ ਅਰਦਲ ਵਿਚ ਹੋਣਗੇ, ਤੇ ਪੰਜਾਬੀਆਂ ਤੇ ਖ਼ਾਸ ਕਰ ਸਿੱਖਾਂ ਦਾ ਜੋਸ਼ ਏਸ ਤਰ੍ਹਾਂ ਠਾਠਾਂ ਮਾਰੇਗਾ, ਕਿ ਉਹ ਤੋਪਾਂ ਨਾਲ ਉਡਾਏ ਜਾਣ ਦਾ ਬਦਲਾ ਅੰਗਰੇਜ਼ਾਂ ਕੋਲੋਂ ਲੈ ਸਕਣਗੇ।

ਪਰ ਇਹ ਉਹਨਾਂ ਦੀ ਉਮੰਗ ਪੂਰੀ ਨਾ ਹੋਈ, ਕਿਉਂਕਿ ਅੰਗਰੇਜ ਸਰਕਾਰ ਦੇ ਝੋਲੀ-ਚੁਕਾਂ ਦੀ ਗਿਣਤੀ ਸਾਰੇ ਪੰਜਾਬ ਵਿਚ ਬਹੁਤ ਵਧ ਚੁਕੀ ਸੀ।

ਓਸੇ ਸਮੇਂ ਭਾਰਤ ਵਿਚ ਆਜ਼ਾਦੀ ਲਹਿਰ ਉਠਣੀ ਸ਼ੁਰੂ ਹੋ ਗਈ ਸੀ। ਕੌਮੀ ਕਾਂਗਰਸ ਅਸਥਾਪਨ ਹੋ ਚੁਕੀ ਸੀ, ਜਿਦ੍ਹੇ ਵਿਚ ਪਹਿਲਾਂ ਤਾਂ ਸਿਰਫ਼ ਉਹੀ ਵਡੇ ਵਡੇ ਲੋਕ ਸ਼ਾਮਲ ਸਨ ਜਿਹੜੇ ਅੰਗਰੇਜ਼ੀ ਸਰਕਾਰ ਕੋਲੋਂ ਆਪਣੇ ਲੋਕਾਂ ਲਈ ਥੋੜੇ ਬਹੁਤ ਹੱਕਾਂ ਦੀ ਮੰਗ ਹੀ ਕਰਦੇ ਸਨ। ਵਧਦੇ ਵਧਦੇ ਇਹ ਲਹਿਰ ਸਵਰਾਜ ਦੀ ਮੰਗ ਬਣ ਗਈ। ਓਦੋਂ ਕੂਕਿਆਂ ਨੇ ਕਾਂਗਰਸ ਨੂੰ ਹਰ ਮਿਲਵਰਤਣ ਦਿਤੀ।

ਭਾਰਤ ਵਿਚ ਇਹੀ ਇਕ ਧਾਰਮਕ ਸੰਸਥਾ ਹੈ, ਜਿਸ ਨੇ ਦੇਸ਼ ਦੀ ਆਜ਼ਾਦੀ ਲਈ ਹਰ ਸੰਗਰਾਮ ਵਿਚ ਭਾਗ ਲਿਆ ਹੈ। ਗ਼ਦਰੀ ਬਾਬਿਆਂ ਦੇ ਪ੍ਰੇਰਕ ਵੀ ਕੂਕੇ ਸਨ। ਬਾਬਾ ਸੋਹਨ ਸਿੰਘ ਭਕਨਾ, ਗ਼ਦਰ ਤਹਿਰੀਕ ਦੇ ਮੋਢੀ, ਆਪਣੀ ਜੀਵਨੀ ਵਿਚ ਲਿਖਦੇ ਹਨ ਕਿ ਉਹਨਾਂ ਨੇ ਮੂਲ ਪ੍ਰੇਰਨਾ ਬਾਬਾ ਕੇਸਰ ਸਿੰਘ ਜੀ (ਕੂਕਾ) ਕੋਲੋਂ ਲਈ ਸੀ। ਹੋਰ ਜਿੰਨੀਆਂ ਵੀ ਧਾਰਮਕ ਸੰਸਥਾਵਾਂ ਸਾਡੇ ਦੇਸ਼ ਵਿਚ ਹਨ, ਉਹ ਹਮੇਸ਼ਾਂ ਵਕਤੀ ਸਰਕਾਰ ਦੀਆਂ ਵਫ਼ਾਦਾਰ ਰਹੀਆਂ ਹਨ, ਕਿਸੇ ਨੇ ਕਿਸੇ ਇਨਕਲਾਬੀ ਅੰਦੋਲਨ ਨੂੰ ਗੌਲਿਆ ਤਕ ਨਹੀਂ।

ਗਾਂਧੀ ਜੀ ਦੇ ਸਮੇਂ ਕੂਕਿਆਂ ਨੇ ਗਾਂਧੀ ਜੀ ਦੀਆਂ ਸੁਦੇਸ਼ੀ ਤੇ ਸਤਿਆਗ੍ਰਹਿ ਤਹਿਰੀਕਾਂ ਨੂੰ ਪੂਰੇ ਤਨ ਮਨ ਨਾਲ ਅਪਣਾਇਆ। ੧੯੫੦ ਵਿਚ ਸੰਸਾਰ-ਅਮਨ ਤਹਿਰੀਕ ਆਰੰਭ ਹੋਈ, ਤੇ ਜਦੋਂ ਏਸ ਨੇ ਜ਼ੋਰ ਫੜਿਆ, ਤਾਂ ਨਾਮ-ਧਾਰੀ ਪੰਥ ਨੇ ਉਹਦੀ ਪੂਰੀ ਸਹਾਇਤਾ ਕੀਤੀ। ਮਹਾਰਾਜ ਜਗਜੀਤ ਸਿੰਘ ਜੀ ਨੇ ਸਰਬ-ਹਿੰਦ ਅਮਨ ਕੌਂਸਲ ਦੀ ਮੀਤ-ਪ੍ਰਧਾਨਗੀ ਵੀ ਪਰਵਾਨ ਕੀਤੀ, ਤੇ ਯੂਰਪ ਵਿਚ ਜਾ ਕੇ ਅਮਨ-ਕਾਨਫਰੰਸਾਂ ਵਿਚ ਹਿੱਸਾ ਲਿਆ। ਬਾਕੀ ਭਾਰਤ ਦੀਆਂ ਧਾਰਮਕ ਸੰਸਥਾਵਾਂ ਏਸ ਤਹਿਰੀਕ ਨੂੰ ਆਮ ਕਰਕੇ ਅਛੂਤ ਹੀ ਸਮਝਦੀਆਂ ਹਨ।

ਬਾਬਾ ਰਾਮ ਸਿੰਘ ਜੀ ਤੇ ਉਹਨਾਂ ਦੇ ਚਲਾਏ ਨਾਮਧਾਰੀ ਪੰਥ ਨੂੰ ਹਾਰਦਿਕ ਸ਼ਰਧਾਂਜਲੀ ਦੇਂਦਾ ਹੋਇਆ ਏਸ ਪੰਥ ਦੇ ਵਰਤਮਾਨ ਸਤਿਗੁਰੂ ਮਹਾਰਾਜ ਜਗਜੀਤ ਸਿੰਘ ਹੋਰਾਂ ਦੀ ਸੇਵਾ ਵਿਚ ਇਕ ਸੁਝਾਓ ਰਖਣ ਦੀ ਆਗਿਆ ਮੰਗਦਾ ਹਾਂ।

ਬਾਬਾ ਰਾਮ ਸਿੰਘ ਜੀ ਵਿੱਦਿਆ ਨੂੰ ਬੜਾ ਮਹੱਤਵ ਦੇਂਦੇ ਸਨ। ਪਰ ਅੰਗਰੇਜ਼ੀ ਸਕੂਲਾਂ, ਕਾਲਜਾਂ ਦਾ ਬਾਈਕਾਟ ਕਰਨ ਕਰ ਕੇ ਉੱਚ-ਵਿੱਦਿਆ ਵਿਚ ਨਾਮਧਾਰੀ ਪੰਥ ਕੁਝ ਪਛੜਿਆ ਰਹਿ ਗਿਆ ਹੈ। ਏਸ ਪੰਥ ਕੋਲ ਵਸੀਲਿਆਂ ਦੀ ਕੋਈ ਘਾਟ ਨਹੀਂ। ਪੰਥ ਆਪਣੇ ਕਾਲਜ ਤੇ ਪੋਲੀਟੈਕਨਿਕ ਸਕੂਲ ਖੋਲ੍ਹੇ, ਹਸਪਤਾਲ ਖੋਲ੍ਹੇ, ਪੰਥ ਦੇ ਸਿੱਖਾਂ ਵਿਚ ਰਾਮਗੜ੍ਹੀਆਂ ਦੀ ਗਿਣਤੀ ਚੋਖੀ ਹੈ, ਰਾਮਗੜ੍ਹੀਏ ਜਮਾਂਦਰੂ ਇੰਜੀਨੀਅਰ ਹਨ। ਇਨ੍ਹਾਂ ਨੇ ਦੁਨੀਆਂ ਭਰ ਵਿਚ ਹੁਨਰਮੰਦੀ ਦਾ ਨਾਮਣਾ ਖਟਿਆ ਹੈ। ਇਨ੍ਹਾਂ ਲਈ ਲੋੜੀਂਦੀਆਂ ਸਹੂਲਤਾਂ ਪੈਦਾ ਕਰ ਕੇ ਤੁਸੀਂ ਅਤਿ ਲੋੜੀਂਦੇ ਆਰਥਕ ਸੰਗਰਾਮ ਵਿਚ ਸ਼ਾਨਦਾਰ ਹਿੱਸਾ ਪਾ ਸਕੋਗੇ। ਗੁਰੂ ਗੋਬਿੰਦ ਸਿੰਘ ਜੀ ਦੇ ਅੰਦੋਲਨ ਨੇ ਸਾਨੂੰ ਮੁਗ਼ਲਾਂ ਦੀ ਗ਼ੁਲਾਮੀ ਤੋਂ ਸੁਰਖ਼ਰੂ ਕਰਾਇਆ। ਬਾਬਾ ਰਾਮ ਸਿੰਘ ਜੀ ਦਾ ਅੰਦੋਲਨ

Namdhari Elibrary NamdhariElibrary@gmail.com

ਅੰਗਰੇਜ਼ਾਂ ਕੋਲੋਂ ਸਾਡੀ ਬੰਦ-ਖ਼ਲਾਸੀ ਵਿਚ ਸੰਪੂਰਨ ਹਇਆ, ਪਰ ਜਿੰਨਾ ਚਿਰ ਅਸੀਂ ਆਰਥਕ ਆਜ਼ਾਦੀ ਪ੍ਰਾਪਤ ਨਹੀਂ ਕਰ ਲੈਂਦੇ, ਓਨਾ ਚਿਰ ਸਾਡੀ ਸਿਆਸੀ ਆਜ਼ਾਦੀ ਨਿਹਫ਼ਲ ਹੀ ਰਹੇਗੀ।

ਅੱਜ ਜਨਤਾ ਜੂਝ ਰਹੀ ਹੈ ਸਰਮਾਏਦਾਰੀ ਦੇ ਫ਼ੌਲਾਦੀ ਪੰਜੇ ਵਿਚੋਂ ਨਿਕਲਣ ਲਈ। ਏਸ ਸੰਗਰਾਮ ਵਿਚ ਤੁਸੀਂ ਜਨਤਾ ਦੀ ਬੜੀ ਮਦਦ ਕਰ ਸਕਦੇ ਹੋ। ਧਾਰਮਕ ਵਹਿਮਾਂ ਭਰਮਾ ਤੋਂ ਆਪਣੇ ਸਿੱਖਾਂ ਨੂੰ ਸੁਤੰਤਰ ਕਰ ਕੇ, ਸ਼ਖ਼ਸੀ ਚਰਿਤ੍ਰ ਉਤੇ ਬਾਬਾ ਰਾਮ ਸਿੰਘ ਜੀ ਵਾਲਾ ਜ਼ੋਰ ਦੇਂਦੇ ਹੋਏ ਤੁਸੀਂ ਆਪਣੇ ਪੰਥ ਨੂੰ ਵਿੱਦਿਆ ਤੇ ਹੁਨਰ ਦੇ ਖੇਤਰ ਦੀਆਂ ਮੋਹਰਲੀਆਂ ਸਫ਼ਾਂ ਵਿਚ ਲਿਆ ਖੜਾ ਕਰੋ।

ਬਾਬਾ ਰਾਮ ਸਿੰਘ ਜੀ ਦੀ ਆਤਮਾ ਨਾਮਧਾਰੀ ਪੰਥ ਵਿਚ ਅਜੇ ਵੀ ਇਕ ਪ੍ਰਬਲ ਪ੍ਰੇਰਨਾ ਹੈ। ਓਸ ਪ੍ਰੇਰਨਾ ਦੇ ਖੰਭਾਂ ਉਤੇ ਉੱਚੀਆਂ ਉਡਾਰੀਆਂ ਆਪਣੇ ਸਿੱਖਾਂ ਨੂੰ ਲੁਆਵੋ। ਮਸਤਾਨਗੀ ਦੀ ਥਾਂ ਬਾਬਾ ਜੀ ਵਾਲੀ ਗੰਭੀਰਤਾ ਤੇ ਦੂਰ-ਦ੍ਰਿਸ਼ਟੀ ਦਾ ਆਦਰਸ਼ ਸਰਬ-ਪਿਆਰਾ ਕਰ ਦਿਓ।

ਬਾਬਾ ਰਾਮ ਸਿੰਘ ਜੀ ਦੀ ਸੁਚੀ, ਸੱਚੀ ਤੇ ਮਿਕਨਾਤੀਸੀ ਸੁਹੱਪਣ ਦੀ ਮਾਲਕ ਆਤਮਾ ਨੂੰ ਸ਼ਰਧਾਂਜਲੀ ਅਰਪਿਤ ਕਰਦਾ ਹੋਇਆ ਮੈਂ ਨਾਮਧਾਰੀ ਪੰਥ ਕੋਲੋਂ ਇਨਕਲਾਬੀ ਸੋਚਣੀ ਦੀ ਆਸ ਰਖਦਾ ਹਾਂ।

ਸਨੈਹਗੀ ਸਮਾਜ ਸੁਧਾਰ - ਸਚੋ ਜੀਵਨ ਦੇ ਫਾਰਮੂਲੇ (ਗੁਹ)

OK "ਸਾਰੀਆਂ ਬੁਰਾਈਆਂ ਤੋਂ ਬਚੋ, ਜੋ ਚੰਗਾ ਹੈ ਉਸ ਨੂੰ ਜਮ੍ਹਾਂ ਕਰੋ ਅਤੇ ਮਨ ਨੂੰ ਸ਼ੁੱਧ ਕਰੋ।"

OK "ਵੈਰ ਨਾਲ ਵੈਰ ਕਦੇ ਖ਼ਤਮ ਨਹੀਂ ਹੁੰਦਾ, ਸਗੋਂ ਅਵੈਰ (ਖਿਮਾ) ਨਾਲ ਵੈਰ ਖ਼ਤਮ ਹੁੰਦਾ ਹੈ।"

ਧੀਰਜ - ਸ਼ਾਂਤੀ "ਅਕ੍ਰੋਧ ਨਾਲ ਕ੍ਰੋਧ ਨੂੰ ਜਿੱਤੋ, ਬੁਰਾਈ ਨੂੰ ਚੰਗਿਆਈ ਨਾਲ, ਕੰਜੂਸਪਨ ਨੂੰ ਦਾਨ ਨਾਲ, ਝੂਠ ਨੂੰ ਸੱਚ ਨਾਲ।"

OK "ਦੂਸਰਿਆਂ ਨਾਲ ਕਦੇ ਕਠੋਰਤਾ ਨਾਲ ਨਾ ਬੋਲੋ, ਕਿਉਂਕਿ ਉਹ ਵੀ ਤੁਹਾਨੂੰ ਉਸੇ ਤਰ੍ਹਾਂ ਦੇ ਦੁਰਬਚਨ ਕਹਿ ਸਕਦੇ ਨੇ।" ਮਿਠਾ ਬੋਲੋ ਨਿਵ ਚਲੋ - ਹਥੋ ------

(OK "ਦੁਰਾਚਾਰੀ ਅਸੰਜਮੀ ਬਣ ਕੇ ਦੇਸ਼ ਦਾ ਅੰਨ) ਖਾਣ (ਨਾ ਖਾਣੇ) ਨਾਲੋਂ ਅੱਗ ਦੀ ਲਾਟ ਵਾਂਗ ਤਪਦਾ ਲੋਹੇ ਦਾ ਗੋਲਾ ਖਾਣਾ ਉੱਤਮ ਹੈ।"

✓ "ਜਿਵੇਂ ਭੌਰਾ ਫੁੱਲ ਦੇ ਰੰਗ ਜਾਂ ਖ਼ੁਸ਼ਬੂ ਨੂੰ ਬਿਨਾਂ ਨੁਕਸਾਨ ਪੁਚਾਇਆਂ ਉਸ ਦਾ ਰਸ ਕੱਢ ਕੇ ਲੈ ਜਾਂਦਾ ਹੈ, ਉਸੇ ਤਰ੍ਹਾਂ ਗੁਣੀ ਪਿੰਡ ਵਿਚ ਵਿਚਰਨ ਕਰੇ।"

OK "ਧਰਮ ਗ੍ਰੰਥਾਂ ਦਾ ਕਿੰਨਾ ਵੀ ਪਾਠ ਕਰੇ, ਪਰ ਜੇਕਰ ਮਨੁੱਖ ਹੰਕਾਰ ਵੱਸ ਉਨ੍ਹਾਂ ਧਰਮ ਗ੍ਰੰਥਾਂ ਦੇ ਅਨੁਸਾਰ ਆਚਰਨ ਨਹੀਂ ਕਰਦਾ) ਤਾਂ ਦੂਜਿਆਂ ਦੀਆਂ ਗਊਆਂ ਗਿਣਨ ਵਾਲੇ ਗਵਾਲਿਆਂ ਵਾਂਗ ਉਹ ਸ੍ਰਮਣਤਵ ਦਾ ਭਾਗੀ ਨਹੀਂ ਹੁੰਦਾ।"

✓ "ਪੁੱਤਰ ਅਤੇ ਪਸ਼ੂ ਦੇ ਮੋਹ ਵਿਚ ਫਸੇ (ਚਿਤ) ਮਨੁੱਖ ਨੂੰ ਮੌਤ ਉਸੇ ਤਰ੍ਹਾਂ ਲੈ ਜਾਂਦੀ ਹੈ, ਜਿਵੇਂ ਸੁੱਤੇ ਹੋਏ ਪਿੰਡ ਨੂੰ ਨਦੀ ਦਾ ਹੜ੍ਹ।"

Namdhari Elibrary NamdhariElibrary@gmail.com

ਕੂਕਾ ਲਹਿਰ ਉਪਰ ਇਕ ਨਜ਼ਰ

ਬੂਟਾ ਸਿੰਘ

ਹਰ ਸੰਚਾਲਕ, ਹਰ ਵਡੀ ਸ਼ਖ਼ਸੀਅਤ ਆਪਣੇ ਸਮੇਂ ਦੀ ਪੈਦਾਵਾਰ ਹੁੰਦੀ ਹੈ। ਸਰਧਾ ਭਾਵ ਨਾਲ ਚਾਹੇ ਅਸੀਂ ਉਸ ਨੂੰ ਅਗੋਂ ਰੂਹਾਨੀ ਮੰਨ ਲਈਏ ਜਾਂ ਰੱਬੀ ਅਵਤਾਰ ਪਰ ਇਸ ਗੱਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਜਿੰਨੇ ਪੈਗ਼ੰਬਰ, ਅਵਤਾਰ ਜਾਂ ਮਹਾਨ ਨੇਤਾ ਹੋਏ ਉਹ ਦੁਖੀ ਜ਼ਿੰਦਗੀ ਦੇ ਕਲਿਆਨ ਲਈ ਹੀ ਆਏ ਤੇ ਉਨ੍ਹਾਂ ਕਦੇ ਵੀ ਥੋੜੀ ਗਿਣਤੀ ਵਾਲੇ ਆਦਮੀਆਂ ਦਾ ਸਾਥ ਨਹੀਂ ਦਿਤਾ ਜਿਹੜੇ ਬਹੁ ਗਿਣਤੀ ਉਤੇ ਹਕੂਮਤ ਕਰਨਾ ਆਪਣਾ ਪੈਦਾਇਸ਼ੀ ਹੱਕ ਖ਼ਿਆਲ ਕਰਦੇ ਰਹੇ। ਜਾਂ ਇਨ੍ਹਾਂ ਮਹਾਨ ਹਸਤੀਆਂ ਨੇ ਕਦੇ ਵੀ ਉਨ੍ਹਾਂ ਲੋਕਾਂ ਦਾ ਸਾਥ ਨਹੀਂ ਦਿਤਾ ਜਿਹੜੇ ਆਪਣੇ ਪੂਰਬਲੇ ਕੀਤੇ ਚੰਗੇ ਕਰਮਾਂ ਦੇ ਵਿਸ਼ਵਾਸ਼ ਕਾਰਨ ਜਨਤਾ ਨੂੰ ਆਪਣੀ ਮਨ ਮਰਜ਼ੀ ਦੀ ਚੱਕੀ ਵਿਚ ਪੀਸ ਆਪਣੀ ਵਡਿਆਈ ਖ਼ਿਆਲ ਕਰਦੇ। ਜਿਹੜੀ ਸ਼ਖ਼ਸੀਅਤ ਨਵੀਆਂ ਉਭਰ ਰਹੀਆਂ ਕੀਮਤਾਂ ਦਾ ਸਾਥ ਨਹੀਂ ਦੇਂਦੀ ਉਹ ਥੋੜੀ ਦੂਰ ਜਾ ਕੇ ਆਪਣੇ ਆਪ ਅਲੋਪ ਹੋ ਜਾਂਦੀ ਹੈ। ਜਾਂ ਇੰਜ ਵੀ ਕਿਹਾ ਜਾ ਸਕਦਾ ਹੈ ਉਸ ਦੀ ਤਹਿਰੀਕ ਜਲਦੀ ਹੀ ਦਮ ਤੋੜ ਜਾਂਦੀ ਹੈ। ਪੁਰਾਣੀਆਂ ਕੀਮਤਾਂ ਨਾਲ ਕੀਤਾ ਸਮਝੌਤਾ ਡੰਗ ਟਪਾਉਣ ਵਾਲੀ ਗੱਲ ਹੋ ਸਕਦੀ ਹੈ। ਤੇ ਇਹ ਸਭ ਤੋਂ ਵਡੀ ਬੁਜ਼ਦਿਲੀ ਦੀ ਨਿਸ਼ਾਨੀ ਹੁੰਦੀ ਹੈ। "ਜ਼ਿੰਦਗੀ ਆਪਣੇ ਆਪ ਵਿਚ ਇਕ ਖ਼ੂਬਸੂਰਤ ਕਸਵੱਟੀ ਹੈ ਜਿਸ ਉਤੇ ਮਨੁੱਖ ਦੇ ਕੀਤੇ ਕਰਮ ਦਾ ਪ੍ਰਤੀਕਰਮ ਉਜਾਗਰ ਹੋ ਜਾਂਦਾ ਹੈ ਤੇ ਉਸ ਦੇ ਨਤੀਜੇ ਵਿਅਕਤੀਗਤ ਤੌਰ ਤੇ ਅਤੇ ਸਮੂਹਕ ਤੌਰ ਤੇ ਸਾਹਮਣੇ ਆ ਜਾਂਦੇ ਹਨ। ਜਿਨ੍ਹਾਂ ਦੇ ਅਸਰ ਤੋਂ ਜਨਤਾ ਅਤੇ ਦੇਸ਼ ਮੁਕਤ ਨਹੀਂ ਹੋ ਸਕਦੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਕੂਕਾ ਲਹਿਰ ਦੇ ਬਾਨੀ ਤੇ ਸੰਚਾਲਕ ਸਨ। ਹੁਣ ਇਹ ਵੇਖਣਾ ਹੈ ਕਿ ਉਨ੍ਹਾਂ ਦੀ ਤਹਿਰੀਕ ਜਿਸ ਨੂੰ ਆਜ਼ਾਦੀ ਦੀ ਲਹਿਰ ਵੀ ਕਿਹਾ ਜਾ ਸਕਦਾ ਹੈ। ਸੋਧੀ ਹੋਈ ਧਾਰਮਕ ਜਾ ਅਧਿਆਤਮਕ ਲਹਿਰ ਦਾ ਨਾਂ ਵੀ ਦਿਤਾ ਜਾ ਸਕਦਾ ਉਸ ਵਿਚ ਕੀ ਕੀ ਵਿਸ਼ੇਸ਼ਤਾਈਆਂ ਸਨ ਤੇ ਉਹ ਆਪਣੇ ਆਪ ਵਿਚ ਕਿੰਨੀ ਕੁ ਕਾਮਯਾਬ ਹੋਈ।

ਜਿਸ ਤਰ੍ਹਾਂ ਉਪਰ ਇਸ਼ਾਰਾ ਕੀਤਾ ਗਿਆ ਹੈ ਕਿ ਪਰਮ ਮਨੁੱਖ ਆਪਣੇ ਵੇਲੇ ਦੀ ਪੈਦਾਵਾਰ ਹੁੰਦੇ ਹਨ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਉਸ ਵੇਲੇ ਹੋਇਆ ਜਦ ਸਿੱਖ ਰਾਜ ਆਪਣੇ ਸਿਖਰ ਵਲ ਜਾ ਰਿਹਾ ਸੀ। ਜਾਂ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਸਿੱਖ ਕੌਮ ਮੁਸੀਬਤਾਂ ਤੇ ਜੰਗਾਂ ਦੇ ਵਾਤਾਵਰਤਨ ਵਿਚੋਂ ਨਿਕਲ ਸੁਖਾਵੇਂ ਅਤੇ ਐਸ਼ ਦੇ ਰਾਹ ਉਤੇ ਪੈ ਰਹੀ ਸੀ। ਜਦ ਮਨੁੱਖ ਸਾਹਮਣੇ ਜ਼ਿੰਦਗੀ ਵਿਚ ਸੁਖ ਅਤੇ ਐਸ਼ ਭੋਗਨ ਦਾ ਹੀ ਮਨਤਵ ਰਹਿ ਜਾਏ ਤਾਂ ਉਹ ਮੁਸੀਬਤ ਦੀ ਹਰ ਔਕੜ ਤੋਂ ਡਰਦਾ ਹੈ। ਤੇ ਧਨ ਦੀ ਪਰਾਪਤੀ ਪਿਛੇ ਭਜਦਾ ਹੋਇਆ ਆਪਣੀ ਅਣਖ, ਪਤ, ਨੂੰ ਧਨ ਦੀ ਪਰਾਪਤੀ ਲਈ ਬਲੀ ਚੜ੍ਹਾ ਦੇਂਦਾ ਹੈ।

ਨਾ ਉਸ ਨੂੰ ਰੱਬ ਦਾ ਡਰ ਰਹਿੰਦਾ ਹੈ ਨਾ ਸਮਾਜ ਦਾ। ਧਨ ਦੌਲਤ ਤੇ ਜ਼ਿੰਦਗੀ ਦੀਆਂ ਸਹੂਲਤਾਂ ਹੀ ਉਸ ਦਾ ਆਸ਼ਾ ਰਹਿ ਜਾਂਦਾ ਹੈ। ਸਿੱਖ ਰਾਜ ਦੇ ਅੰਤਲੇ ਸਮੇਂ, ਸਿੱਖ ਕੌਮ ਵਿਚ ਅਜਿਹੀ ਅਧੋਗਤੀ ਆ ਚੁਕੀ ਸੀ। ਉਨ੍ਹਾਂ ਦੀਆਂ ਤਲਵਾਰਾਂ ਬੈਠਕਾਂ ਦੇ ਸ਼ਿੰਗਾਰ ਬਣ ਕੇ ਰਹਿ ਗਈਆਂ ਸਨ। ਇਸਤ੍ਰੀ ਅਤੇ ਸ਼ਰਾਬ ਜ਼ਿੰਦਗੀ ਦਾ ਮਨੋਰਥ ਰਹਿ ਗਿਆ ਸੀ। ਇਸ ਗੱਲ ਦੀ ਸਾਰੀ ਜ਼ੁੰਮੇਦਾਰੀ ਮ: ਰਣਜੀਤ ਸਿੰਘ ਉਤੇ ਹੀ ਆਉਂਦੀ ਹੈ। ਅੱਜ ਚਾਹੇ ਬਹੁਤ ਸਾਰੇ ਸਿੱਖ ਵਿਦਵਾਨ ਕਹਿੰਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਬੜਾ ਅਸੂਲ ਪ੍ਰਸਤ ਤੇ ਉਚ ਆਚਰਨ ਵਾਲਾ ਮਹਾਰਾਜਾ ਸੀ, ਪਰ ਇਤਿਹਾਸ ਨੂੰ ਘੋਖਣ ਤੋਂ ਬਾਅਦ ਪਤਾ ਲਗਦਾ ਹੈ ਕਿ ਉਸ ਦੇ ਅੰਤਲੇ ਵਰ੍ਹਿਆਂ ਵਿਚ ਅਧਰੰਗ ਕਾਰਨ ਪਏ ਰਹਿਣਾ, ਤੇ ਸਿਵਲ ਐਡਮਨਿਸਟ੍ਰੇਸ਼ਨ ਵਲੋਂ ਅੱਖਾਂ ਮੀਟੀ ਰਖਣਾ ਐਸ਼ ਪ੍ਰਸਤੀ ਦਾ ਹੀ ਨਤੀਜਾ ਸੀ। ਸਿੱਖ ਮਿਸਲਾਂ ਦੇ ਸਰਦਾਰ,

Namdhari Elibrary NamdhariElibrary@gmail.com

......ਜੱਸਾ ਸਿੰਘ ਰਾਮਗੜ੍ਹੀਆ, ਜੱਸਾ ਸਿੰਘ ਆਹਲੂਵਾਲੀਆ ਤੇ ਨਵਾਬ ਕਪੂਰ ਸਿੰਘ ਵਰਗੇ ਸਰਦਾਰ ਕਿਤੇ ਨਜ਼ਰ ਨਹੀਂ ਸਨ ਆਉਂਦੇ। ਸਗੋਂ ਹਰੀ ਸਿਘ ਨਲਵਾ ਤੇ ਅਕਾਲੀ ਫੂਲਾ ਸਿੰਘ ਵਰਗੀਆਂ ਹਸਤੀਆਂ ਵੀ ਗ਼ਾਇਬ ਹੋ ਚੁਕੀਆਂ ਸਨ। ਸਿੱਖ ਰਾਜ ਦੇ ਮੋਹਰੀ ਸਨ ਅੱਯਾਰ ਤੇ ਸਵਾਰਥੀ ਲੋਕ। ਜਿਹੜੇ ਤਾਕਤ ਹਾਸਲ ਕਰਨ ਲਈ ਹੀ ਸਿੰਘ ਸਜੇ ਸਨ।

. ਕਨਿੰਘਮ ਸਿੱਖ ਇਤਿਹਾਸ ਵਿਚ ਲਿਖਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਉਲਾਰੂ ਤਬੀਅਤ ਦਾ ਮਹਾਰਾਜਾ ਸੀ। ਜਿਹੜਾ ਮਾੜੀ ਜਿਹੀ ਗੱਲ ਉਤੇ ਰਾਜ਼ੀ ਹੋ ਕੇ ਆਮ ਆਦਮੀ ਨੂੰ ਉਚੇ ਅਹੁਦੇ ਸੌਂਪ ਦੇਂਦਾ ਸੀ। ਇਸ ਗੱਲ ਦੀ ਪੁਸ਼ਟੀ ਲਈ ਕਈ ਮਿਸਾਲਾਂ ਹਨ। ਮਹਾਰਾਜਾ ਸਾਹਿਬ ਹਰਿਦਵਾਰ ਗਏ ਤਾਂ ਉਨ੍ਹਾਂ ਦੇ ਕੈਂਪ ਦੇ ਲਾਗੇ ਤੜਕਸਾਰ ਕੋਈ ਬੀਨ ਕਿਸਮ ਦਾ ਸਾਜ਼ ਮੂੰਹ ਨਾਲ ਵਜਾ ਰਿਹਾ ਸੀ। ਉਸ ਸਾਜ਼ ਦੀ ਆਵਾਜ਼ ਮਹਾਰਾਜਾ ਨੂੰ ਬੜੀ ਪਿਆਰੀ ਲਗੀ ਤੇ ਉਸ ਆਦਮੀ ਨੂੰ ਬੁਲਾ ਕੇ ਪੁੱਛਿਆ ਤੇਰਾ ਨਾਂ ਕੀ ਹੈ ਤੇ ਤੂੰ ਕੌਣ ਹੁੰਦਾ ਹੈਂ। ਉਸ ਨੇ ਅਰਜ਼ ਕੀਤੀ, ਮੇਰਾ ਨਾਂ ਖੁਸ਼ਾਲਾ ਹੈ ਤੇ ਮੈਂ ਬ੍ਰਾਹਮਣ ਹੁੰਦਾ ਹਾਂ। ਉਹ ਮਹਾਰਾਜਾ ਸਾਹਿਬ ਕੋਲ ਨੌਕਰ ਹੋ ਗਿਆ ਤੇ ਜਮੇਦਾਰ ਖ਼ੁਸ਼ਹਾਲ ਸਿੰਘ ਦੇ ਨਾਂ ਨਾਲ ਪ੍ਰਸਿਧ ਹੋਇਆ। ਉਸ ਨੂੰ ਮਹਾਰਾਜਾ ਦੇ ਮਹਲ ਅੰਦਰ ਜਾਣ ਦਾ ਅਧਿਕਾਰ ਸੀ। ਖੁਸ਼ਹਾਲ ਸਿੰਘ ਨੇ ਆਪਣੇ ਛੋਟੇ ਭਰਾ ਤੇਜੂ ਨੂੰ ਵੀ ਬੁਲਾ ਲਿਆ ਤੇ ਉਹ ਤੇਜਾ ਸਿੰਘ ਬਣ ਗਿਆ ਜਿਸ ਨੇ ਚੇਲਿਆਂ ਵਾਲੀ ਲੜਾਈ ਵਿਚ ਅੰਗਰੇਜ਼ਾਂ ਦਾ ਸਾਥ ਦੇ ਕੇ ਸ਼ੇਖ਼ੂਪੁਰੇ ਦੀ ਰਿਆਸਤ ਪ੍ਰਾਪਤ ਕੀਤੀ। ਉਪਰ ਵਾਲੀ ਗੱਲ ਮੈਨੂੰ ਰਾਜਾ ਧਿਆਨ ਸਿੰਘ ਸ਼ੇਖ਼ੂਪੁਰੇ ਵਾਲੇ ਦੇ ਨਜ਼ਦੀਕੀ ਰਿਸ਼ਤੇਦਾਰ ਤੋਂ ਪਤਾ ਲਗੀ। ਇਵੇਂ ਹੀ ਗੁਲਾਬ ਸਿੰਘ ਤੇ ਧਿਆਨ ਸਿੰਘ ਦਾ ਹਾਲ ਹੈ। ਜਿਹੜੇ ਵਕਤ ਦੀ ਨਜ਼ਾਕਤ ਨੂੰ ਵੇਖ ਸਿੰਘ ਸਜ ਗਏ, ਪਰ ਤਾਕਤ ਹੱਥ ਆਉਣ ਉਤੇ ਉਨ੍ਹਾਂ ਸਿੱਖ ਰਾਜ ਨੂੰ ਆਪਣੇ ਹੱਥੀਂ ਅੱਗਾਂ ਲਾਈਆਂ। ਸ਼ਹਿਜ਼ਾਦੇ ਕਤਲ ਕਰਵਾਏ। ਜਨਤਾ ਨੂੰ ਭੁਖੇ ਮਾਰਿਆ ਤੇ ਸਿੱਖ ਰਾਜ ਨੂੰ ਦੋ ਮਹੁਰਿਆਂ ਸ਼ਰਾਬ ਅਤੇ ਦੁਰਚਾਰੀ ਦੇ ਡੂੰਘੇ ਖਡੇ ਵਿਚ ਪਾ ਦਿਤਾ। ਡਾਕਟਰ ਇਕਬਾਲ ਕਹਿੰਦਾ ਹੈ :

> ਕੌਮ ਮਜ਼ਹਿਬ ਸੇ ਹੈ,
> ਮਜ਼ਹਿਬ ਜੋ ਨਹੀਂ ਤੁਮ ਭੀ ਨਹੀਂ।
>
> ਜਜ਼ਬਿ ਬਾਹਮ ਜੋ ਨਹੀਂ,
> ਮਹਿਫ਼ਲਿ ਅੰਜਮ ਭੀ ਨਹੀਂ।

ਮਜ਼ਹਬ ਅਤੇ ਧਰਮ ਇਕ ਸੇਧ ਹੈ ਜਿਹੜੀ ਹਰ ਇਕ ਕੌਮ ਨੂੰ ਇਕ ਬੰਧੇਜ ਵਿਚ ਤੋਰੀ ਰਖਦੀ ਹੈ। ਜਦ ਅਗੋਂ ਲੋਕ ਧਾਰਮਕਤਾ ਵਲੋਂ ਅੱਖਾਂ ਫੇਰ ਲੈਂਦੇ ਹਨ ਤਾਂ ਉਹ ਅਧੋਗਤੀ ਦੀ ਖੱਡ ਵਿਚ ਜਾ ਪੈਂਦੇ ਹਨ।

ਮੌਲਾਨਾ ਹਾਲੀ ਨੇ ਮੁਸਲਮਾਨਾਂ ਬਾਰੇ ਕਿਹਾ ਹੈ ਕਿ ਤੁਸੀਂ ਉਹ ਲੋਕ ਹੋ ਜਿਨ੍ਹਾਂ ਸਪੇਨ, ਫ਼ਲਸਤੀਨ ਹੀ ਨਹੀਂ ਯੂਰਪ ਵੀ ਜਿੱਤਿਆ, ਪਰ ਤੁਹਾਡਾ ਬੇੜਾ ਗਰਕ ਗੰਗਾ ਵਿਚ ਹੋਇਆ। ਭਾਰਤ ਵਿਚ ਆ ਕੇ ਤੁਸੀਂ ਐਸ਼ ਵਿਚ ਪੈ ਆਪਣਾ ਆਪ ਭੁੱਲ ਗਏ।

ਇਹ ਹੀ ਮਿਸਾਲਾਂ ਸਿੱਖ ਰਾਜ ਉਤੇ ਆਉਂਦੀਆਂ ਹਨ। ਜਿਨ੍ਹਾਂ ਨੇ ਪੰਜਾਬ ਦੀ ਧਰਤੀ ਦੇ ਹਰ ਇੰਚ ਉਤੇ ਲਹੂ ਦੇ ਛਪੜ ਰੋੜ੍ਹੇ ਉਹ ਮਹਲਾਂ ਦੀ ਐਸ਼ ਵਿਚ ਡੁੱਬ ਗਏ। ਉਨ੍ਹਾਂ ਚੂੜੀਆਂ ਤੇ ਕੰਙਣ ਪਾਣੇ ਸ਼ੁਰੂ ਕਰ ਦਿਤੇ। ਉਨ੍ਹਾਂ ਦੇ ਕੰਨਾਂ ਵਿਚ ਵਾਲੇ ਪੈ ਗਏ। ਤੇ ਤਲਵਾਰਾਂ ਵਿਚੋਂ ਮੂੰਹ ਵੇਖਣ ਵਾਲੇ 'ਰੇਸ਼ਮਾ ਪਾ ਸ਼ਰਾਬ' ਦੀਆਂ ਸੁਰਾਹੀਆਂ ਵਿਚ ਡੁਬ ਗਏ।

ਸਤਿਗੁਰੂ ਰਾਮ ਸਿੰਘ ਜੀ ਨੇ ਕੀ ਨਹੀਂ ਸੀ ਤਕਿਆ। ਉਨ੍ਹਾਂ ਫ਼ੌਜ ਵਿਚ ਨੌਕਰੀ ਕੀਤੀ। ਸਾਰਾ ਪੰਜਾਬ ਘੁੰਮਿਆ। ਕਾਮੇ ਸ਼੍ਰੇਣੀ ਵਿਚੋਂ ਹੁੰਦਿਆਂ ਉਨ੍ਹਾਂ ਵਡੇ ਤੇ ਛੋਟੇ ਦੇ ਅੰਦਰ ਝਾਕ ਕੇ ਵੇਖਿਆ। ਪਰ ਹੋਰਨਾਂ ਸਰਦਾਰਾਂ ਤੇ ਆਗੂਆਂ ਵਾਂਗ ਹਾਲਾਤ ਤੋਂ ਅੱਖਾਂ ਮੀਟ ਇਹ ਨਹੀਂ ਕਿਹਾ ਮੈਨੂੰ ਕੀ! ਕਿਉਂ ਮੁਸੀਬਤਾਂ ਸਹੇੜਾਂ ਸ਼ੁਰੂ ਵਿਚ ਵੀ ਕਿਹਾ ਗਿਆ ਹੈ ਕਿ ਪਰਮ ਮਨੁੱਖ ਕਦੇ ਪੁਰਾਣੀਆਂ ਕਦਰਾਂ ਨਾਲ ਸਮਝੌਤਾ ਨਹੀਂ ਕਰਦੇ। ਉਹ ਜਾਣਦੇ ਹੁੰਦੇ ਨੇ ਜੇ ਸੱਚ ਦੀ ਆਵਾਜ਼ ਉਠਾਈ ਤਾਂ ਸਾਡਾ ਕੁਝ ਨਹੀਂ ਰਹਿਣਾ। ਪਰ ਰੱਬੀ ਸੁਨੇਹਾ ਲੈ ਕੇ ਆਉਣ ਵਾਲੇ ਇਨ੍ਹਾਂ ਦੁਨਿਆਵੀ ਗੱਲਾਂ ਵਲ ਥੋੜ੍ਹਾ ਧਿਆਨ ਦੇਂਦੇ ਹਨ।

ਮਹਾਰਾਜਾ ਰਣਜੀਤ ਸਿੰਘ ਦਾ ਅੰਗਰੇਜ਼ਾਂ ਨਾਲ ੧੯੩੨ ਵਿਚ ਕੀਤਾ ਅੰਮ੍ਰਿਤਸਰ ਦਾ ਅਹਿਦਨਾਮਾ ਹੀ ਸਿੱਖ ਰਾਜ ਲਈ ਕਰਾਰੀ ਸੱਟ ਸੀ।

ਅੱਜ ਕੁਝ ਲੋਕ ਟਿਪਣੀ ਕਰਦੇ ਕਹਿੰਦੇ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਮੁਦਕੀ ਦੀ ਲੜਾਈ ਲੜਨ ਤੋਂ ਕਿਉਂ ਇਨਕਾਰ ਕੀਤਾ। ਤੇ ਉਹ ਆਪਣੀ ਬੰਦੂਕ ਸਤਲੁਜ ਵਿਚ ਸੁਟ ਤੁਰ ਗਏ। ਉਸ ਵੇਲੇ ਦੇ ਸਿੱਖ ਆਗੂਆਂ ਨੇ ਸਰਦਾਰ ਸ਼ਾਮ ਸਿੰਘ ਅਟਾਰੀ ਵਾਲੇ ਨੂੰ ਧਕੇ ਨਾਲ ਜੰਗ ਦੀ ਅੱਗ ਵਿਚ ਝੋਕਿਆ। ਉਹ ਵੀ ਜਾਣਦਾ ਸੀ ਕਿ ਸਾਰੀ ਕੌਮ ਫ਼ਰਸਟਰੇਟਡ ਹੋ ਚੁਕੀ ਹੈ। ਜੰਗ ਜਿੱਤਣੀ ਇਨ੍ਹਾਂ ਦੇ ਵਸ ਦੀ ਗੱਲ ਨਹੀਂ, ਪਰ ਉਹ ਖ਼ਾਲਸੇ ਦੇ ਗ਼ਲਤ ਹੁਕਮ ਦੀ ਕੁਰਬਾਨੀ ਚੜ੍ਹ ਗਿਆ। ਇਨ੍ਹਾਂ ਹਾਲਤਾਂ ਵਿਚ ਜ਼ਰੂਰੀ ਸੀ

Namdhari Elibrary NamdhariElibrary@gmail.com

ਕਿ ਕਿਸੇ ਪਰਮ ਮਨੁੱਖ ਜਾਂ ਰੱਬੀ ਨੂਰ ਦਾ ਜ਼ਹੂਰ ਹੁੰਦਾ। ਜ਼ਿੰਦਗੀ ਘੁਟ ਕੇ ਮਰ ਰਹੀ ਸੀ। ਅਨਾਜ ਦੇ ਇਕ ਇਕ ਦਾਣੇ ਤੋਂ ਤਰਸਦੀ ਫਿਰਦੀ ਸੀ, ਤੇ ਮੁੱਠੀ ਭਰ ਲੋਕ, ਜਨਤਾ ਨੂੰ ਭੇਡਾਂ ਵਾਂਗ ਅਗੇ ਲਾਈ ਫਿਰਦੇ ਸਨ।

ਫ਼ਰਸਟਰੇਟਡ ਜਨਤਾ ਨੂੰ ਆਸਰਾ ਚਾਹੀਦਾ ਸੀ। ਜਿਹੜਾ ਉਨ੍ਹਾਂ ਦੀ ਤੜਫਦੀ ਆਤਮਾਂ ਨੂੰ ਸਕੂਨ ਦੇਵੇ। ਭੜਕਦੀਆਂ ਰੂਹਾਂ ਲਈ ਜਦੋਂ ਸਾਰੇ ਸਹਾਰੇ ਟੁੱਟ ਜਾਣ ਤਾਂ ਸਭ ਤੋਂ ਵਡਾ ਸਹਾਰਾ ਆਤਮਕ ਬਲ ਦੀ ਲੋੜ ਹੁੰਦੀ ਹੈ। ਪਰ ਕੋਈ ਆਤਮਕ ਬਲ ਦੇਣ ਵਾਲਾ ਦਿੱਸੇ ਤਾਂ ਕੋਈ ਨੇੜੇ ਆਵੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਭ ਤੋਂ ਪਹਿਲਾਂ ਜਨਤਾ ਵਿਚ ਉਨ੍ਹਾਂ ਲੋਕਾਂ ਲਈ ਘਿਰਨਾ ਪੈਦਾ ਕੀਤੀ ਜਿਹੜੇ ਦੁਰਾਚਾਰ ਵਿਚ ਗ੍ਰਸੇ ਹੋਏ ਸਨ। ਤੇ ਨਾਲ ਹੀ ਦਸਿਆ ਕਿ ਜਨਤਾ ਦਾ ਕਲਿਆਣ ਤਿਆਗ, ਸਬਰ ਸੰਤੋਖ ਨਾਲ ਹੋ ਸਕਦਾ ਹੈ। ਤਿਆਗ ਲਈ ਨਵੀਂ ਯੂਨੀਫ਼ਾਰਮ ਤੇ ਸੇਧ ਦੀ ਲੋੜ ਹੈ। ਜਿਹੜੀ ਪਰਮਪਰਾ ਨਾਲੋਂ ਵਖਰੀ ਹੋਵੇ ਤੇ ਗੁਰੂ ਗੋਬਿੰਦ ਸਿੰਘ ਦੀ ਦੱਸੀ ਸੇਧ ਦੇ ਅਨੁਕੂਲ ਹੋਵੇ। ਇਸ ਲਈ ਸਤਿਗੁਰੂ ਬਾਬੇ ਨੇ ਸਭ ਤੋਂ ਪਹਿਲਾਂ ਸਿੱਖਾਂ ਵਿਚ ਤਿਆਗ ਲਿਆਉਣ ਲਈ ਉਨ੍ਹਾਂ ਦਾ ਲਿਬਾਸ ਬਦਲਿਆ ਤੇ ਅਕਾਲ ਪੁਰਖ ਨੂੰ ਸਭ ਤੋਂ ਵਡਾ ਸਾਥੀ ਦਸਿਆ।

ਸਾਦਾ ਲਿਬਾਸ, ਬਿਨਾਂ ਕਿਸੇ ਉਚੇਚ ਤੋਂ ਬਧੀਆਂ ਦਸਤਾਰਾਂ ਤੇ ਸਾਦਾ ਖ਼ੁਰਾਕ ਵਲ ਧਿਆਨ ਦਿਵਾਇਆ। ਜਦ ਮਨੁੱਖ ਦੀ ਜ਼ਿੰਦਗੀ ਸਾਦਾ ਹੋ ਜਾਏਗੀ ਤਾਂ ਜ਼ਰੂਰੀ ਹੈ ਕਿ ਉਸ ਦੀਆਂ ਲੋੜਾਂ ਘਟ ਜਾਣਗੀਆਂ। ਨਾਮ ਸਿਮਰਨ ਤੇ ਸਾਦਾ ਜੀਵਨ ਨੇ ਪਛੜੇ ਸਿੱਖਾਂ ਨੂੰ ਇਕ ਕੇਂਦਰ ਉਤੇ ਲਿਆ ਖੜਾ ਕੀਤਾ, ਜਿਥੇ ਉਹ ਆਪਣੀ ਹੋਂਦ ਦਾ ਅਹਿਸਾਸ ਕਰਨ ਲਗ ਪਏ। ਆਪਣੀ ਹੋਂਦ, ਤੇ ਆਤਮਕ ਬਲ ਦੇ ਕਾਰਨ ਜਨਤਾ ਵਿਚ ਸ੍ਵੈ ਭਰੋਸੇ ਤੇ ਫ਼ੌਲਾਦੀ ਆਚਰਨ ਉਘੜਨਾ ਸ਼ੁਰੂ ਹੋਇਆ। ਫ਼ੌਲਾਦੀ ਆਚਰਨ ਨਾਲ ਜੀਵਨ ਦੀਆਂ ਤਕਲੀਫ਼ਾਂ ਤੁਛ ਸਹੀ ਹੁੰਦੀਆਂ ਨੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਮ ਜਨਤਾ ਵਿਚ ਸ੍ਵੈ ਭਰੋਸੇ ਨੂੰ ਜਗਾਇਆਂ ਹੀ ਨਹੀਂ ਸਗੋਂ ਇਕ ਚੰਗੇ ਸੰਚਾਲਕ ਵਾਂਗ ਤੀਖਨ ਵੀ ਕੀਤਾ। ਜਿਸ ਨਾਲ ਉਸ ਵੇਲੇ ਦਾ ਨਿਜ਼ਾਮ ਕੰਬ ਉਠਿਆ।

ਮਰੀ ਹੋਈ ਜਨਤਾ ਵਿਚ ਮਸਾਵਾਤ ਦਾ ਜਜ਼ਬਾ ਉਭਰ ਆਇਆ। ਜਿਸ ਨੇ ਦਿਲਾਂ ਵਿਚ ਨਵੀਂ ਅਗਨੀ ਪਰਚੰਡ ਕਰ ਦਿਤੀ। ਇਹ ਉਹ ਅਗਨ ਸੀ ਜਿਹੜੀ ਕੌਮਾਂ ਦਾ ਸ਼ਿੰਗਾਰ ਹੁੰਦੀ ਹੈ। ਤੇ ਕੌਮਾਂ ਦਵਾਲੇ ਲਗੀਆਂ ਅਲਾਇਸ਼ਾਂ ਨੂੰ ਭਸਮ ਕਰ ਕੇ ਰਖ ਦੇਂਦੀ ਹੈ।

ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਥੱਲੇ ਕਾਮੇ, ਕਿਸਾਨ ਆ ਜਮ੍ਹਾਂ ਹੋਏ ਤੇ ਇਹ ਕੂਕਾ ਤਹਿਰੀਕ ਲੋਕ ਲਹਿਰ ਦੀ ਸ਼ਕਲ ਇਖ਼ਤਿਆਰ ਕਰ ਗਈ। ਕੁਝ ਲੋਕ ਅੱਜ ਆਖਦੇ ਹਨ ਕਿ ਕੂਕਾ ਲਹਿਰ ਜਨਤਾ ਦੀ ਪ੍ਰਤੀਨਿਧ ਨਹੀਂ ਸੀ। ਸਗੋਂ ਇਸ ਵਿਚ ਧਨਾਡ ਤੇ ਰਜਵਾੜੇ* ਵੀ ਸਨ। ਜੇ ਇਸ ਵਿਚ ਸਰਮਾਏਦਾਰ ਆਦਮੀ ਹੁੰਦੇ ਤਾਂ ਇਹ ਲਹਿਰ ਇਕ ਕਦਮ ਨਾ ਪੁਟ ਸਕਦੀ। ਸਰਮਾਏਦਾਰ ਸ਼੍ਰੇਣੀ ਨੇ ਅੰਗਰੇਜ਼ਾਂ ਦਾ ਸਾਥ ਦਿਤਾ। ਪੁਰਾਣੀਆਂ ਰੀਪੋਟਾਂ ਤੋਂ ਪਤਾ ਲਗਦਾ ਹੈ, ਕਿ ਸਾਰਾ ਪੰਜਾਬ ਕੂਕਾ ਬਣ ਗਿਆ ਸੀ ਜਿਨ੍ਹਾਂ ਦੀ ਮੁਖ਼ਾਲਫ਼ਤ ਇਹ ਰਜਵਾੜੇ, ਤੇ ਸਰਦਾਰ ਬਹਾਦਰ ਕਰਦੇ ਰਹੇ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪ੍ਰਦੇਸ ਗਮਨ ਵੇਲੇ ਕਿਹਾ ਸੀ ਕਿ ਇਨ੍ਹਾਂ ਰਜਵਾੜਿਆਂ ਦਾ ਦਲੀਜਾ ਨਾ ਹੋਇਆ ਤਾਂ ਇਹ ਲੋਕ ਦਰੜ ਜ਼ਰੂਰ ਹੋ ਜਾਣਗੇ।

ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠਾ ਉਸ ਸਮੇਂ ਦੇ ਗ਼ਰੀਬ (ਲੋਕ) ਇਕੱਠੇ ਹੋਏ, ਸੂਬਾ ਬਰਹਮ ਸਿੰਘ ਤੇ ਕਾਹਨ ਸਿੰਘ ਨਿਹੰਗ ਵਰਗੇ ਫ਼ੌਜੀ ਜਰਨੈਲ ਸਨ। ਸੂਬਾ ਸਾਹਿਬ ਸਿੰਘ ਵਰਗੇ ਸਿਆਸਤਦਾਨ ਸਨ ਜਿਨ੍ਹਾਂ ਨੇ ਨਵੀਆਂ ਤਜਵੀਜ਼ਾ ਬਨਾ ਸੰਤ ਖ਼ਾਲਸੇ ਦੇ ਝੰਡੇ ਨੂੰ ਦੁਨੀਆਂ ਵਿਚ ਲਹਿਰਾਉਣ ਦੀ ਪਰਤਿਗਿਆ ਕੀਤੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸਭ ਤੋਂ ਵੱਡੀ ਦੂਰ ਅੰਦੇਸ਼ੀ ਇਹ ਸੀ ਕਿ ਉਨ੍ਹਾਂ ਪੰਜਾਬ ਨੂੰ ਬਾਈ ਹਿੱਸਿਆਂ ਵਿਚ ਵੰਡ ਬਾਈ ਸੂਬੇ ਨੀਯਤ ਕੀਤੇ। ਜੇ ਬਾਈ ਸੂਬਿਆਂ ਦੀ ਉਮਰ ਦੀ ਔਸਤ ਕਢੀ ਜਾਵੇ ਤਾਂ ਉਹ ਸੈਂਤੀ ਵਰ੍ਹਿਆ ਤੋਂ ਉਤੇ ਨਹੀਂ ਬਣਦੀ। ਸੂਬਾ ਕਾਹਨ ਸਿੰਘ ਜੇ ਸੱਠਾਂ ਵਰ੍ਹਿਆਂ ਦਾ ਸੀ ਤਾਂ ਬੀਬੀ ਹੁਕਮੀ ਸਪੁਤ੍ਰੀ ਸੰਤ ਰਤਨ ਸਿੰਘ, ਜਿਸ ਨੇ ਜ਼ਿਲਾ ਅੰਮ੍ਰਿਤਸਰ ਤੇ ਹੁਸ਼ਿਆਰਪੁਰ ਵਿਚ ਤਹਿਲਕਾ ਪੈਦਾ ਕਰ ਦਿਤਾ ਨਵ-ਜੋਬਨਾ ਸੀ। ਜੇ ਗ਼ਦਰ ਪਾਰਟੀ ਮੋਹਰੀ ਕਰਤਾਰ ਸਿੰਘ ਸਰਾਭਾ ਨੇ ਅਠਾਰਾਂ ਵਰ੍ਹਿਆਂ ਦੀ ਉਮਰ ਵਿਚ ਅੰਗਰੇਜ਼ਾ ਨੂੰ ਵਖਤ ਪਾ ਦਿਤਾ ਸੀ, ਤਾਂ ਬੀਬੀ ਹੁਕਮੀ ਜਿਹੜੀ ਗੁਰਮਖੀ ਤੋਂ ਬਿਨਾਂ ਕੁਝ ਨਹੀਂ ਜਾਣਦੀ ਵੀਹ ਵਰ੍ਹੇ ਦੀ ਉਮਰ ਵਿਚ ਅੰਗਰੇਜ਼ ਸਰਕਾਰ ਦੇ ਕਦਮ ਉਖਾੜ ਦਿਤੇ।

੧੮੬੩ ਵਿਚ ੪੦,੦੦੦ ਕਫ਼ਨਬਦੋਸ਼ ਕੂਕਾ ਤਿਆਰ ਹੋ ਚੁੱਕਾ ਸੀ। ਇਹ ਉਹ ਤਿਆਗੀ ਤੇ ਨਿਸ਼ਕਾਮ ਸੇਵਕ ਸਨ ਜਿਹੜੇ ਕਿਸੇ ਵੇਲੇ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਸ਼ਾਰੇ ਉਤੇ ਕੁਰਬਾਨ ਹੋ ਸਕਦੇ ਸਨ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸਕੀਮ ਏਡੀ ਵੱਡੀ ਸਕੀਮ ਸੀ ਜਿਸ ਨੂੰ ਮਸਤਾਨਿਆਂ ਦੇ ਜੋਸ਼ ਨੇ ਤੋੜ ਨਾ

---

* ਵੇਖੋ ਕੂਕਾ ਡਾਕਟਰ ਆਹਲੂਵਾਲਿਆ ਪੰ: ੭੧।

Namdhari Elibrary NamdhariElibrary@gmail.com

ਚੜ੍ਹਨ ਦਿਤਾ।

ਕਿਹਾ ਜਾਂਦਾ ਹੈ ਜੇ ਮਹਾਭਾਰਤ ਦੀ ਲੜਾਈ ਨਾ ਹੁੰਦੀ, ਜੈ ਚੰਦ ਪ੍ਰਿਥੀਰਾਜ ਦੇ ਵਿਰੁਧ ਸਾਜ਼ਸ਼ ਨਾ ਕਰਦਾ,ਉਸ ਸਮੇਂ ਸਿੱਖ ਫ਼ੌਜਾਂ ਅੰਗਰੇਜ਼ਾਂ ਨਾਲ ਲੜਾਈਆਂ ਵਿਚ ਨਾ ਉਲਝਦੀਆਂ ਤੇ ਸਰਦਾਰ ਹੀਰਾ ਸਿੰਘ ਦਾ ਜੱਥਾ ਜੋਸ਼ ਵਿਚ ਆ ਮਲੇਰ ਕੋਟਲੇ ਉਤੇ ਧਾਵਾ ਨਾ ਕਰਦੇ ਤਾਂ ਭਾਰਤ ਦਾ ਕੁਝ ਹੋਰ ਹੀ ਨਕਸ਼ਾ ਹੁੰਦਾ।

ਕੌਣ ਇਤਿਹਾਸਕਾਰ ਕਹਿੰਦਾ ਹੈ ਕਿ ਨਾਮਧਾਰੀ ਲਹਿਰ (ਕੂਕਾ ਤਹਿਰੀਕ) ਨਰੋਲ ਧਾਰਮਕ ਹੈ, ਜਿਹੜਾ ਕਹਿੰਦਾ ਹੈ ਉਹ ਇਤਿਹਾਸ ਤੋਂ ਅੱਖਾਂ ਮੀਟ ਕੇ ਆਖਦਾ ਹੈ। ਜਾਂ ਉਸ ਵਿਚ ਸੱਚ ਨੂੰ ਜਾਚਣ ਲਈ ਤਾਕਤ ਨਹੀਂ। ਜੇ ਇਹ ਤਹਿਰੀਕ ਨਿਰੋਲ ਧਾਰਮਕ ਹੁੰਦੀ ਤਾਂ ਸਤਿਗੁਰੂ ਜੀ ਨੂੰ ਕੀ ਲੋੜ ਸੀ ਉਹ ਸਰਦਾਰ ਹੀਰਾ ਸਿੰਘ ਨੂੰ ਜੰਮੂ ਕਸ਼ਮੀਰ ਵਿਚ ਕੂਕਾ ਰੈਜਮੈਂਟ ਦੀ ਸਥਾਪਨਾ ਲਈ ਭੇਜਦੇ। ਤੇ ਬਹੁਤ ਕੂਕੇ ਮਾਹਰਾਜਾ ਨੇਪਾਲ ਦੀਆਂ ਫ਼ੌਜਾਂ ਵਿਚ ਸ਼ਾਮਲ ਹੁੰਦੇ।

ਹਰ ਕੂਕਾ ਪਰਮ ਮਨੁੱਖ ਸੀ, ਤਿਆਗੀ ਸੀ। ਦੇਸ਼ ਅਤੇ ਧਰਮ ਉਤੋਂ ਕੁਰਬਾਨ ਹੋਣ ਲਈ ਹਰ ਵੇਲੇ ਤਿਆਰ ਸੀ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਅੰਗਰੇਜ਼ ਸਰਕਾਰ ਦੀਆਂ ਫ਼ਾਈਲਾਂ ਵਿਚ ਦਰਜ ਹੈ ਕੂਕਾ ਝੂਠ ਨਹੀਂ ਬੋਲਦਾ। ਉਹ ਕੁਰਬਾਨ ਹੋ ਸਕਦਾ ਹੈ, ਪਰ ਲਾਲਚ ਵਿਚ ਨਹੀਂ ਫਸ ਸਕਦਾ।

ਮੈਨੂੰ ਮਹਾਨ ਸ਼ਖ਼ਸੀਅਤ ਸੰਤ ਮੰਗਲ ਸਿੰਘ ਫਤੂਹੀ ਚੱਕੀਏ ਦਾ ਕਥਨ ਯਾਦ ਆਇਆ ਹੈ। ਉਹ ਕਹਿੰਦੇ ਹੁੰਦੇ ਸਨ, ਜਿਸ ਸਿੱਖ ਦੇ ਘਰ ਦੂਜੇ ਡੰਗ ਲਈ ਆਟਾ ਹੈ ਉਹ ਸਿੱਖ ਨਹੀਂ ਰਹਿ ਸਕਦਾ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਸੂਬਾ ਸਾਹਿਬ ਸਿੰਘ ਸੂਬਾ ਬਰਹਮ ਸਿੰਘ, ਸੂਬਾ ਕਾਹਨ ਸਿੰਘ ਜਿਹੀਆਂ ਹਜ਼ਾਰਾਂ ਸ਼ਖ਼ਸੀਅਤਾਂ ਪੈਦਾ ਕੀਤੀਆ, ਜਿਨ੍ਹਾਂ ਉਤੇ ਇਤਿਹਾਸ, ਕੌਮ ਅਤੇ ਮੁਲਕ ਨੂੰ ਗੌਰਵ ਹੈ। ਪਰ ਇਨ੍ਹਾਂ ਦਬੀਆਂ ਸ਼ਖ਼ਸੀਅਤਾਂ ਦੇ ਮੂੰਹਾਂ ਉਤੋਂ ਕੋਈ ਮਿੱਟੀ ਲਾਹੁਣ ਨੂੰ ਤਿਆਰ ਨਹੀਂ। ਇਹ ਉਹ ਲੋਕ ਸਨ ਜਿਨ੍ਹਾਂ ਦੇ ਨਾਂ ਸੁਣ ਕੇ ਮਲਕਾ ਵਿਕਟੋਰੀਆ ਦਾ ਸਿੰਘਾਸਨ ਡੋਲ ਜਾਂਦਾ ਸੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਫ਼ਰਮਾਉਂਦੇ ਸਨ ਕਿ ਸਤਿਗੁਰੂ ਰਾਮ ਸਿੰਘ ਜੀ ਨੇ ਲਿਖ ਭੇਜਿਆ ਸੀ, "ਕੂਕਿਓ ਤੁਸਾਂ ਮੇਰਾ ਗਵਾਚੀ ਵੱਛੀ ਜਿੰਨਾ ਫ਼ਿਕਰ ਵੀ ਨਹੀਂ ਕੀਤਾ।"

ਜ਼ਿੰਦਗੀ ਹਾਂ ਮੈਂ ਭੀ ਕਭੀ ਥਾ ਤੇਰਾ ਮਮਨੂਨੇ ਕਰਮ।
ਅਬ ਜੋ ਜ਼ਿੰਦਾ ਹੂੰ ਤੋ ਹੈ ਤੁਮ ਪੇ ਭੀ ਅਹਿਸਾਨ ਮੇਰਾ।

"ਬੁਰੇ ਅਤੇ ਆਪਣੇ ਲਈ ਨੁਕਸਾਨਦੇਹ ਕੰਮਾਂ ਦਾ ਕਰਨਾ ਆਸਾਨ ਹੈ, ਪਰ ਸ਼ੁਭ ਅਤੇ ਲਾਭਦਾਇਕ ਕੰਮਾਂ ਦਾ ਕਰਨਾ ਬਹੁਤ ਔਖਾ ਹੈ।"

"ਇਹ ਸੰਸਾਰ ਅੰਨ੍ਹਾ ਹੈ, ਥੋੜ੍ਹੇ ਹੀ ਏਥੇ ਅੰਤਰ-ਦਰਸ਼ੀ ਹਨ। ਜਾਲ ਤੋਂ ਮੁਕਤ ਪੰਛੀਆਂ ਵਾਂਗ ਥੋੜ੍ਹੇ ਹੀ ਲੋਕ ਸਵਰਗ ਨੂੰ ਜਾਂਦੇ ਹਨ।"

"ਮਨੁੱਖ ਜਨਮ ਮੁਸ਼ਕਲ ਨਾਲ ਮਿਲਦਾ ਹੈ। ਮਨੁੱਖਾ ਜੀਵਨ ਮੁਸ਼ਕਲ ਨਾਲ ਕਾਇਮ ਰਹਿੰਦਾ ਹੈ।"

"ਮੇਰੇ ਕੋਲ ਨਹੀਂ ਆਏਗਾ, ਇਹ ਸੋਚ ਕੇ ਪਾਪ ਨੂੰ ਨਜ਼ਰਅੰਦਾਜ਼ ਨਾ ਕਰੋ। ਬੂੰਦ ਬੂੰਦ ਪਾਣੀ ਡਿਗਣ ਨਾਲ ਘੜਾ ਭਰ ਜਾਂਦਾ ਹੈ।"

"ਦੂਜਿਆਂ ਦੇ ਦੋਸ਼ ਵੇਖਣਾ ਆਸਾਨ ਹੈ, ਆਪਣੇ ਦੋਸ਼ ਵੇਖਣਾ ਕਠਿਨ ਹੈ।"

"ਨਾ ਤੇ ਫੁੱਲਾਂ ਦੀ ਸੁਗੰਧੀ, ਨਾ ਚੰਦਨ ਦੀ ਖ਼ੁਸ਼ਬੂ, ਨਾ ਤਗਰ ਅਤੇ ਚੰਬੇਲੀ ਦੀ ਮਹਿਕ ਹਵਾ ਦੇ ਵਿਰੁਧ ਜਾਂਦੀ ਹੈ, ਪਰ ਸਤਿਪੁਰਸ਼ਾਂ ਦੀ ਸੁਗੰਧੀ ਹਵਾ ਤੋਂ ਉਲਟ ਵੀ ਜਾਂਦੀ ਹੈ।"

—ਭਗਵਾਨ ਬੁੱਧ

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਨੂੰ ਮਾਨਤਾ ਦਿਵਾਈਏ

ਪ੍ਰੀਤਮ ਸਿੰਘ ਕਵੀ

ਇਕ ਗੱਲ ਸਾਨੂੰ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਦੁਨੀਆਂ ਵਿਚ ਬਦਲਾਉ ਦਾ ਬਹੁਤਾ ਸ਼ਰੇਅ ਪੋਲੀਟੀਕਲ ਸ਼ਕਤੀਆਂ ਦੇ ਹੱਥ ਹੀ ਹੁੰਦਾ ਹੈ। ਦੇਸ਼ਾਂ ਦੇ ਇਤਿਹਾਸ ਵਿਚ ਉਹ ਵਿਅਕਤੀਆਂ ਹੀ ਜ਼ਿਕਰਯੋਗ ਹੁੰਦੀਆਂ ਨੇ ਜਿਨ੍ਹਾਂ ਨੇ ਆਪਣੇ ਲੋਕਾਂ ਨੂੰ ਪਹਿਲਾਂ ਨਾਲੋਂ ਬਿਹਤਰ ਜੀਵਨ ਦੇਣ ਲਈ ਸੰਘਰਸ਼ ਕੀਤਾ ਹੋਵੇ। ਸਾਡਾ ਮਹੱਤਵ ਵੀ ਜੇ ਕੋਈ ਹੈ ਤਾਂ ਉਹ ਬਾਹਲਾ ਕਰਕੇ ਸਾਡੇ ਰਾਜਨੀਤਕ-ਪਿਛੋਕੜ ਕਾਰਨ ਹੀ ਹੈ।

ਅਪਣਾ ਸਦਾਚਾਰਕ ਸਮਾਜਕ ਜੀਵਨ ਜਾਂ ਨਿੱਜੀ ਆਚਰਣਕ ਉੱਚਤਾ ਸਾਡੇ ਸਮਾਜ ਲਈ ਮਾਣ ਦਾ ਕਾਰਨ ਹੋ ਸਕਦੀ ਹੈ, ਮੇਲ ਜੋਲ ਦੇ ਲੋਕਾਂ ਵਿਚ ਸ਼ਲਾਘਾ ਦਿਵਾ ਸਕਦੀ ਹੈ, ਪਰ ਜਦੋਂ ਵੀ ਦੇਸ਼ ਦੇ ਇਤਿਹਾਸਕ ਰੰਗ ਮੰਚ ਦਾ ਅਸਾਂ ਭਾਗ ਬਣਨਾ ਹੁੰਦਾ ਹੈ, ਓਦੋਂ ਸਾਡੇ ਲਈ ਪੋਲੀਟੀਕਲ ਮਸਲਿਆਂ ਵਲ ਸਾਡੀ ਪਹੁੰਚ ਅਤੇ ਸੰਘਰਸ਼ ਹੀ ਸਾਨੂੰ ਲੋਕ-ਨਜ਼ਰ ਵਿਚ ਲਿਆ ਸਕਦਾ ਹੈ।

ਸਤਿਗੁਰੂ ਰਾਮ ਸਿੰਘ ਜੀ, ਜਿਸ ਇਤਿਹਾਸਕ-ਅੰਧਕਾਰ ਵਿਚ ਉਜਾਗਰ ਹੋਏ, ਉਸ ਦਾ ਪ੍ਰਮੁਖ ਕਾਰਨ ਉਨ੍ਹਾਂ ਦੀ ਦੇਸ਼ ਦਾ ਭਵਿੱਖ ਬਦਲਣ ਦੀ ਪ੍ਰਬਲ ਭਾਵਨਾ ਸੀ, ਜਿਸ ਨੂੰ ਉਨ੍ਹਾਂ ਸਦਾਚਾਰਕ ਤੇ ਸਮਾਜ ਸੁਧਾਰਕ ਖੰਭਾਂ ਨਾਲ ਅਗਾਹਾਂ ਵਲ ਨੂੰ ਸੇਧਿਆ।

ਅਸੀਂ ਸਤਿਗੁਰੂ ਰਾਮ ਸਿੰਘ ਜੀ ਦੇ ਵਿਰਸੇ ਵਿਚੋਂ ਸਦਾਚਾਰਕ ਤੇ ਸਮਾਜਕ ਤੱਤ ਨੂੰ ਅੱਜ ਡਿੱਠ ਦੇ ਪੱਖੋਂ ਤਾਂ ਲਈ ਆਉਂਦੇ ਹਾਂ, ਪਰ ਪੋਲਿਟੀਕਲ ਪਖੋਂ ਏਨਾ ਅੰਤਰਮੁਖੀ ਹੋ ਗਏ ਹਾਂ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਮਹਾਨ ਸ਼ਖ਼ਸੀਅਤ ਨੂੰ ਲੋਕ-ਪਿਆਰੀ ਤੇ ਇਤਿਹਾਸਕ-ਪਰਚਾਰੀ ਨਾ ਬਣਾ ਕੇ ਆਪਣੇ ਲਈ ਪੂਜਾ ਦੇ ਤੌਰ ਤੇ ਵਰਤ ਰਹੇ ਹਾਂ।

ਸਤਿਗੁਰੂ ਰਾਮ ਸਿੰਘ ਜੀ ਦੇ ਪ੍ਰਦੇਸ-ਗਮਨ ਦੀ ਸ਼ਤਾਬਦੀ ਮਨਾਣ ਦਾ ਵਿਚਾਰ ਪਹਿਲਾਂ ਪਹਿਲ ਜਿਸ ਵਿਅਕਤੀ ਦੇ ਧਿਆਨ ਵਿਚ ਆਇਆ ਉਹ ਧਨਤਾ ਯੋਗ ਹੈ; ਨਾਮਧਾਰੀ ਵਿਦਿਅਕ ਜਥਿਆਂ ਦਾ ਉਹ ਭਾਗ ਵੀ ਸਿਰ ਨਿਵਾਣ ਯੋਗ ਹੈ ਜਿਸ ਨੇ ਇਸ ਨਾਅਰੇ ਨੂੰ ਨਾਮਧਾਰੀ ਜਗਤ ਵਿਚ ਉਚੇਰੀ ਥਾਂ ਦਿਵਾਈ ਅਤੇ ਉਹ ਸਾਰੇ ਸਮੂਹ ਪ੍ਰਸੰਸਾ ਦੇ ਪਾਤਰ ਹਨ ਜੋ ਇਸ ਸ਼ਤਾਬਦੀ ਨੂੰ ਲੈ ਕੇ ਸਾਲ ਭਰ ਸਮਾਰੋਹ ਕਰਦੇ-ਕਰਾਂਦੇ ਰਹੇ ਹਨ ਪਰੰਤੂ ਅਸੀਂ ਹਕੀਕਤ ਤੋਂ ਅੱਖਾਂ ਨਹੀਂ ਮੀਟ ਸਕਦੇ ਕਿ ਸਤਾਬਦੀ ਸਮਾਗਮ ਕੇਵਲ ਤੇ ਕੇਵਲ ਨਾਮਧਾਰੀ ਪੱਧਰ ਤੇ ਹੀ ਚਲਦੇ ਚਲਾਂਦੇ ਰਹੇ ਹਨ, ਇਨ੍ਹਾਂ ਨੂੰ ਸਰਕਾਰੀ ਪੱਧਰ ਤੇ ਮਾਨਤਾ ਨਹੀਂ ਮਿਲ ਸਕੀ।

ਇਸ ਦੇ ਮੈਨੂੰ ਤਾਂ ਦੋ ਹੀ ਕਾਰਨ ਸਮਝ ਆਏ ਹਨ : (੧) ਅਸਾਂ ਸਤਿਗੁਰੂ ਰਾਮ ਸਿੰਘ ਜੀ ਨੂੰ ਏਨਾ ਆਪਣਾ ਬਣਾ ਲਿਆ ਹੈ ਕਿ ਉਹ ਦੂਜਿਆਂ ਲਈ ਓਪਰੇ ਹੋ ਗਏ ਹਨ। (੨) ਸਾਡੀ ਪੋਲਿਟੀਕਲ ਨਿਰਜਿੰਦਤਾ ਹੁਕਮਰਾਨਾਂ ਤੇ ਨੀਮ ਹੁਕਮਰਾਨਾਂ ਤੇ ਇਹ ਦਬਾਉ ਹੀ ਨਹੀਂ ਪਾ ਸਕੀ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਜ਼ਿਕਰ ਬਿਨਾਂ, ਕੂਕਾ-ਸੰਘਰਸ਼ ਦੇ ਬਿਆਨ ਬਿਨਾਂ ਕੋਈ ਵੀ ਭਾਰਤੀ ਸੁਤੰਤਰਤਾ ਸੰਗਰਾਮ ਦਾ ਨਿਰੂਪਣ ਕਰਦੀ ਪੁਸਤਕ ਅਧੂਰੀ ਮੰਨੀ ਜਾ ਸਕਦੀ।

ਸੁਤੰਤਰਤਾ-ਸੰਗ੍ਰਾਮ ਦੀ ਨਿਰੰਤਰ ਜਗਦੀ-ਮਘਦੀ ਜਵਾਲਾ ਦਾ ਕੂਕਾ ਅੰਦੋਲਨ ਇਕ ਅਨਿਖੜਵਾਂ ਭਾਗ ਹੈ। ੧੮੫੭ ਤੋਂ, ਘਟੋ ਘਟ ੧੮੭੨ ਤਕ ਦਾ ਸਮਾਂ ਬਰਤਾਨਵੀ ਰਾਜ ਦੀ ਨੀਂਦ ਹਰਾਮ ਕਰੀ ਰੱਖਣ ਲਈ ਸਤਿਗੁਰੂ ਰਾਮ ਸਿੰਘ ਜੀ ਦੇ ਹਿੱਸੇ ਹੀ ਆਉਂਦਾ ਹੈ। ਉਨ੍ਹਾਂ ਨਿੱਘਰ ਚੁਕੇ ਸਮਾਜ ਨੂੰ ਉਚਿਆਂ ਚੁਕਣ ਲਈ ਸਮਾਜ ਸੁਧਾਰ ਲਾਗੂ ਕੀਤੇ; ਉਨ੍ਹਾਂ ਮਾਨਸਿਕ ਪੱਧਰ ਤੋਂ ਗਿਰ ਚੁਕੇ ਲੋਕਾਂ ਦੇ ਜੀਵਨ-ਪੱਧਰ ਨੂੰ ਮੁੜ ਤੋਂ ਮਨੋਬਲ ਦਾ ਲਾਲ-ਲਾਲ ਲਹੂ

Namdhari Elibrary NamdhariElibrary@gmail.com

ਦਿਤਾ ਤੇ ਉਨ੍ਹਾਂ ਹੀ ਉਸ ਰਾਜਸੀ ਸੇਧ ਦੀ ਅਗਵਾਈ ਦਿਤੀ ਜਿਸ ਤੇ ਅੱਜ ਦੇ ਸਾਰੇ ਭਾਰਤੀ ਇਤਿਹਾਸ ਲੇਖਕ ਬੜੇ ਫ਼ਖ਼ਰ ਨਾਲ ਲਿਖਦੇ ਹਨ ਕਿ ਭਾਰਤ ਨੇ ਆਜ਼ਾਦੀ ਪੂਰ ਅਮਨ ਜਦੋਜਹਿਦ ਅਤੇ ਸਤਿਆਗ੍ਰਹਿ ਦੇ ਹਥਿਆਰਾਂ ਨਾਲ ਪ੍ਰਾਪਤ ਕੀਤੀ ਹੈ — ਤੇ ਕੀ ਕਾਰਨ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਨੂੰ ਸਰਕਾਰੀ ਮਾਨਤਾ ਖੁਲ੍ਹੇ ਮਨ ਨਾਲ ਨਾ ਦਿਤੀ ਜਾਵੇ !

ਸਾਡੇ ਰਾਜਸੀ ਵਿਰੋਧੀ, ਜਾਂ ਸਮਾਜਕ ਵਿਰੋਧੀ ਇਕੋ ਇਕ ਦਲੀਲ ਦੇਂਦੇ ਹਨ ਕਿ ਗੁਰੂ ਰਾਮ ਸਿੰਘ ਜੀ ਦਾ ਆਚਰਣ ਕੇਵਲ ਵਿਅਕਤਕ ਜੀਵਨ ਨੂੰ ਉਚਾਈ ਦੇਣ ਤੇ ਧਾਰਮਕ ਸੁਧਾਰਾਂ ਨੂੰ ਬਹਾਲ ਕਰਨ ਦੇ ਹੀ ਕੰਮ ਆਇਆ, ਉਹ ਉਨ੍ਹਾ ਦੀ ਸਾਰੀ ਰਾਜਸੀ ਜਦੋ ਜਹਿਦ ਨੂੰ, ਨਾਮਧਾਰੀਆਂ ਦੁਆਰਾ ਪ੍ਰਾਪਤ ਪ੍ਰੇਰਣਾਦਾਇਕ ਸ਼ਹੀਦੀਆਂ ਨੂੰ ਕੇਵਲ ਧਾਰਮਕ ਭਾਵਨਾ, ਗਊ-ਹੱਤਿਆ ਹਿਤ ਚੁਕੇ ਕਦਮਾਂ ਦੇ ਸਿੱਟੇ ਦੇ ਤੌਰ ਹੀ ਗਿਣਦੇ ਹਨ — ਪਰ ਉਹ ਸਾਰੀਆਂ ਸਰਕਾਰੀ ਗਵਾਹੀਆਂ, ਸਰਕਾਰੀ ਦਸਤਾਵੇਜ਼ਾਂ ਵਲੋਂ ਅੱਖਾਂ ਤੇ ਪੱਟੀਆਂ ਬੰਨ੍ਹ ਛਡਦੇ ਹਨ ਜਿਨ੍ਹਾਂ ਵਿਚ ਨਾਮਧਾਰੀ — ਅੰਦੋਲਨ ਦਾ ਜ਼ਿਕਰ ਹੀ ਰਾਜਸੀ-ਤੱਤ ਦੀ ਪ੍ਰਮੁਖਤਾ ਕਾਰਨ ਹੈ ।

— ਕੂਕਾ-ਆਊਟ ਬ੍ਰੇਕ, ਸ: ਨਾਹਰ ਸਿੰਘ ਐਮ. ਏ. ਵਲੋਂ ਪ੍ਰਕਾਸ਼ਤ ਆਰਕਾਈਵਜ਼ ਦੀਆਂ ਦਸਤਾਵੇਜ਼ਾਂ, ੧੮੭੧-੭੨ ਦੇ ਦੇਸ਼ ਵਿਚ ਪ੍ਰਕਾਸ਼ਤ ਉਰਦੂ ਅੰਗਰੇਜ਼ੀ ਅਖ਼ਬਾਰ, ਬਰਤਾਨਵੀ ਪਾਰਲੀਮੈਂਟ ਦੇ ਉਸ ਵੇਲੇ ਦੇ ਕਮੈਂਟਸ ਅਤੇ ਚਰਚਾ, ਜ਼ਾਰ ਦੇ ਰੂਸ ਦੇ ਅਖ਼ਬਾਰਾਂ ਤੇ ਆਰਟਿਸਟਾਂ ਦੇ ਚਿੱਤਰ, ਮੌਜੂਦਾ ਦੌਰ ਦੇ ਕੁਝ ਵਿਦਵਾਨ ਇਤਿਸਕਾਰਾਂ ਦੀਆਂ ਲਿਖਤਾਂ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਚਲਾਇਆ ਸੰਗਰਾਮ ਮੁੜ ਖ਼ਾਲਸਾ ਰਾਜ ਦੀ ਸਥਾਪਤੀ ਸੀ — ਅੱਜ ਕਲ੍ਹ ਦਾ ਅਕਾਲੀ ਪਾਰਟੀ ਦੇ ਕੁਝ ਅੰਸ਼ਾਂ ਵਲੋਂ ਫ਼ਿਰਕੂ ਖ਼ਾਲਸਾ ਰਾਜ ਨਹੀਂ ਸਗੋਂ ਮਹਾਰਾਜਾ ਰਣਜੀਤ ਸਿੰਘ ਵਾਲਾ ਅਫ਼ਿਰਕੂ ਸੁਤੰਤਰ ਖ਼ਾਲਸਾ ਰਾਜ ਕਾਇਮ ਕਰਨਾ ਅਤੇ ਬਰਤਾਨਵੀ ਸਾਮਰਾਜ ਦੇ ਕੋਹੜ ਤੋਂ ਪੰਜਾਬੀ ਖਿਤੇ ਨੂੰ ਬਚਾਣਾ ਹੀ ਸੀ — ਪਰ ਕਿਉਂਕਿ ਅਸਾਂ ਸਤਿਗੁਰਾਂ ਦੇ ਕੇਵਲ ਧਾਰਮਕ ਪੱਖ ਨੂੰ ਗਲ ਲਾ ਕੇ ਉਨ੍ਹਾਂ ਦੇ ਰਾਜਸੀ ਪੱਖ ਤੋਂ ਪ੍ਰੇਰਨਾ ਨਹੀਂ ਲਈ, ਮੌਜੂਦਾ ਰਾਜਸੀ ਹਾਲਾਤ ਵਿਚ ਆਪ ਸਰਗਰਮ ਹਿੱਸਾ ਨਹੀਂ ਲੈਂਦੇ ਇਸ ਕਾਰਨ ਤੇ ਨਿੱਕੇ ਮੋਟੇ ਹੋਰ ਕਾਰਨਾਂ ਕਰਕੇ ਸਤਿਗੁਰੂ ਰਾਮ ਸਿੰਘ ਜੀ ਨੂੰ ਰਾਜਸੀ ਮੰਚ ਉਤੇ ਉਨ੍ਹਾਂ ਦਾ ਸਹੀ ਸਥਾਨ ਨਹੀਂ ਦਿਵਾ ਸਕੇ । ਨਹੀਂ ਤੇ ਕੀ ਕਾਰਨ ਹੈ ਕਿ ਸ੍ਰੀ ਜੀ ਦਾ ਇਕ ਚਿੱਤਰ-ਮਾਤਰ ਵੀ ਭਾਰਤ ਦੇ ਪਾਰਲੀਮੈਂਟ ਭਵਨ ਵਿਚ ਦੂਜੇ ਰਾਜਸੀ ਨੇਤਾਵਾਂ ਵਿਚ ਨਾ ਹੁੰਦਾ ।

ਮੈਨੂੰ ਸੰਦੇਹ ਨਹੀਂ ਕਿ ਜਿਨ੍ਹਾਂ ਲੋਕਾਂ ਦੇ ਚਿੱਤਰ ਪਾਰਲੀਮੈਂਟ ਵਿਚ ਸੁਭਾਇਮਾਨ ਹਨ ਉਨ੍ਹਾਂ ਵਿਚ ਅਨੇਕਾਂ ਐਸੇ ਵਿਅਕਤੀ ਮਿਲਣਗੇ, ਜਿਹੜੇ ਸਤਿਗੁਰੂ ਰਾਮ ਸਿੰਘ ਜੀ ਵਾਂਗ ਹੀ ਧਾਰਮਿਕ ਸਨ, ਸਮਾਜ ਸੁਧਾਰਕ ਸਨ ਤੇ ਉਨ੍ਹਾਂ ਓਸੇ ਭਾਵਨਾ ਅਧੀਨ ਕੰਮ ਕੀਤਾ ਜਿਸ ਅਧੀਨ ਸਤਿਗੁਰੂ ਜੀ ਆਪਣੇ ਸਮੇਂ ਕਰਦੇ ਰਹੇ । ਜੇ ਕਾਰਤੂਸਾਂ ਨਾਲ ਲਗੀ ਚਰਬੀ ਜਾਂ ਗਊ-ਤੰਦੀ ਇਕ ਰਾਜਸੀ ਬਗ਼ਾਵਤ ਪੈਦਾ ਕਰਨ ਵਿਚ, ਅੱਜ ਸੰਨ ਸਤਵੰਜਾ ਦਾ ਗ਼ਦਰ ਰਾਜਸੀ ਮਹਾਨਤਾ ਪ੍ਰਾਪਤ ਕਰ ਸਕਦਾ ਹੈ ਤਾਂ ਕਿਉਂ, ਉਸੇ ਬਗ਼ਾਵਤ ਦੇ ਕੁਚਲੇ ਜਾਣ ਬਾਅਦ, ਪੰਜਾਬ ਦੇ ਲੋਕਾਂ ਦੀ ਸੁਤੰਤਰਤਾ ਪ੍ਰਾਪਤੀ ਦੀ ਅਡਿਗ ਇੱਛਾ, ਜੋ ਕੂਕਾ ਅੰਦੋਲਨ ਰਾਹੀਂ ਪ੍ਰਫੁਲਤ ਹੋਈ, ਕੇਵਲ ਧਾਰਮਕ ਸੁਆਲ ਬਣ ਜਾਏ ਤੇ ਰਾਜਸੀ ਮਹੱਤਵ ਤੋਂ ਹੀਣ ਕਰ ਦਿਤੀ ਜਾਵੇ ।

ਇਸ ਸਾਰੇ ਪਰਸੰਗ ਵਿਚ ਮੈਂ ਬਹੁਤ ਕੁਝ ਸਾਡਾ ਆਪਣਾ ਦੋਸ਼ ਵੀ ਸਵੀਕਾਰਦਾ ਹਾਂ । ਇਹ ਠੀਕ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਬਾਅਦ ਅੰਗਰੇਜ਼ ਹੁਕਮਰਾਨ ਨੇ ਕੂਕਾ-ਅੰਦੋਲਨ ਨੂੰ ਬਹੁਤ ਬੁਰੀ ਤਰ੍ਹਾਂ ਕੁਚਲਿਆ, ਨਿਰਸੰਦੇਹ ਨਾਮਧਾਰੀਆਂ ਨੂੰ ਮੁਜਰਮ-ਜਾਤੀਆਂ ਵਾਂਗ ਅਨੇਕ ਯਾਤਨਾਵਾਂ ਦਾ ਸ਼ਿਕਾਰ ਹੋਣਾ ਪਿਆ, ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਨਾਮਧਾਰੀਆਂ ਦੀ ਅੰਗਰੇਜ਼ ਵੇਲੇ ਰੋਜ਼ਾਨਾ ਥਾਣੇ-ਹਾਜ਼ਰੀ ਨੇ ਸਾਡੇ ਵਡਾਰੂਆਂ ਨੂੰ ਜ਼ਰਾ ਹੋਰ ਅੰਡਰ-ਗ੍ਰਾਊਂਡ ਸਰਗਰਮੀਆਂ ਤਕ ਲੈ ਆਂਦਾ, ਪਰ ਤਾਂ ਵੀ ਸਤਿਗੁਰੂ ਹਰੀ ਸਿੰਘ ਜੀ ਦੀ ਚੁੱਪ-ਕੀਤੀ ਮਹਾਨ ਸ਼ਖ਼ਸੀਅਤ ਨੇ ਉਨ੍ਹਾਂ ਅਨੇਕਾ-ਅਨੇਕ ਰਾਜਸੀ ਦਬਾਉ-ਝੱਖੜਾਂ ਦਾ ਸਾਹਮਣਾ ਕਰਕੇ, ਨਾਮਧਾਰੀਆਂ ਨੂੰ ਅੱਜ ਦ੍ਰਿਸ਼ਟੀਗੋਚਰ ਹੋਣ ਜੋਗਾ ਬਚਾਈ ਰਖਿਆ ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਨੇ ਆਪਣੇ ਦੌਰ ਵਿਚ ਰਾਜਸੀ ਸਰਗਰਮੀਆਂ ਦੀ ਅੰਦਰੂਨ ਸਹਾਇਤਾ ਕੀਤੀ, ਕਾਂਗਰਸ ਤਹਿਰੀਕ ਨੂੰ ਪ੍ਰਤੱਖ ਸਮਰਥਨ ਦਿਤਾ, ਬੱਬਰ ਤਹਿਰੀਕ ਤੇ ਅਕਾਲੀ ਤਹਿਰੀਕ ਵਿਚ ਉਨ੍ਹਾਂ ਪਾਸੋਂ ਮੰਗੀ ਗਈ ਵਿਅਕਤੀਗਤ ਸਹਾਇਤਾ ਪ੍ਰਾਪਤ ਹੋਂਦੀ, ਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਅੰਗਰੇਜ਼ ਰਾਜ ਦੀਆਂ ਕੁਚਾਲਾਂ ਵਿਰੁੱਧ, ਉਨ੍ਹਾਂ ਦੇ ਟਾਕਰੇ ਘੋੜ-ਦੌੜਾਂ ਵਿਚ ਕਰਦੇ ਹੋਏ ਵੀ, ਆਪਣੇ ਲੋਕਾਂ ਦੇ ਨਾਲ ਰਹੇ ; ਅੰਗਰੇਜ਼ਾਂ ਵਲੋਂ ਫੈਲਾਈ ਜਾਂਦੀ ਫ਼ਿਰਕਾ ਪ੍ਰਸਤੀ ਦੀ ਜ਼ਹਿਰ ਵਿਰੁੱਧ ਵੀ ਸੁਚੇਤ ਜਤਨ

Namdhari Elibrary NamdhariElibrary@gmail.com



ਸ੍ਰੀ ਭੈਣੀ ਸਾਹਿਬ ਪੁਲੀਸ ਤੋਂ ਚੋਰੀ ਸਿੰਘਾਂ ਦਾ ਪ੍ਰਸਾਦੇ ਲੈਣ ਦਾ ਦ੍ਰਿਸ਼ਯ ।

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਕਰਦੇ ਰਹੇ ; ਸਨ ੪੭ ਤੋਂ ਸੁਤੰਤਰਤਾ ਪ੍ਰਾਪਤੀ ਦੇ ਪਿਛੋਂ ਸਤਿਗੁਰੂ ਜੀ ਨੇ ਉਜੜ ਕੇ ਆਏ ਨਾਮਧਾਰੀਆਂ ਨੂੰ ਮੁੜ-ਵਸੇਬੇ ਵਿਚ ਸਹਾਇਕ ਹੋ ਕੇ ਇਕ ਤਰ੍ਹਾਂ ਨਾਲ ਭਾਰਤ ਸਰਕਾਰ ਤੇ ਖ਼ਾਸ ਕਰ ਪੰਜਾਬ ਸਰਕਾਰ ਦੀਆਂ ਅਹਿਮ ਜ਼ਿਮੇਂਵਾਰੀਆਂ ਵਿਚ ਭਾਗ ਲਿਆ।

ਨਾਮਧਾਰੀ ਦੇਸ਼ ਨੂੰ ਆਜ਼ਾਦੀ ਮਿਲਣ ਉਪਰੰਤ ਚਰਿੱਤਰ ਵਲੋਂ ਬਦਲ ਗਏ ਹਨ। ਹੁਣ ਪਹਿਲੀਆਂ ਪੀੜ੍ਹੀਆਂ ਦਾ ਬਹੁਤ ਘੱਟ ਅੰਸ਼ ਬਾਕੀ ਹੈ ; ਨਾਮਧਾਰੀ ਸਕੂਲਾਂ ਕਾਲਜਾਂ ਵਿਚ ਧੜਾ-ਧੜ ਜਾ ਰਹੇ ਹਨ — ਹਰ ਤਰ੍ਹਾਂ ਦੀ ਤਾਲੀਮ ਹਾਸਲ ਕਰ ਰਹੇ ਹਨ ; ਉਨ੍ਹਾਂ ਦੀ ਆਰਥਕ ਹਾਲਤ ਪਹਿਲਾਂ ਨਾਲੋਂ ਬਹੁਤ ਉਚੇਰੀ ਹੋ ਗਈ ਹੈ। ਕਾਰੋਬਾਰੀ ਲੋਕ ਪਹਿਲਾਂ ਨਾਲੋਂ ਵਧੇਰੇ ਮਜ਼ਬੂਤ, ਵਧੇਰੇ ਪੜ੍ਹੇ ਲਿਖੇ ਤੇ ਵਧੇਰੇ ਸਮਰੱਥ ਹੋ ਗਏ ਹਨ, ਨਾਮਧਾਰੀ ਕਿਸਾਨੀ ਵੀ ਪੰਜਾਬ ਦੀ ਹੋਰ ਕਿਸਾਨੀ ਵਾਂਗ ਕਾਫ਼ੀ ਉੱਨਤ ਹੋ ਚੁੱਕੀ ਹੈ, ਵਿਦੇਸ਼ਾਂ ਵਿਚ ਗਏ ਨਾਮਧਾਰੀ ਵੀ ਪਹਿਲਾਂ ਤੋਂ ਵਧੇਰੇ ਸਮਰਿਧ ਹੋ ਗਏ ਹਨ — ਅੱਜ ਕਿਸੇ ਗੱਲ ਦੀ ਥੁੜ ਨਹੀਂ।

ਸਭ ਤੋਂ ਵੱਡੀ ਗੱਲ ਨਾਮਧਾਰੀਆਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਜੈਸੀ ਮਹਾਨ ਉਦਾਰ, ਖੁਲ੍ਹ-ਦਿਲੀ, ਉਦਮੀ ਅਤੇ ਅਗੇ ਵਧਣ ਦੀ ਇੱਛਾ ਨਾਲ ਓਤ-ਪ੍ਰੋਤ ਪਿਆਰੀ ਸ਼ਖ਼ਸੀਅਤ ਗੁਰੂ ਰੂਪ ਵਿਚ ਪ੍ਰਾਪਤ ਹੈ — ਅੱਜ ਕੀ ਨਹੀਂ ਹੋ ਸਕਦਾ।

ਸਤਿਗੁਰੂ ਰਾਮ ਸਿੰਘ ਪ੍ਰਦੇਸ-ਗਵਨ ਸਤਾਬਦੀ ਦਾ ਸੰਕਲਪ ਉਠਦਿਆਂ ਹੀ ਵਰਤਮਾਨ ਸਤਿਗੁਰੂ ਜੀ ਵਲੋਂ ਭਰਪੂਰ ਹੁੰਗਾਰਾ ਮਿਲਿਆ ਤੇ ਸਮਾਰੋਹਾਂ ਦੇ ਪਲਾਨ ਉਲੀਕੇ ਗਏ — ਦੇਸ਼ ਵਿਦੇਸ਼ਾਂ ਵਿਚ ਸ਼ਤਾਬਦੀ ਸਮਿਤੀਆਂ ਦੀ ਸਿਰਜਨਾ ਕਰ ਦਿਤੀ ਗਈ। ਸ੍ਰੀ ਮਹਾਰਾਜ ਬੀਰ ਸਿੰਘ ਜੀ ਦੀ ਸਰਪ੍ਰਸਤੀ ਹੇਠ, ਅੰਤਰ ਰਾਸ਼ਟਰੀ ਸ਼ਤਾਬਦੀ ਸਮਿਤੀ ਦਾ ਗਠਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਨਾਮਧਾਰੀ ਜਗਤ ਦੇ ਪ੍ਰਸਿਧ ਧਨੀਮਾਨੀ ਸੇਠ ਤ੍ਰਿਲੋਕ ਸਿੰਘ, ਪ੍ਰਧਾਨਗੀ ਮੰਡਲ ਵਿਚ ਹੋਰ ਪ੍ਰਸਿਧ ਸ਼ਖ਼ਸੀਅਤਾਂ ਨਾਲ ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਦੇ ਜੇਠੇ ਸਪੁਤਰ ਠਾਕੁਰ ਸ਼ਮਸ਼ੇਰ ਸਿੰਘ ਜੀ ਸੁਭਾਇਮਾਨ ਹੋਏ। ਸਮਿਤੀ ਦੇ ਸਕੱਤਰਾਂ ਵਿਚੋਂ ਅਨੁਭਵੀ ਨੌਜਵਾਨ ਸ: ਹਰਵਿੰਦਰ ਸਿੰਘ ਹੰਸਪਾਲ, ਸਕੱਤਰਾਂ ਵਿਚੋਂ ਸ੍ਰੀ ਗੁਰਭਜਨ ਸਿੰਘ ਜੀ ਸਤਿਗੁਰੂ ਜੀ ਦੇ ਨਿੱਜੀ ਸਕੱਤਰ ਅਤੇ ਸ੍ਰੀ ਸਵਰਨ ਸਿੰਘ ਜੀ ਸਨੇਹੀ ਅਣਥਕ ਵਰਕਰ ਹਨ। ਇਸ ਸਮਿਤੀ ਨੇ ਹੋਰ ਸਭ ਸਜਨਾਂ ਸਨੇਹੀਆਂ ਤੇ ਪੰਥਕ-ਸ਼ਖਸੀਅਤਾਂ ਦੇ ਸਹਿਯੋਗ ਨਾਲ, ਸਲਾਹੁਣ ਯੋਗ ਕੰਮ ਕੀਤੇ ਹਨ। ਪੁਸਤਕਾਵਾਂ, ਕੈਲੰਡਰ ਅਤੇ ਇਸ ਪ੍ਰਕਾਰ ਦੇ ਹੋਰ ਪ੍ਰਕਾਸ਼ਨ ਦੇ ਕੇ ਸੁਜਤਨ ਜਾਰੀ ਰਖੇ ਹਨ — ਸ਼ਤਾਬਦੀ ਨਿਊਜ਼ ਮਾਸਿਕ ਦਾ ਬਰਵਕਤ ਅਤੇ ਯੋਗ ਸਮਗਰੀ ਨਾਲ ਪ੍ਰਕਾਸ਼ਤ ਹੁੰਦੇ ਰਹਿਣਾ ਵੀ ਆਪਣੇ ਆਪ ਵਿਚ ਇਕ ਗੱਲ ਹੈ ਤੇ ਇਸ ਸਭ ਕੁਝ ਦੇ ਪਿਛੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਰਦ ਹਸਤ ਕੰਵਲ ਹੈ।

ਬਹੁਤ ਦੂਰ ਹੋਣ ਕਰਕੇ ਮੈਂ ਸਮੁਚੇ ਸਮਾਰੋਹਾਂ ਤੋਂ ਅਣਜਾਣ ਹਾਂ।

ਪਰ ਕਹਿਣਾ ਇਹ ਚਾਹੁੰਦਾ ਹਾਂ ਕਿ ਜੇ ਅਸੀਂ ਭਾਰਤ ਦੇ ਸਮੁੱਚੇ ਇਤਿਹਾਸਕਾਰਾਂ ਯਾ ਕੇਂਦਰੀ ਸਰਕਾਰ ਤੇ ਪ੍ਰਾਂਤਕ ਸਰਕਾਰਾਂ ਦੇ ਖ਼ਾਨੇ ਵਿਚ ਜੇ ਠੋਸ ਰੂਪ ਵਿਚ ਇਹ ਗੱਲ ਦਾਖ਼ਲ ਕਰ ਦੇਈਏ ਕਿ ਸਤਿਗੁਰੂ ਰਾਮ ਸਿੰਘ ਜੀ ਦੀ ਸਹੀ ਰਾਜਸੀ ਕੀਮਤ ਨੂੰ ਅੰਕੇ ਬਿਨਾਂ ਤੁਸੀਂ ਅਗੇ ਨਹੀਂ ਚਲ ਸਕਦੇ, ਤੁਲਨਾਤਮਿਕ ਅਧਿਐਨ ਕਰਕੇ ਦੂਜੀਆਂ ਰਾਜਸੀ ਵਿਅਕਤੀਆਂ ਦੇ ਟਾਕਰੇ ਤੇ ਸਤਿਗੁਰੂ ਜੀ ਨੂੰ ਕਿਉਂ ਸਥਾਨ ਨਾ ਮਿਲੇ — ਤਾਂ ਅਸੀਂ ਇਸ ਸ਼ਤਾਬਦੀ ਸਮਾਗਮ ਨੂੰ ਵਧੇਰੇ ਸਫ਼ਲ ਬਣਾ ਸਕਾਂਗੇ।

ਇਹ ਠੀਕ ਹੈ ਕਿ ਰਾਜਸੀ ਲੋਕਾਂ ਨੂੰ ਰਾਜਸੀ ਢੰਗ ਤਰੀਕਿਆਂ ਨਾਲ ਕਾਇਲ ਕੀਤਾ ਜਾ ਸਕਦਾ ਹੈ, ਮਨਾਇਆ ਜਾ ਸਕਦਾ ਹੈ, ਝੁਕਾਇਆ ਜਾ ਸਕਦਾ ਹੈ।

ਆਓ, ਸਤਿਗੁਰੂ ਰਾਮ ਸਿੰਘ ਜੀ ਨੂੰ ਆਪਣੇ ਘੇਰੇ ਤੋਂ ਬਾਹਰ, ਉਨ੍ਹਾਂ ਦੇ ਵਿਚਾਰਾਂ, ਕਰਤਵਾਂ ਤੇ ਆਚਰਣ ਨਾਲ ਲੈ ਜਾਈਏ।

ਮੌਤ ਤੋਂ ਡਰਨ ਦਾ ਅਰਥ ਹੈ ਕਿ ਆਦਮੀ ਖ਼ੁਦ ਨੂੰ ਅਕਲਮੰਦ ਸਮਝਦਾ ਹੈ, ਜਦ ਕਿ ਉਹ ਅਕਲਮੰਦ ਨਹੀਂ ਹੈ, ਕਿਉਂਕਿ ਉਹ ਅਜਿਹੀ ਗੱਲ ਜਾਨਣ ਬਾਰੇ ਸੋਚਦਾ ਹੈ, ਜੋ ਉਹ ਜਾਣਦਾ ਨਹੀਂ। ਕੋਈ ਆਦਮੀ ਇਹ ਨਹੀਂ ਜਾਣਦਾ ਕਿ ਮੌਤ ਆਦਮੀ ਲਈ ਸਭ ਤੋਂ ਵੱਡਾ ਵਰਦਾਨ ਵੀ ਸਾਬਤ ਹੋ ਸਕਦੀ ਹੈ, ਫੇਰ ਵੀ ਉਹ ਉਸ ਤੋਂ ਇੰਜ ਡਰਦਾ ਹੈ, ਜਿਵੇਂ ਉਹ ਸੰਸਾਰ ਦੀ ਸਭ ਤੋਂ ਭਿਆਨਕ ਚੀਜ਼ ਹੋਵੇ।

—ਸਾਕਰੇਟਜ਼

Namdhari Elibrary NamdhariElibrary@gmail.com

ਸਤਿਗੁਰੂ ਰਾਮ ਸਿੰਘ ਜੀ ਦਾ ਬੰਦੀ ਜੀਵਨ

ਪੀ. ਸੀ. ਰਾਏ

"ਜਿਸ ਰੱਬ ਦੀ ਉਸਤਤੀ ਪੁਰਾਣੇ ਕਵੀਆਂ ਨੇ ਕੀਤੀ ਹੈ, ਉਹ ਰੱਬ ਰਾਮ ਸਿੰਘ ਦੇ ਰੂਪ ਵਿਚ ਪ੍ਰਗਟਿਆ ਹੈ।"

੧੮੬੩ ਤੋਂ ਇਕ ਰਾਜਨੀਤਕ ਮਸ਼ਕੂਕ, ਗੁਰੂ ਰਾਮ ਸਿੰਘ ੧੪ ਜਨਵਰੀ, ੧੮੭੨ ਦੀ ਰਾਤ ਨੂੰ ਕੂਕਾ ਬਗ਼ਾਵਤ ਤੋਂ ਤੁਰਤ ਹੀ ਪਿਛੋਂ ਬਰਤਾਨਵੀ ਹਾਕਮਾਂ ਦੇ ਅਨੁਮਾਨ ਵਿਚ "ਅਤਿਅੰਤ ਖ਼ਤਰਨਾਕ" ਆਦਮੀ ਬਣ ਗਿਆ। ਉਸ ਨੂੰ ਆਜ਼ਾਦ ਰਹਿਣ ਦੀ ਆਗਿਆ ਨਹੀਂ ਸੀ ਦਿਤੀ ਜਾ ਸਕਦੀ। ਉਸ ਨੂੰ ਗ੍ਰਿਫ਼ਤਾਰ ਕਰ ਕੇ ਬਿਨਾਂ ਮੁਕੱਦਮਾ ਚਲਾਏ ਨਜ਼ਰਬੰਦ ਰਖਿਆ ਗਿਆ ਅਤੇ ਅਖ਼ੀਰ ਬਰਤਾਨਵੀ ਬਰਮਾ ਵਿਚ ਭੇਜ ਦਿਤਾ ਗਿਆ ਸੀ, ਤਾਂ ਜੋ ਹਿੰਸਕ ਗੜਬੜਾਂ ਪੰਜਾਬ ਵਿਚ ਬਰਤਾਨਵੀਂ ਹਕੂਮਤ ਦੀਆਂ ਜੜ੍ਹਾਂ ਨਾ ਹਿਲਾ ਦੇਣ। ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਦਿੱਲੀ ਵਿਚ ਆਪਣੇ ਕੈਂਪ ਤੋਂ ੧੬ ਜਨਵਰੀ ਨੂੰ ਕਲਕੱਤੇ ਦੇ ਗਵਰਨਰ-ਜਨਰਲ ਨੂੰ ਤਾਰ ਦੁਆਰਾ ਇਕ ਗੁਪਤ ਸੁਨੇਹਾ ਭੇਜਿਆ। ਇਸ ਦਾ ਹਵਾਲਾ ਹੇਠਾਂ ਦਿਤਾ ਜਾਂਦਾ ਹੈ।

"ਪਹਿਲੇ ਵਾਕਿਆਤ ਨੂੰ ਧਿਆਨ ਵਿਚ ਰਖਦਿਆਂ, ਇਹ ਉਪੱਦਰ ਦਸਦੇ ਹਨ ਕਿ ਇਸ ਮੱਤ ਦੇ ਆਗੂਆਂ ਦੀ ਲਾ-ਇਲਾਜ ਸਾਜ਼ਸ਼ ਹੈ। ਜਿੰਨਾ ਚਿਰ ਇਹ ਆਜ਼ਾਦ ਫਿਰਦੇ ਹਨ, ਮੁਲਕ ਸੁਰੱਖਿਅਤ ਨਹੀਂ। ਇਸ ਲਈ, ਮੈਂ ਫੌਰਸਿਥ ਨੂੰ ਅਧਿਕਾਰ ਦਿਤਾ ਹੈ ਕਿ ਰਾਮ ਸਿੰਘ ਅਤੇ ਮੁਖੀ ਸੂਬੇ ਨੂੰ ਫੜ ਲਿਆ ਜਾਵੇ।"

ਅੰਬਾਲੇ ਦੇ ਕਮਿਸ਼ਨਰ, ਲੈਫ਼ਟੀਨੈਂਟ ਗਵਰਨਰ, ਟੀ. ਡੀ. ਫੌਰਸਿਥ ਨੇ ਹਦਾਇਤਾਂ ਤੇ ਅਮਲ ਕਰਦੇ ਹੋਏ, ੧੭ ਤੇ ੧੮ ਜਨਵਰੀ ਦੀ ਵਿਚਲੀ ਰਾਤ ਇਕ ਵਜੇ ਗੁਰੂ ਰਾਮ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਨੂੰ ਦੋ ਚੇਲਿਆਂ: ਲੱਖਾ ਸਿੰਘ ਅਤੇ ਸਾਹਿਬ ਸਿੰਘ ਸਮੇਤ ਤੁਰਤ ਦਿੱਲੀ ਭੇਜ ਦਿਤਾ, ਜਿਥੋਂ ਉਨ੍ਹਾਂ ਨੂੰ ਹਥਿਆਰਬੰਦ ਪਹਿਰੇ ਹੇਠ ਅਲਾਹਾਬਾਦ ਲਿਆਂਦਾ ਗਿਆ ਅਤੇ ੧੮੧੮ ਦੇ ਨੇਮ III ਦੀਆਂ ਧਾਰਾਵਾਂ ਅਧੀਨ ਅਲਾਹਾਬਾਦ ਸੈਂਟਰਲ ਜੇਲ ਵਿਚ ਬੰਦ ਕਰ ਦਿਤਾ ਗਿਆ। ਕੂਕਿਆਂ ਦੇ ਆਗੂ ਨੂੰ ਉਸ ਦੀਆਂ ਸਰਗਰਮੀਆਂ ਦੇ ਕੇਂਦਰ ਤੋਂ ਦੂਰ ਲਿਜਾਣ ਅਤੇ ਦੁਰੇਡੇ ਅਲਾਹਾਬਾਦ ਦੀ ਜੇਲ ਵਿਚ ਉਨ੍ਹਾਂ ਨੂੰ ਕੈਦ ਕਰਨ ਨਾਲ ਆਸ ਕੀਤੀ ਜਾਂਦੀ ਸੀ ਕਿ ਪੰਜਾਬ ਦੀ ਹਾਲਤ ਆਮ ਵਰਗੀ ਹੋ ਜਾਏਗੀ।

ਇਹ ਜਾਣਨਾ ਦਿਲਚਸਪੀ ਦੀ ਗੱਲ ਹੈ ਕਿ ਪੰਜਾਬ ਵਿਚ ਕੂਕਾ ਬਗ਼ਾਵਤ ਤੋਂ ਉਨ੍ਹਾਂ ਬਰਤਾਨਵੀ ਅਫ਼ਸਰਾਂ ਦੇ ਦਿਲਾਂ ਵਿਚ ਵੀ ਦਹਿਸ਼ਤ ਬੈਠ ਗਈ ਸੀ, ਜਿਹੜੇ ਗੜਬੜ ਵਾਲੀ ਥਾਂ ਤੋਂ ਬਹੁਤ ਦੂਰ ਲਗੇ ਹੋਏ ਸਨ। ਅਲਾਹਾਬਾਦ ਦੇ ਜ਼ਿਲਾ ਮੈਜਿਸਟ੍ਰੇਟ, ਜੇ. ਸੀ. ਰੋਬਸਟਨ ਨੇ, ਜਿਸ ਨੂੰ ਗੁਰੂ ਰਾਮ ਸਿੰਘ ਦੀ ਗ੍ਰਿਫ਼ਤਾਰੀ ਤੇ ਨਜ਼ਰਬੰਦੀ ਦੇ ਵਾਰੰਟ ਮਿਲੇ ਸਨ, ਸੁਰੱਖਿਆ ਦੀ ਦ੍ਰਿਸ਼ਟੀ ਤੋਂ ਇਸ ਦੀ ਅਨੁਕੂਲਤਾ ਨੂੰ ਜਾਚਣ ਲਈ ਅਲਾਹਾਬਾਦ ਦੀ ਸੈਂਟਰਲ ਜੇਲ ਦਾ ਮੁਆਇਨਾ ਕੀਤਾ। ਸਾਵਧਾਨੀ ਨਾਲ ਮੁਆਇਨਾ ਕਰਨ ਤੋਂ ਮਗਰੋਂ ਉਸ ਨੇ ਸੋਚਿਆ ਕਿ ਇਸ ਖ਼ਤਰਨਾਕ ਬੰਦੇ ਨੂੰ ਅਲਾਹਾਬਾਦ ਦੇ ਕਿਲ੍ਹੇ ਵਿਚ ਰਖਣਾ ਹੀ ਸਿਆਣਪ ਹੋਵੇਗੀ। ਭਾਰਤ ਸਰਕਾਰ ਦੇ ਸਕੱਤਰ, ਈ. ਸੀ. ਬੇਲੇ ਨੂੰ ਆਪਣੀ ਚਿੱਠੀ ਵਿਚ ਉਸ ਨੇ ਲਿਖਿਆ:

"ਕਲ੍ਹ ਮੈਂ, ਜੱਜ ਸ੍ਰੀ ਰਿਕਟੱਸ ਦੇ ਨਾਲ ਜਾ ਕੇ, ਨਿੱਜੀ ਤੌਰ ਤੇ ਜੇਲ ਦਾ ਮੁਆਇਨਾ ਕੀਤਾ, ਅਤੇ ਅਸੀਂ ਦੋਵੇਂ ਇਸ ਨਤੀਜੇ ਤੇ ਪਹੁੰਚੇ ਕਿ ਇਨ੍ਹਾਂ ਬੰਦਿਆਂ ਨੂੰ ਐਸੀ ਥਾਂ ਰਖਣਾ ਜਿਥੋਂ ਭਜ ਨਿਕਲਣ ਦੀਆਂ ਸਭ ਸਹੂਲਤਾਂ ਮੌਜੂਦ ਹਨ ਬਿਲਕੁਲ ਸਿਆਣਪ ਨਹੀਂ ਹੋਵੇਗੀ। ਇਸ ਲਈ, ਮੈਂ ਅਗਲੀਆਂ ਹਦਾਇਤਾਂ ਮਿਲਣ ਤਕ ਕੈਦੀਆਂ ਨੂੰ ਕਿਲ੍ਹੇ ਵਿਚ ਬੰਦ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੈ... ਜੇ ਮੈਂ ਆਪਣੀ ਰਾਏ ਪ੍ਰਗਟ ਕਰਨ ਦਾ ਹੀਆ ਕਰਾਂ, ਮੈਂ ਸੁਝਾਓ ਦਿਆਂਗਾ ਕਿ ਕਿਲ੍ਹਾ ਮੈਨੂੰ ਇਨ੍ਹਾਂ ਨੂੰ ਨਜ਼ਰਬੰਦ ਰਖਣ ਲਈ ਕਿਤੇ ਵਧੇਰੇ ਯੋਗ ਥਾਂ ਜਾਪਦੀ ਹੈ।"

ਵਾਸਤਵ ਵਿਚ ਜੇਲ ਅਧਿਕਾਰੀਆਂ ਨੂੰ ਡਰ ਸੀ ਕਿ ਗੁਰੂ ਦੇ ਚੇਲਿਆਂ ਵਲੋਂ ਉਨ੍ਹਾਂ ਨੂੰ ਨਜ਼ਰਬੰਦੀ ਵਿਚੋਂ ਕੱਢ ਲਿਜਾਣ ਦੀਆਂ ਕੋਸ਼ਿਸ਼ਾਂ ਹੋਣਗੀਆਂ। ਜੇਲ ਦੇ ਸੁਪਰੰਟੈਂਡੰਟ ਨੇ ਜ਼ਿਲਾ ਮੈਜਿਸਟ੍ਰੇਟ ਨੂੰ ਪਹਿਲਾਂ ਹੀ ਇਤਲਾਹ ਕਰ ਦਿਤੀ ਸੀ ਕਿ ਬਾਹਰੋਂ ਬਚਾਅ ਲੈ ਜਾਣ ਦੀ ਕੋਸ਼ਿਸ਼ ਦੀ ਸੂਰਤ ਵਿਚ ੧੦੦ ਆਦਮੀਆਂ ਨੂੰ ਜੇਲ ਅੰਦਰ ਵੜ

Namdhari Elibrary NamdhariElibrary@gmail.com

ਆਉਣੋਂ ਰੋਕਣ ਦਾ ਕੋਈ ਪ੍ਰਬੰਧ ਨਹੀਂ। ਢੱਠੀ ਕੰਧ ਉਤੇ ਇਕੱਲੇ ਸੰਤਰੀ ਦਾ ਆਸਾਨੀ ਨਾਲ ਸਿਰ ਪਾੜਿਆ ਜਾ ਸਕਦਾ ਸੀ, ਅਤੇ ਛੁਡਾ ਕੇ ਲੈ ਜਾਣ ਵਾਲੀ ਪਾਰਟੀ ਸੌਖਿਆਂ ਹੀ ਬੈਰਿਕਾਂ ਉਤੇ ਜਾਂ ਸੈੱਲਾਂ ਉਤੇ ਪੁਲਸ ਦੇ ਪਹੁੰਚਣ ਤੋਂ ਪਹਿਲਾਂ ਹੀ ਹਮਲਾ ਆਰੰਭ ਕਰ ਸਕਦੀ ਸੀ।"

ਇਥੋਂ ਤਕ ਕਿ ਅਲਾਹਾਬਾਦ ਦਾ ਕਿਲ੍ਹਾ ਵੀ ਕੂਕਾ ਗੁਰੂ ਨੂੰ ਨਜ਼ਰਬੰਦ ਰਖਣ ਲਈ ਕਾਫ਼ੀ ਮਜ਼ਬੂਤ ਨਹੀਂ ਸੀ ਸਮਝਿਆ ਗਿਆ। ਅਲਾਹਾਬਾਦ ਤੀਰਥ-ਯਾਤਰੂਆਂ ਦਾ ਕੇਂਦਰ ਸੀ, ਜਿਥੇ ਰਾਮ ਸਿੰਘ ਦੇ ਚੇਲਿਆਂ ਦਾ ਅਧਿਕਾਰੀਆਂ ਦੀ ਨਜ਼ਰ ਵਿਚ ਆਏ ਬਿਨਾਂ ਇਕੱਠੇ ਹੋ ਜਾਣਾ, ਆਪਣੇ ਗੁਰੂ ਨਾਲ ਸੰਪਰਕ ਸਥਾਪਤ ਕਰ ਲੈਣਾ ਅਤੇ ਪੰਜਾਬ ਅੰਦਰ ਉਥਲ-ਪੁਥਲ ਦੀਆਂ ਸਰਗਰਮੀਆਂ ਜਾਰੀ ਰਖਣ ਵਿਚ ਉਨ੍ਹਾਂ ਤੋਂ ਰਾਹਨੁਮਾਈ ਲੈਣਾ ਸੌਖਾ ਹੋਵੇਗਾ। ਅਜਿਹੀ ਕਿਸੇ ਸੰਭਾਵਨਾ ਨੂੰ ਖ਼ਤਮ ਕਰਨ ਲਈ ਭਾਰਤ ਦੀ ਸਰਕਾਰ ਨੇ ਉਨ੍ਹਾਂ ਨੂੰ ਬਰਤਾਨਵੀ ਬਰਮਾ ਭੇਜਣ ਦਾ ਫ਼ੈਸਲਾ ਕੀਤਾ ਅਤੇ ਰਾਜ ਕੈਦੀਆਂ ਦੀ ਸੁਰੱਖਿਅਤ ਹਿਰਾਸਤ ਲਈ ਬੰਦੋਬਸਤ ਕਰਨ ਦੀ ਉਸ ਨੂੰ ਸੂਚਨਾ ਦੇ ਦਿਤੀ। ਨਿਰਸੰਦੇਹ, ਗਵਰਨਰ ਜਨਰਲ ਇਨ ਕੌਂਸਲ ਨੇ ਕੂਕਿਆਂ ਨੂੰ ਲੀਡਰ ਦੇ ਮੁਕੱਦਮੇ ਤੇ ਰਿਹਾਈ ਦੇ ਸਵਾਲਾਂ ਉਤੇ ਵਿਚਾਰ ਕੀਤੀ, ਪਰ ਕੁਝ ਵੀ ਉਚਿਤ ਨਹੀਂ ਸੀ। ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਇਸ ਵੇਲੇ ਫ਼ੌਜਦਾਰੀ ਅਦਾਲਤਾਂ ਨੂੰ ਨਿਵੇਦਨ ਕੀਤੇ ਬਿਨਾਂ ਅਚਾਨਕ ਗ੍ਰਿਫ਼ਤਾਰੀਆਂ ਕਰਨ ਦੀ ਤਾਕਤ ਹਾਸਲ ਕਰਨ ਲਈ ਅੜਿਆ ਹੋਇਆ ਸੀ ਕਿਉਂਕਿ ਉਸ ਨੂੰ ਖ਼ਬਰਾਂ ਮਿਲੀਆਂ ਸਨ ਕਿ ੧੮੭੨ ਦੇ ਅਪ੍ਰੈਲ ਮਹੀਨੇ ਵਿਚ ਕੂਕੇ ਇਕ ਹੋਰ ਬਗ਼ਾਵਤ ਕਰਨ ਦੇ ਜਤਨ ਕਰਨਗੇ। ਉਸ ਰਾਏ ਵਿਚ ਉਹ ਉਸ ਤੋਂ ਵਧੇਰੇ ਤਾਕਤ ਨਹੀਂ ਸੀ ਮੰਗ ਰਿਹਾ, "ਜਿੰਨੀ ਨਿਸਚਿਤ ਜਾਂ ਅਨਿਸਚਿਤ ਸਮੇਂ ਲਈ, ਹੇਬੀਅਸ ਕਾਰਪਸ ਐਕਟ ਦੀ ਮੁਅੱਤਲੀ ਤੋਂ ਮਗਰੋਂ ਆਇਰਲੈਂਡ ਦੇ ਲਾਰਡ ਲੈਫ਼ਟੀਨੈਂਟ ਕੋਲ ਸਾਧਾਰਨ ਰੂਪ ਵਿਚ ਹੀ ਸੀ।" ਅਜਿਹੀ ਧਮਾਕੇ ਵਾਲੀ ਹਾਲਤ ਵਿਚ ਗੁਰੂ ਰਾਮ ਸਿੰਘ ਤੇ ਮੁਕੱਦਮਾ ਨਹੀਂ ਸੀ ਚਲਾਇਆ ਜਾ ਸਕਦਾ। ਗਵਰਨਰ ਜਨਰਲ ਇਨ ਕੌਂਸਲ ਸਮਝਦਾ ਸੀ ਕਿ ਇਸ ਗੱਲ ਦੀ ਚੋਖੀ ਗਵਾਹੀ ਮੌਜੂਦ ਹੈ ਕਿ ਗੁਰੂ ਰਾਮ ਸਿੰਘ ਨੂੰ ਨਿਰੰਤਰ ਨਜ਼ਰਬੰਦ ਰਖਿਆ ਜਾਏ ਅਤੇ ਇਹ ਦਰਸਾਉਣ ਲਈ ਵੀ ਕਿ ਉਨ੍ਹਾਂ ਦੀ ਰਿਹਾਈ "ਦੇਸ਼ ਦੇ ਅਮਨ ਤੇ ਸ਼ਾਂਤੀ ਲਈ ਖ਼ਤਰਨਾਕ ਹੋਵੇਗੀ।"

ਗੁਰੂ ਰਾਮ ਸਿੰਘ ਨੂੰ ੧੧ ਮਾਰਚ ਦੀ ਸਵੇਰ ਕਿਲ੍ਹੇ ਵਿਚੋਂ ਬਾਹਰ ਕਢਿਆ ਗਿਆ। ਇਕ ਯੂਰਪੀ ਅਫ਼ਸਰ ਦੀ ਨਿਗਰਾਨੀ ਹੇਠ ਹਥਿਆਰਬੰਦ ਗਾਰਦ ਦੇ ਪਹਿਰੇ ਵਿਚ ਉਹ ਪੰਜ ਦਿਨ ਮਗਰੋਂ ਰੰਗੂਨ ਪਹੁੰਚੇ ਅਤੇ ਰੰਗੂਨ ਦੀ ਸੈਂਟਰਲ ਜੇਲ ਵਿਚ ਬੰਦ ਕਰ ਦਿਤੇ ਗਏ। ਬਰਤਾਨਵੀ ਬਰਮਾ ਨੂੰ ਜਲਾਵਤਨੀ ਸਮੇਂ ਰਸਤੇ ਵਿਚ ਸ਼ਹਿਰ ਅੰਦਰ ਉਨ੍ਹਾਂ ਦੇ ਰੁਕਣ ਸਮੇਂ ਗੁਰੂ ਰਾਮ ਸਿੰਘ ਜੀ ਦਾ ਇਕ ਕਲਮੀ-ਚਿਤਰ ਕਲਕੱਤੇ ਦੇ ਦੈਨਿਕ ਅਖ਼ਬਾਰ **ਇੰਗਲਿਸ਼ਮੈਨ** ਵਿਚ ਛਪਿਆ ਮਿਲਦਾ ਹੈ। ੧੪ ਮਾਰਚ, ੧੮੭੨ ਨੂੰ ਅਖ਼ਬਾਰ ਨੇ ਲਿਖਿਆ :

"ਕੂਕਾ ਮੁਖੀ, ਰਾਮ ਸਿੰਘ ਸੋਮਵਾਰ ਸਵੇਰੇ ਰਾਜ ਕੈਦੀ ਦੀ ਹੈਸੀਅਤ ਵਿਚ ਕਲਕੱਤੇ ਪਹੁੰਚਾ, ਅਤੇ ਤੁਰਤ ਹੀ ਰੰਗੂਨ ਭੇਜ ਦਿਤਾ ਗਿਆ। ਇਕ ਯੂਰਪੀ ਪੁਲਸ ਅਫ਼ਸਰ ਤੇ ਕੁਝ ਸਥਾਨਕ ਸਿਪਾਹੀਆਂ ਦੇ ਚਾਰਜ ਵਿਚ ਉਸ ਨੂੰ ਇਕ ਨੌਕਰ ਸਮੇਤ ਹਾਵੜਾ ਲਿਆਂਦਾ ਗਿਆ। ਉਹ ਛੇ ਫ਼ੁਟ ਤੋਂ ਵਧ ਲੰਮੇ ਕੱਦ ਦਾ ਆਦਮੀ ਹੈ ਅਤੇ ਉਹ ਬਹੁਤ ਬੁੱਢਾ ਜਾਪਦਾ ਹੈ। ਉਸ ਦੇ ਵਾਲ, ਦਾੜ੍ਹੀ, ਮੁੱਛਾਂ ਚਿੱਟੀਆਂ ਹਨ। ਸਾਨੂੰ ਆਸ ਹੈ ਕਿ ਉਸ ਦੀ ਸੇਵਾ ਸੰਭਾਲ ਧਿਆਨ ਨਾਲ ਕੀਤੀ ਜਾਏਗੀ ਤੇ ਉਸ ਨੂੰ ਰੰਗੂਨ ਵਿਚ ਰਖਿਆ ਜਾਏਗਾ।"

ਗੁਰੂ ਰਾਮ ਸਿੰਘ ਦੇ ਨਾਲ ਸੇਵਾਦਾਰ ਉਨ੍ਹਾਂ ਦਾ ਅਨਿਨ ਚੇਲਾ ਨਾਨੂ ਸਿੰਘ ਸੀ, ਜਿਸ ਨੇ ਸਭ ਦੁਖ ਸਹਿਣ ਲਈ ਆਪਣੇਆਪ ਨੂੰ ਪੇਸ਼ ਕੀਤਾ, ਜਿਹੜੇ ਉਸ ਦੇ ਗੁਰੂ ਨੇ ਸਹਿਣ ਕਰਨੇ ਸਨ। ਰੰਗੂਨ ਸੈਂਟਰਲ ਜੇਲ੍ਹ ਵਿਚ ਗੁਰੂ ਰਾਮ ਸਿੰਘ ਨੂੰ ਉਪਰਲੀ ਛੱਤੇ ਇਕ ਮਕਾਨ ਅਲਾਟ ਕੀਤਾ ਗਿਆ, ਜਿਸ ਨੂੰ ਪਹਿਲਾਂ ਇਸਤ੍ਰੀ ਕੈਦ-ਖ਼ਾਨੇ ਵਜੋਂ ਵਰਤਿਆ ਜਾਂਦਾ ਸੀ। ਉਹ ਹਾਤਾ ਜਿਸ ਵਿਚ ਇਹ ਮਕਾਨ ਸੀ ਇਕ ਲੱਕੜ-ਘਰ ਬਣਾ ਦਿਤਾ ਗਿਆ ਸੀ ਅਤੇ ਫੱਟੇ ਚਾੜ੍ਹ ਕੇ ਕੈਦੀਆਂ ਦੇ ਵਾਰਡ ਦੇ ਨਾਲ ਲਗਦੇ ਹਾਤੇ ਤੋਂ ਇਸ ਨੂੰ ਬਿਲਕੁਲ ਵਖ ਕੀਤਾ ਹੋਇਆ ਸੀ। ਇਸ ਵਿਚ ਇਕ ਖੂਹ, ਟੱਟੀ ਅਤੇ ਰਸੋਈ-ਘਰ ਵੀ ਸੀ। ਗੁਰੂ ਰਾਮ ਸਿੰਘ ਅੰਮ੍ਰਿਤ ਵੇਲੇ ਅਸ਼ਨਾਨ ਕਰਿਆ ਕਰਦੇ ਸਨ। ਰਾਤ ਵੇਲੇ ਉਨ੍ਹਾਂ ਨੂੰ ਅੰਦਰ ਬੰਦ ਨਹੀਂ ਸੀ ਕੀਤਾ ਜਾਂਦਾ ਕਿਉਂਕਿ ਗਰਮੀ ਦੇ ਮੌਸਮ ਵਿਚ ਉਹ ਬਾਹਰ ਸੌਣ ਦੇ ਇਛਕ ਸਨ। ਬਰਤਾਨਵੀ ਬਰਮਾ ਦੇ, ਜੇਲਾਂ ਦੇ ਇੰਸਪੈਕਟਰ ਜਨਰਲ, ਸ੍ਰੀ ਕੈਲੀ ਨੇ ਰਿਪੋਰਟ ਦਿਤੀ ਕਿ "ਖ਼ੁਰਾਕ ਦੀ ਸ਼ਕਲ ਵਿਚ ਉਸ ਨੂੰ ਹਰ ਚੀਜ਼ ਲੈਣ ਦੀ ਆਗਿਆ ਹੈ, ਪਰ ਉਸ ਦੀਆਂ ਲੋੜਾਂ ਸੰਜਮੀ ਜਾਪਦੀਆਂ ਹਨ"।

ਭਾਰਤ ਦੀ ਸਰਕਾਰ ਨੇ ਬਰਤਾਨਵੀ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਆਖਿਆ ਕਿ ਉਹ ਕੂਕਾ ਲੀਡਰ ਵਲ "ਉਸ ਦੀ ਸੁਰੱਖਿਅਤ ਹਿਰਾਸਤ ਦੇ ਅਨੁਸਾਰੀ ਹਰ ਧਿਆਨ" ਦੇਵੇ। ਇਸ ਗੱਲ ਦਾ ਫ਼ੈਸਲਾ ਕਰਨਾ ਕਿ ਇਕ ਵਾਧੂ

Namdhari Elibrary NamdhariElibrary@gmail.com

ਸਾਵਧਾਨੀ ਦੇ ਕਦਮ ਵਜੋਂ ਗੁਰੂ ਰਾਮ ਸਿੰਘ ਨੂੰ ਤਾਵੋਂਈ ਭੇਜਿਆ ਜਾਣਾ ਚਾਹੀਦਾ ਹੈ ਜਾਂ ਮਰਗੂਈ, ਚੀਫ਼ ਕਮਿਸ਼ਨਰ ਦੇ ਸਿਰ ਸੀ। ਚੀਫ਼ ਕਮਿਸ਼ਨਰ, ਸ੍ਰੀ. ਐਡਨ, ਗੁਰੂ ਰਾਮ ਸਿੰਘ ਦੇ ਉਥੇ ਪਹੁੰਚਣ ਤੋਂ ਝੱਟ ਹੀ ਮਗਰੋਂ ਉਨ੍ਹਾਂ ਨੂੰ ਵੇਖਣ ਗਿਆ ਅਤੇ ਕੈਦ ਕਾਰਨ ਉਨ੍ਹਾਂ ਨੂੰ ਬਹੁਤ ਹੀ ਉਪਰਾਮ ਵੇਖਿਆ। ਰਾਜ ਕੈਦੀ ਨੇ ਉਨ੍ਹਾਂ ਪਾਬੰਦੀਆਂ ਬਾਰੇ ਜਿਹੜੀਆਂ ਉਨ੍ਹਾਂ ਤੇ ਲਾਈਆਂ ਗਈਆਂ ਸਨ ਬਹੁਤ ਸਾਰੀਆਂ ਸ਼ਿਕਾਇਤਾਂ ਕੀਤੀਆਂ। ਸ੍ਰੀ ਐਡਨ ਨੂੰ ਡਰ ਸੀ ਕਿ ਜੇਲ ਵਿਚ ਕੈਦ ਰੱਖਣ ਦਾ ਕੈਦੀ ਦੀ ਸਿਹਤ ਉਤੇ ਮਾੜਾ ਅਸਰ ਹੋਵੇਗਾ ਜਿਹੜਾ ਜ਼ਾਹਰਾ ਤੌਰ ਤੇ ਤਕੜਾ ਆਦਮੀ ਨਹੀਂ ਸੀ। ਉਸ ਨੇ ਭਾਰਤ ਸਰਕਾਰ ਨੂੰ ਸੁਝਾਓ ਦਿੱਤਾ ਕਿ ਰਾਮ ਸਿੰਘ ਨੂੰ ਛਾਉਣੀ ਡਾਕਖਾਨੇ ਦੀ ਇਮਾਰਤ ਵਿਚ ਰਖਿਆ ਜਾ ਸਕਦਾ ਹੈ, ਜਿਹੜੀ "ਮੁਖ ਗਾਰਦ ਦੇ ਐਨ ਨੇੜੇ ਹੈ, ਅਤੇ ਉਹ ਘਰ ਹੈ ਜਿਸ ਵਿਚ ਦਿੱਲੀ ਦੇ ਮਰਹੂਮ ਸਾਬਕਾ-ਬਾਦਸ਼ਾਹ ਨੂੰ ਕੈਦ ਰਖਿਆ ਗਿਆ ਸੀ।" ਇਹ ਕੁਦਰਤੀ ਹੀ ਸੀ ਕਿ ਚੀਫ਼ ਕਮਿਸ਼ਨਰ ਗੁਰੂ ਰਾਮ ਸਿੰਘ ਨੂੰ ਭਾਰਤ ਦੇ ਆਖ਼ਰੀ ਮੁਗ਼ਲ ਬਾਦਸ਼ਾਹ, ਬਹਾਦਰ ਸ਼ਾਹ ਦੇ ਸਮਾਨ ਗਿਣਦਾ ਜਿਸ ਨੂੰ ਬਰਤਾਨਵੀ ਹਾਕਮਾਂ ਵਿਰੁਧ ਜੰਗ ਛੇੜਨ ਦੇ ਦੋਸ਼ ਵਿਚ ਰੰਗੂਨ ਭੇਜ ਦਿੱਤਾ ਗਿਆ ਸੀ। ਸ੍ਰੀ ਐਡਨ ਦੇ ਪੱਖ ਵਿਚ ਇਹ ਆਖਿਆ ਜਾਣਾ ਚਾਹੀਦਾ ਹੈ ਕਿ ਉਸ ਨੇ ਗੁਰੂ ਰਾਮ ਸਿੰਘ ਨਾਲ ਚੰਗੇਰਾ ਵਿਹਾਰ ਕੀਤੇ ਜਾਣ ਲਈ ਭਾਰਤ ਦੀ ਸਰਕਾਰ ਅਗੇ ਉਨ੍ਹਾਂ ਦੀ ਹਮਾਇਤ ਕੀਤੀ। ਉਸ ਨੇ ਧਿਆਨ ਦੁਆਇਆ ਕਿ ਇਹ ਗੱਲ ਜੇਲ੍ਹ ਦੇ ਬੰਧੇਜ ਲਈ ਬੇਹੱਦ ਹਾਨੀਕਾਰਕ ਹੈ ਕਿ "ਕੂਕਿਆਂ ਦੇ ਆਗੂ ਵਰਗੀ ਸ਼੍ਰੇਣੀ ਦੇ" ਰਾਜ ਕੈਦੀ ਨੂੰ "ਚਾਰ ਦੀਵਾਰੀ ਵਿਚ ਬੰਦ ਰਖਿਆ ਜਾਏ।"

ਪੰਜਾਬ ਸਰਕਾਰ ਨੂੰ ਸਦਾ ਹੀ ਇਹ ਸ਼ੰਕਾ ਸੀ ਕਿ ਰਾਮ ਸਿੰਘ ਨਿਸਚੇ ਹੀ ਕੈਦ ਨੂੰ ਇਕ ਨਜਿਠੇ ਤੱਥ ਵਜੋਂ ਪ੍ਰਵਾਨ ਕਰਨੋਂ ਇਨਕਾਰੀ ਹੋਵੇਗਾ ਭਾਵੇਂ ਕਿ ਉਹ ਬੁੱਢੀ ਉਮਰ ਦਾ ਹੈ। ਕੁਲ ਪਾਬੰਦੀਆਂ ਅਤੇ ਨਿਗਰਾਨੀਆਂ ਦੇ ਬਾਵਜੂਦ ਉਹ ਨਿਸਚੇ ਹੀ ਪੰਜਾਬ ਵਿਚ ਆਪਣੇ ਸਬੰਧੀਆਂ ਤੇ ਚੇਲਿਆਂ ਨਾਲ ਸੰਪਰਕ ਕਾਇਮ ਕਰਨ ਦੀ ਕੋਸ਼ਿਸ਼ ਕਰੇਗਾ। ਜਿਸ ਦਿਨ ਗੁਰੂ ਰਾਮ ਸਿੰਘ ਰੰਗੂਨ ਪਹੁੰਚੇ ਉਸੇ ਹੀ ਦਿਨ, ਪੰਜਾਬ ਸਰਕਾਰ ਦੇ ਸਕੱਤਰ, ਐਲ. ਐਚ. ਗ੍ਰਿਫਨ ਨੇ ਭਾਰਤ ਸਰਕਾਰ ਨੂੰ ਰਿਪੋਰਟ ਦਿਤੀ ਕਿ ਰਾਮ ਸਿੰਘ ਤੇ ਉਸ ਦੇ ਮਿੱਤਰਾਂ ਦਾ ਦੋ ਨੌਕਰਾਂ ਤੇ ਇਕ ਬਾਣੀਏਂ ਰਾਹੀਂ ਜਿਸ ਤੋਂ ਸੌਦਾ ਪੱਤਾ ਲੈਂਦੇ ਸਨ ਪੰਜਾਬ ਨਾਲ ਸੰਚਾਰ ਸਿਲਸਲਾ ਕਾਇਮ ਸੀ। ਜਦੋਂ ਬਰਤਾਨਵੀ ਬਰਮਾ ਦੀ ਸਰਕਾਰ ਤੋਂ ਇਸ ਗੱਲ ਦੀ ਵਿਆਖਿਆ ਮੰਗੀ ਗਈ ਕਿ ਇਹ ਕਿਵੇਂ ਹੋ ਸਕਿਆ ਤਾਂ ਚੀਫ਼ ਕਮਿਸ਼ਨਰ ਦੇ ਸਕੱਤਰ, ਸ੍ਰੀ ਵੀਲ੍ਹਰ, ਨੇ ਭਾਰਤ ਸਰਕਾਰ ਨੂੰ ਇਤਲਾਹ ਦਿਤੀ ਕਿ ਰਾਮ ਸਿੰਘ ਅਤੇ ਪੰਜਾਬ ਵਿਚ ਉਸ ਦੇ ਚੇਲਿਆਂ ਵਿਚਕਾਰ ਕੋਈ ਵੀ ਪੱਤਰ-ਵਿਹਾਰ ਕੂਕੇ ਆਗੂ ਦੇ ਕਲਕੱਤਾ ਛਡਣ ਤੋਂ ਪਹਿਲਾਂ ਹੀ ਹੁੰਦਾ ਰਿਹਾ ਹੋਵੇਗਾ। ਰੰਗੂਨ ਵਿਚ ਪਹੁੰਚਣ ਤੋਂ ਮਗਰੋਂ ਉਹ "ਬੜੀ ਕਰੜੀ ਨਿਗਰਾਨੀ ਹੇਠ ਸੈਂਟਰਲ ਜੇਲ ਦੀ ਚਾਰ ਦੀਵਾਰੀ ਵਿਚ ਹੈ, ਅਤੇ ਉਹਦੇ ਨਾਲ ਸਿਰਫ਼ ਇਕ ਸੇਵਾਦਾਰ ਹੈ।"

ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਰਾਮ ਸਿੰਘ ਆਪਣੇ ਭਰਾ ਬੁਧ ਸਿੰਘ ਅਤੇ ਦੂਜੇ ਕੂਕੇ ਆਗੂਆਂ ਨਾਲ ਸੰਪਰਕ ਕਾਇਮ ਕਰਨਾ ਚਾਹੁੰਦੇ ਸੀ ਜਿਹੜੇ ਉਸ ਵੇਲੇ ਜੇਲੋਂ ਬਾਹਰ ਸਨ। ਉਸ ਨੇ ਲੁਧਿਆਣੇ ਜ਼ਿਲੇ ਵਿਚ ਰਹਿੰਦੇ ਬੁਧ ਸਿੰਘ ਅਤੇ ਗੋਪਾਲ ਸਿੰਘ ਨੂੰ ਗੁਰਮੁਖੀ ਵਿਚ ਇਕ ਖ਼ਤ ਲਿਖਿਆ। ਸ੍ਰੀ ਵੀਲਰ ਨੇ ਜਿਹੜਾ ਗੁਰਮੁਖੀ ਨਹੀਂ ਸੀ ਪੜ੍ਹ ਸਕਦਾ ਉਹ ਖ਼ਤ ਸੀਲਬੰਦ ਕਰ ਕੇ ਭਾਰਤ ਸਰਕਾਰ ਨੂੰ ਭੇਜ ਦਿਤਾ ਜਿਸ ਨੇ ਇਸ ਨੂੰ ਪੰਜਾਬ ਸਰਕਾਰ ਦੇ ਹਵਾਲੇ ਕਰ ਦਿਤਾ। ਇਹ ਬੇਹੱਦ ਸਰਲ ਸਿਧਾ ਖ਼ਤ ਸੀ ਜਿਸ ਵਿਚ ਕੋਈ ਐਸੀ ਗੱਲ ਨਹੀਂ ਸੀ ਜਿਸ ਉਤੇ ਸਥਾਨਕ ਸਰਕਾਰ ਵੀ ਕੋਈ ਇਤਰਾਜ਼ ਕਰ ਸਕਦੀ। ਇਸ ਖ਼ਤ ਵਿਚ ਗੁਰੂ ਰਾਮ ਸਿੰਘ ਨੇ ਜੇਲ ਵਿਚ ਆਪਣੀ ਕੈਦ ਬਾਰੇ ਆਪਣਾ ਆਭਾਗਾਪਨ ਪ੍ਰਗਟ ਕੀਤਾ ਸੀ। ਉਨ੍ਹਾਂ ਲਿਖਿਆ :

"ਪਰ ਮੇਰੇ ਅੰਦਰ ਵਿਛੋੜੇ ਦੀ ਅੱਗ ਲੱਟ ਲੱਟ ਬਲਦੀ ਹੈ। ਕਲਕੱਤੇ ਤੋਂ ਸਾਡੇ ਤੱਕ ਸਾਢੇ ਚਾਰ ਦਿਨ ਦਾ ਸਫ਼ਰ ਹੈ......। ਸਾਡੀ ਸਿਰਫ਼ ਗੁਰੂ ਉਤੇ ਟੇਕ ਹੈ ਜਿਸ ਨੇ ਇਸ ਵੇਲੇ ਕਸ਼ਟ ਵਿਚ ਪਾਇਆ ਹੈ......। ਮੇਰੀ ਭਲਾਈ ਲਈ ਗ੍ਰੰਥ ਸਾਹਿਬ ਦਾ ਪਾਠ ਕਰਾਓ। ਮੇਰੇ ਭਲੇ ਖ਼ਾਤਰ ਪੁੰਨ ਦਾਨ ਵੀ ਕਰੋ। ਦੋ ਜਾਂ ਚਾਰ ਗਊਆਂ ਬ੍ਰਾਹਮਣਾਂ ਨੂੰ ਮਣਸਾ ਦਿਉ। ਪ੍ਰਮਾਤਮਾ ਅਗੇ ਅਰਦਾਸ ਕਰੋ। ਸਰਕਾਰ ਕੋਲ ਪਟੀਸ਼ਨ ਕਰੋ।"

ਉਸ ਆਮ ਨੀਤੀ ਦੇ ਅਨੁਸਾਰ ਕਿ "ਰਾਮ ਸਿੰਘ ਤੇ ਪੰਜਾਬ ਵਿਚਾਲੇ ਕੁਲ ਸਬੰਧ ਟੁਟ ਜਾਣੇ ਚਾਹੀਦੇ ਹਨ" ਇਹ ਚਿੱਠੀ ਅਤੇ ਗੁਰੂ ਦੀਆਂ ਲਿਖੀਆਂ ਹੋਰ ਚਿੱਠੀਆਂ ਜਦੋਂ ਉਹ ਅਲਾਹਾਬਾਦ ਜੇਲ ਵਿਚ ਸਨ — ਟਿਕਾਣੇ ਸਿਰ ਕਦੇ ਨਹੀਂ ਪੁਚਾਈਆਂ ਗਈਆਂ। ਮਗਰੋਂ ਭਾਰਤ ਸਰਕਾਰ ਨੇ ਬ੍ਰਤਾਨਵੀ ਬਰਮਾ ਦੇ ਚੀਫ਼ ਕਮਿਸ਼ਨਰ ਨੂੰ ਸੂਚਿਤ ਕੀਤਾ ਕਿ ਉਸ ਨੂੰ ਰਾਮ ਸਿੰਘ ਦੀ ਕੋਈ ਵੀ ਚਿੱਠੀ ਸੀਲ ਬੰਦ ਜਾਂ ਖੁਲ੍ਹੀ, ਉਸ ਦੇ ਕਿਸੇ ਸਬੰਧੀ ਜਾਂ ਚੇਲੇ ਨੂੰ ਭੇਜੇ ਜਾਣ ਉਤੇ ਸਖ਼ਤ ਇਤਰਾਜ਼ ਹੈ।

Namdhari Elibrary NamdhariElibrary@gmail.com



ਲੁਦਿਹਾਨਾ ਸਟੇਸ਼ਨ ਤੋਂ ਸ੍ਰੀ ਸਤਿਗੁਰੂ ਰਾਮਸਿੰਘ ਜੀ ਗਡੀ ਰਾਹੀਂ ਪ੍ਰਯਾਗਰਾਜ (ਇਲਾਹਬਾਦ) ਨੂੰ ਰਵਾਨਗੀ ।

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਸਰਕਾਰ ਦੇ ਸਖ਼ਤ ਵਤੀਰੇ ਨੂੰ ਜਿਸ ਨੇ ਕੂਕਾ ਆਗੂ ਨੂੰ ਆਪਣੇ ਲੋਕਾਂ ਲਈ ਨਾਂ-ਹੋਇਆ ਬਣਾ ਦਿੱਤਾ ਸੀ। ਗੁਰੂ ਤੇ ਉਸ ਦੇ ਚੇਲਿਆਂ ਵਲੋਂ ਸਹਿਨ ਨਹੀਂ ਸੀ ਕੀਤਾ ਜਾ ਸਕਦਾ। ਕਈ ਢੰਗਾਂ ਨਾਲ ਉਨ੍ਹਾਂ ਨੇ ਸੰਚਾਰ ਦੇ ਬੰਧਨ ਤੋੜੇ। ੧੨ ਅਕਤੂਬਰ ੧੮੭੭ ਨੂੰ, ਪੰਜਾਬ ਸਰਕਾਰ ਨੇ ਭਾਰਤ ਦੀ ਸਰਕਾਰ ਦੇ ਧਿਆਨ ਵਿਚ ਲਿਆਂਦਾ ਕਿ "ਕੁਲ ਮਨਾਹੀਆਂ ਅਤੇ ਨਿਰਦੇਸ਼ਨਾਂ ਦੇ ਬਾਵਜੂਦ, ਜਿਹੜੇ ਭਾਰਤ ਸਰਕਾਰ ਨੇ ਇਸ ਵਿਸ਼ੇ ਤੇ ਜਾਰੀ ਕੀਤੇ ਹਨ, ਰਾਮ ਸਿੰਘ ਪੰਜਾਬ ਵਿਚ ਆਪਣੇ ਚੇਲਿਆਂ ਨਾਲ ਅਕਸਰ ਚਿੱਠੀ ਪੱਤਰ ਕਰਦਾ ਹੈ। ਅਜਿਹੀਆਂ ਚਿੱਠੀਆਂ ਦੀਆਂ ਕਈ ਨਕਲਾਂ ਗੁਪਤ ਰੂਪ ਵਿਚ ਇਸ ਸਰਕਾਰ ਕੋਲ ਪਹੁੰਚੀਆਂ ਹਨ ਅਤੇ ਲੈਫ਼ਟੀਨੈਂਟ ਗਵਰਨਰ ਗੁਰੂ ਦੀ ਰਿਹਾਈ ਲਈ ਪਟੀਸ਼ਨਾਂ ਦੇ ਵਡੇ ਵਾਧੇ ਵਿਚ ਇਨ੍ਹਾਂ ਦਾ ਅਸਰ ਲਭਣ ਦੇ ਯੋਗ ਹੋਇਆ ਹੈ, ਪਟੀਸ਼ਨਾਂ ਜੋ ਪੰਜਾਬ ਵਿਚ ਉਸ ਦੇ ਚੇਲਿਆਂ ਨੇ ਪਿਛੇ ਜਿਹੇ ਤੋਂ ਪੇਸ਼ ਕੀਤੀਆਂ ਹਨ.....। ਲੈਫ਼ਟੀਨੈਂਟ ਗਵਰਨਰ ਦੀ ਇਹ ਵੀ ਰਾਏ ਹੈ ਕਿ ਰਾਮ ਸਿੰਘ ਨੂੰ ਰੰਗੂਨ ਤੋਂ ਕਿਸੇ ਐਸੀ ਥਾਂ ਭੇਜ ਦਿੱਤਾ ਜਾਣਾ ਚਾਹੀਦਾ ਹੈ ਜਿਸ ਉਤੇ ਵਧੇਰੇ ਅਸਰਦਾਰ ਪਹਿਰਾ ਰਖਿਆ ਜਾ ਸਕੇ।"

ਕਲਕੱਤੇ ਤੇ ਰੰਗੂਨ ਵਿਚ ਚੋਖਾ ਚਿੱਠੀ-ਪੱਤਰ ਹੋਇਆ ਤੇ ਅਦਨ, ਅੰਡੇਮਾਨ, ਕਾਪੋਰਤਾ, ਤਾਵੋਈ ਤੇ ਮਰਗੂਈ ਵਰਗੀਆਂ ਭਿੰਨ ਭਿੰਨ ਥਾਵਾਂ ਦੀ ਉਚਿਤਤਾ ਉਤੇ ਵਿਸਥਾਰ ਨਾਲ ਬਹਿਸ ਹੋਈ। ਅਖ਼ੀਰ ਬਰਤਾਨਵੀ ਬਰਮਾ ਦਾ ਚੀਫ਼ ਕਮਿਸ਼ਨਰ ਇਸ ਹੱਕ ਵਿਚ ਸੀ ਕਿ ਰਾਮ ਸਿੰਘ ਨੂੰ ਨਿਵਾਰਕ ਨਜ਼ਰਬੰਦੀ ਵਿਚ ਰੱਖਣ ਲਈ ਸਭ ਤੋਂ ਵੱਧ ਯੋਗ ਥਾਂ ਮਰਗੂਈ ਹੈ। ਉਸ ਨੇ ਭਾਰਤ ਦੀ ਸਰਕਾਰ ਨੂੰ ਲਿਖਿਆ ਕਿ ਬਦਲੀ ਨੂੰ ਕੁਝ ਸਮਾਂ ਲਗੇਗਾ ਕਿਉਂਕਿ ਦੋ ਮਕਾਨ ਉਸਰਨੇ ਹਨ। ਇਕ ਰਾਮ ਸਿੰਘ ਦੇ ਵਰਤਣ ਲਈ ਅਤੇ ਦੂਜਾ ਸੱਤ ਬੰਦਿਆਂ ਦੀ ਹਥਿਆਰਬੰਦ ਗਾਰਦ ਲਈ ਜਿਹੜੀ ਉਸ ਉਤੇ ਨਿਗਾਹ ਰਖੇਗੀ। ਭਾਰਤ ਸਰਕਾਰ ਦੇ ਪੁੱਛੇ ਜਾਣ ਉਤੇ ਬਰਤਾਨਵੀ ਬਰਮਾ ਦੀ ਸਰਕਾਰ ਨੇ ੧੧ ਅਕਤੂਬਰ ੧੮੭੯ ਨੂੰ ਲਿਖਿਆ ਕਿ ਰਾਮ ਸਿੰਘ ਲਈ ਮਕਾਨ ਬਣ ਚੁਕਾ ਹੈ ਅਤੇ ਜਦੋਂ ਗਾਰਦ ਲਈ ਮਕਾਨ ਤਿਆਰ ਹੋ ਗਿਆ ਉਸ ਨੂੰ ਮਰਗੂਈ ਭੇਜ ਦਿਤਾ ਜਾਵੇਗਾ।

ਇਢਰ ਨੂੰ ਲੁਧਿਆਣੇ ਦੀ ਪੁਲਸ ਨੇ ੨੯ ਖ਼ਤ ਕਾਬੂ ਕਰ ਲਏ ਜਿਹੜੇ ਗੁਰੂ ਰਾਮ ਸਿੰਘ ਨੇ ਵੱਖ ਵੱਖ ਮੌਕਿਆਂ ਉਤੇ ਆਪਣੇ ਭਰਾ ਬੁੱਧ ਸਿੰਘ ਅਤੇ ਦੂਜੇ ਚੇਲਿਆਂ ਜਿਵੇਂ ਸਾਹਿਬ ਸਿੰਘ ਕਾਹਨ ਸਿੰਘ, ਜਵਾਹਰ ਸਿੰਘ, ਲੱਖਾ ਸਿੰਘ ਤੇ ਬ੍ਰਹਮਾ ਸਿੰਘ ਨੂੰ ਲਿਖੇ ਸਨ। ਇਨ੍ਹਾਂ ਫੜੀਆਂ ਗਈਆਂ ਚਿੱਠੀਆਂ ਵਿਚੋਂ ਇਕ ਜਲਾਵਤਨ ਦੇਸ਼ ਭਗਤ ਦੇ ਜੀਵਨ ਦੀ ਮਨੋਵੇਦਨ ਪ੍ਰਗਟ ਹੁੰਦੀ ਹੈ।

ਆਪਣੀ ਸਿਹਤ ਬਾਬਤ ਉਨ੍ਹਾਂ ਲਿਖਿਆ ਕਿ "ਸਰੀਰ ਵਿਚ ਨਿਸਚੇ ਹੀ ਜਾਨ ਹੈ, ਪਰ ਹੋਰ ਕੁਝ ਨਹੀਂ।" ਉਹ ਇਹ ਸਮਝਣ ਵਿਚ ਅਸਮਰਥ ਸਨ ਕਿ ਕੂਕੇ ਦੁਖ ਕਿਉਂ ਝਲਣ ਜਦੋਂ ਉਹ "ਭੋਗ-ਪਾਠ-ਜਗ-ਹੋਮ-ਦਾਨ-ਅਸ਼ਨਾਨ" ਦੇ ਰਾਹ ਤੋਂ ਕਦੇ ਨਹੀਂ ਹਟਕੇ, ਉਨ੍ਹਾਂ ਨੇ ਆਪਣੇ ਚੇਲਿਆਂ ਨੂੰ ਇਹ ਆਖ ਕੇ ਤਸੱਲੀ ਦਿਤੀ ਕਿ "ਅਪਾਰ ਦਾ ਅੰਤ ਨਹੀਂ ਪਾਇਆ ਜਾ ਸਕਦਾ। ਕੋਈ ਨਹੀਂ ਜਾਣਦਾ ਕਿ ਸਰਬ ਸ਼ਕਤੀਮਾਣ ਕਿਵੇਂ ਖ਼ੁਸ਼ ਹੁੰਦਾ ਹੈ।" ਇਨ੍ਹਾਂ ਚਿੱਠੀਆਂ ਦੀ ਵਸਤੂ ਤੋਂ ਵੀ ਸੰਕੇਤ ਮਿਲਦਾ ਹੈ ਕਿ ਉਨ੍ਹਾਂ ਨੇ ਸਹਿਜ ਸਹਿਜ ਮਹਿਸੂਸ ਕਰ ਲਿਆ ਸੀ ਕਿ ਉਨ੍ਹਾਂ ਦੀ ਰਿਹਾਈ ਲਈ ਬਰਤਾਨਵੀ ਅਧਿਕਾਰੀਆਂ ਅਗੇ ਬੇਨਤੀ ਕਰਨਾ ਵਿਅਰਥ ਹੈ ਅਤੇ ਉਹ ਵਧੇਰੇ ਤੋਂ ਵਧੇਰੇ ਰੂਸੀਆਂ ਹਥੋਂ ਬਰਤਾਨਵੀ ਫ਼ੌਜਾਂ ਦੀ ਹਾਰ ਉਤੇ ਟੇਕ ਰਖਣ ਲਗ ਪਏ ਸੀ, ਜਿਹੜੇ ਮਹਾਰਾਜਾ ਦਲੀਪ ਸਿੰਘ ਨੂੰ ਉਸ ਤਖ਼ਤ ਉਤੇ ਬਿਠਾਉਣ ਵਿਚ ਵੀ ਮਦਦ ਕਰਨਗੇ ਜਿਸ ਨੂੰ ਕਦੇ ਪੰਜਾਬ ਦਾ ਸ਼ੇਰ ਰਣਜੀਤ ਸਿੰਘ ਸ਼ਸ਼ੋਭਿਤ ਕਰਦਾ ਸੀ।

ਐਂਗਲੋ ਅਫਗਾਨ ਜੰਗ (੧੮੭੮-੮੦) ਸ਼ੁਰੂ ਹੋਣ ਨਾਲ ਕੂਕਾ ਆਗੂਆਂ ਦੀਆਂ ਆਸਾਂ ਵਧ ਗਈਆਂ ਜਿਹੜੇ ਕੁਦਰਤੀ ਸਿਧਾਂਤ ਉਤੇ ਚਲਦੇ ਸਨ ਕਿ ਇੰਗਲੈਂਡ ਦੀ ਮੁਸ਼ਕਲ ਉਨ੍ਹਾਂ ਲਈ ਸੁਨਹਿਰੀ ਮੌਕਾ ਸੀ। ਲਹੂ ਵਹਿਣ ਦਾ ਅਮਲ ਬਰਤਾਨੀਆਂ ਨੂੰ ਕਮਜ਼ੋਰ ਕਰ ਦੇਵੇਗਾ ਅਤੇ ਰੂਸੀਆਂ ਅਗੇ ਡਟਣ ਦੀ ਉਨ੍ਹਾਂ ਵਿਚ ਸਮਰਥਾ ਨਹੀਂ ਰਹੇਗੀ ਜਿਹੜੇ ਪੱਛਮ ਵਿਚ ਅਸਫਲ ਹੋਏ ਭਾਰਤੀ ਧਰਤੀ ਉਤੇ ਬਰਤਾਨੀਆਂ ਨਾਲ ਆਪਣਾ ਲੇਖ ਨਿਬੇੜਨ ਲਈ ਬਹੁਤ ਹੀ ਰਜ਼ਾਮੰਦ ਹੋਣਗੇ। ਅਜਿਹੀ ਹਾਲਤ ਵਿਚ ਕੂਕੇ ਬਰਤਾਨੀਆਂ ਦੇ ਪਤਨ ਲਈ, ਆਪਣੇ ਗੁਰੂ ਨੂੰ ਜਲਾਵਤਨੀ ਤੋਂ ਰਿਹਾ ਕਰਨ ਤੇ ਪੰਜਾਬ ਵਿਚ ਸਿੱਖ ਰਾਜ ਬਹਾਲ ਕਰਨ ਲਈ ਰੂਸੀਆਂ ਨਾਲ ਮਿਲਣ ਨੂੰ ਤਿਆਰ ਸਨ। ਇਸ ਵਿਸ਼ਵਾਸ਼ ਤੇ ਅਮਲ ਕਰਦਿਆਂ ਕੂਕਿਆਂ ਦੇ ਦੂਤ ਗੁਰਚਰਨ ਸਿੰਘ ਨੇ ਮਧ ਏਸ਼ੀਆ ਵਿਚ ਰੂਸੀ ਸ਼ਾਸਕ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ। ਭਾਵੇਂ ਉਹ ਦੇਸ਼ ਪਰਤਦਾ ਹੋਇਆ ਫੜ ਲਿਆ ਗਿਆ, ਤਾਂ ਵੀ ਉਹ ਰੂਸੀ ਗਵਰਨਰ ਕਾਊਫਮਣ ਦੀ ਚਿੱਠੀ ਮਰਗੂਈ ਵਿਚ ਗੁਰੂ ਰਾਮ ਸਿੰਘ ਤੱਕ ਪਹੁੰਚਾਉਣ ਦਾ ਪ੍ਰਬੰਧ ਕਰਨ ਵਿਚ ਸਫਲ ਹੋ ਗਿਆ ਸੀ। ਪੰਜਾਬ ਸਰਕਾਰ ਨੇ, ਜਦੋਂ ਉਸ ਨੂੰ ਇਸ ਦਾ ਪਤਾ ਲਗਾ, ਪੂਰੀ ਵਾਹ ਲਾਈ ਕਿ ਇਸ ਚਿੱਠੀ ਨੂੰ ਗੁਰੂ ਰਾਮ ਸਿੰਘ ਦੇ ਹੱਥ ਤੱਕ ਪਹੁੰਚਣੋ

Namdhari Elibrary NamdhariElibrary@gmail.com

ਵਿਸ਼ੇਸ਼ਤਾ ਵਾਲੀਆਂ ਹਨ ਉਥੇ ਸਾਹਿਤਕ ਮੈਦਾਨ ਵਿਚ ਵੀ ਇਨ੍ਹਾਂ ਦੀ ਬੜੀ ਮਹੱਤਾ ਹੈ।" ਨਮੂਨੇ ਵਜੋਂ ਉਨ੍ਹਾਂ ਦੇ ਇਕ ਪ੍ਰਸਿਧ ਰਹਿਤਨਾਮੇ ਦੀਆਂ ਕੁਝ ਪੰਗਤੀਆਂ ਪੇਸ਼ ਹਨ :

"੧ੴ ਸਤਿਗੁਰ ਪ੍ਰਸਾਦਿ ॥

ਲਿਖਤੁਮ ਰਾਮ ਸਿੰਘ, ਹੋਰ ਸੰਬੂਹ ਖ਼ਾਲਸਾ ਜੀ ਭੈਣੀ ਦਾ ਸੰਬੂਹ ਖ਼ਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਕਾ ਖ਼ਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ। ਹੋਰ ਰਹਿਤਨਾਮਾ ਸੰਬੂਹ ਸੰਗਤ ਦੇ ਵਾਸਤੇ ਲਿਖਿਆ ਭੈਣੀ ਤੇ, ਪਿਛਲੀ ਰਾਤ ਉਠ ਕੇ ਗੜਵਾ ਲਜਾਇ ਕਰ ਮਦਾਨੇ ਹੋਇ ਔਣਾ, ਦੋ ਵਾਰੀ ਗੜਵਾ ਮਾਂਜਨਾ ਮਦਾਨ ਬਸਤ੍ਰ ਲਾਹਿ ਕੇ ਜਾਣਾ, ਦਾਤਨ ਕਰਨੀ, ਫੇਰ ਇਸ਼ਨਾਨ ਕਰਨਾ ਬਾਣੀ ਪੜਨੀ ਜੇ ਕੰਠ ਨਾ ਹੋਵੇ ਤਾਂ ਕੰਠ ਕਰ ਲੈਣੀ ਸਰਬ ਮਾਈ ਬੀਬੀ ਸਰਬ ਨੇ ਜਪੁ ਜਾਪੁ ਦੂਹਾਂ ਦੇ ਹਜਾਰੇ ਕੰਠ ਕਰਨੇ ਰਹਿਰਾਸ ਆਰਤੀ ਸੋਹਿਲਾ ਏਤਨੀ ਤਾਂ ਜ਼ਰੂਰ ਹੀ ਕੰਠ ਕਰਨੀ ਅਰ ਸੀਲ ਸੰਤੋਖ ਸਭ ਨੇ ਰਖਣਾ ਭਜਨ ਅਠੇ ਪਹਰ ਕਰਨਾ ਗੁਰੂ ਸੱਚੇ ਦਾ ਹੋਰ ਪਰਾਈ ਧੀ ਭੈਣ ਆਪਣੀ ਜਾਨਣੀ ਪਰਾਇਆ ਹਕੁ ਤਾਂ ਗੁਰੂ ਜੀ ਨੇ ਅੱਗੇ ਹੀ ਲਿਖ ਛਡਿਆ ਹੈ ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ॥"

ਹੁਕਮਨਾਮਿਆਂ ਦੀ ਸ਼ੈਲੀ ਦੀ ਵਾਰਤਕ ਦਾ ਅਜਿਹਾ ਨਿਖਰਿਆ ਹੋਇਆ ਸਾਹਿਤਕ ਰੂਪ ਪੰਜਾਬੀ ਵਾਰਤਕ ਦੇ ਸਮੁੱਚੇ ਇਤਿਹਾਸ ਵਿਚ ਹੋਰ ਕਿਧਰੇ ਨਹੀਂ ਮਿਲਦਾ। ਦੂਜੇ ਕਈ ਸਮਕਾਲੀ ਤੇ ਪੂਰਬਕਾਲੀ ਰਹਿਤਨਾਮਿਆ ਜਾਂ ਹੁਕਮਨਾਮਿਆਂ ਦੀ ਵਾਰਤਕ ਨਾਲ ਤੁਲਨਾ ਕੀਤਿਆਂ ਇਹ ਗੱਲ ਪੂਰੀ ਤਰ੍ਹਾਂ ਪੁਸ਼ਟ ਤੇ ਸਪੱਸ਼ਟ ਹੋ ਜਾਂਦੀ ਹੈ। ਨਮੂਨੇ ਵਜੋਂ ਸ੍ਰੀ ਗੁਰੂ ਹਰ ਗੋਬਿੰਦ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਵਿਚੋਂ ਕੁਝ ਕੁ ਸਤਰਾਂ ਤੁਲਨਾ ਲਈ ਪ੍ਰਸਤੁਤ ਹਨ :

"ਭਾਈ ਜਾਪੁ ਭਾਈ ਗੁਰਦਾਸ ਭਾਈ ਮੁਹਿਰ ਭਾਈ ਦਿਆਲ ਗੁਰੂ ਗੁਰੂ ਜਪਣਾ ॥ ਜਨਮ ਸਵਰੇ ਸੰਗਤ ਕੀ ਕਾਮਨਾ ਪੂਰੀ ਹੋਗ ॥ ਸੰਗਤ ਦਾ ਰੁਜਗਾਰ ਹੋਗ ॥ ਸੰਗਤ ਦਾ ਕਾਰਜ ਹੋਗ ॥ ਗੁਰੂ ਦੀ ਆਗਿਆ ਹੋਇ ਕੀਰਤਨ ਕਰਣਾ ॥ ਭਲੀ ਜੁਗਤਿ ਰਹਿਣਾ ॥ ਮਾਸ ਮੱਛੀ ਦੇ ਨੇੜੇ ਨਾਹਿ ਆਵਣਾ ॥ ਪੂਰਬ ਕੀ ਸੰਗਤ ਗੁਰੂ ਦਾ ਖ਼ਾਲਸਾ ਹੋਇ। ਓਪਰੰਤ ਗੁਰੂ ਦੀ ਆਗਿਆ ਹੋਇ......ਰੁਪਏ ਸਤ ਸਇ ਦੀ ਹੁੰਡੀ ਕਰ ਦੇਵਣੀ। ਪੰਦਰਾਂ ਜੋੜੇ ਮੈਨੂੰ ਸਵਾਇ ਭੇਜਣੇ। ਪੰਦਰਾਂ ਬਾਬੇ ਜੀਓ ਨੂੰ ਸਵਾਇ ਭੇਜਣੇ ॥ ਕੂ ਕੂ ਖਰੇ ਭਲੇ ਬਹੁਤ ਦਮ ਪਕੜਦੇ ਹੈਨ ॥ ਓਹ ਭੀ ਲੈ ਕੇ ਭੇਜਣੇ ॥" (ਹੁਕਮਨਾਮਾ ਸ੍ਰੀ ਗੁਰੂ ਹਰ ਗੋਬਿੰਦ ਜੀ)

"ਸ੍ਰੀਗੁਰੂ ਜੀਓ ਦੀ ਆਗਿਆ ਹੈ ਸਰਬਤ ਸੰਗਤਿ ਪਟਣ ਫਰੀਦ ਕੀ ਗੁਰੂ ਰਖੇਗਾ। ਸੰਗਤਿ ਗੁਰੂ ਗੁਰੂ ਜਪਣਾ ॥ ਜਨਮ ਸਉਰੇਗਾ ॥ ਸਰਬਤਿ ਸੰਗਤਿ ਮੇਰਾ ਖ਼ਾਲਸਾ ਹੈ ਜੋ ਗੁਰੂ ਕੇ ਨਵਿਤ ਕਾ ਹੋਵੇ ਸੋ ਕਿਸੇ ਮਸੰਦ ਨੋ ਨਾਹੀਂ ਦੇਵਣਾ ਆਪਣੇ ਪਾਸਿ ਰਖਣਾ......ਇਕ ਤੋਲਾ ਸੋਨਾ ਫ਼ਰਮਾਇਸ਼ ਲਿਖਿਆ ਹੈ ਸੰਗਤਿ ਹੁੰਡੀ ਕਰਾਇ ਕੈ ਭੇਜਣਾ ॥ ਮੇਰੀ ਖ਼ੁਸ਼ੀ ਹੈ ਜੋ ਸਿੱਖ ਫ਼ਰਮਾਇਸ਼ ਦੇਗੁ ਸੋ ਨਿਹਾਲ ਹੋਗੁ ॥"

(ਹੁਕਮਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ)

ਸਾਹਿਤ ਇਤਿਹਾਸ ਵਿਚ ਇਨ੍ਹਾਂ ਹੁਕਮਨਾਮਿਆਂ ਬਾਰੇ ਪ੍ਰਿੰ: ਸ. ਸ. ਅਮੋਲ ਤੇ ਡਾ: ਪਿਆਰ ਸਿੰਘ ਆਪਣੀ ਸਾਂਝੀ ਰਾਏ ਦੇਂਦਿਆਂ ਲਿਖਦੇ ਹਨ "ਪੰਜਾਬੀ ਗੱਦ ਦੇ ਭੇਦਾਂ ਵਿਚੋਂ ਇਕ ਭੇਦ ਹੁਕਮਨਾਮੇ ਵੀ ਮੰਨੇ ਗਏ ਹਨ. ਪਰ ਇਨ੍ਹਾਂ ਦੀ ਸਾਹਿਤਕ ਮਹੱਤਾ ਕੋਈ ਵਿਸ਼ੇਸ਼ ਨਹੀਂ ਹੈ। ਇਹ ਦਰਅਸਲ ਚਿੱਠੀਆਂ ਹਨ ਜੋ ਸਮੇਂ ਸਮੇਂ ਸਿੱਖ ਗੁਰੂ ਵਿਅਕਤੀਆਂ ਵਲੋਂ ਸਿੱਖ ਸੰਗਤਾਂ ਨੂੰ ਲਿਖੀਆਂ ਗਈਆਂ। ਬੋਲੀ ਇਨ੍ਹਾਂ ਹੁਕਮ-ਨਾਮਿਆਂ ਦੀ ਬੜੀ ਮਿਲਗੋਭਾ, ਹਿੰਦੀ ਰਲੀ ਪੰਜਾਬੀ ਹੈ।" ਪਰੰਤੂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰਹਿਤਨਾਮੇ 'ਚੋਂ ਉਤਾਰੀਆਂ ਗਈਆਂ ਉਪਰੋਕਤ ਸਤਰਾਂ ਦੇ ਅਧਿਅਨ ਤੋਂ ਸਪੱਸ਼ਟ ਹੁੰਦਾ ਹੈ ਕਿ ਉਨ੍ਹਾਂ ਦੀਆਂ ਅਜਿਹੀਆਂ ਵਾਰਤਕ ਲਿਖਤਾਂ ਸਾਹਿਤਕ ਵਾਰਤਕ ਦੇ ਵਧੀਆ ਗੁਣਾਂ ਦੀਆਂ ਧਾਰਨੀ ਹਨ। 'ਅਨਾਟਮੀ ਆਫ਼ ਪਰੋਜ਼' ਦੇ ਲੇਖਕ ਪੱਛਮੀ ਵਿਦਵਾਨ ਬੋਲਟਨ ਦੇ ਮਤ ਅਨੁਸਾਰ ਵਾਰਤਕ ਰਚਨਾ ਦਾ ਸਰਬੋਤਮ ਗੁਣ ਸਪੱਸ਼ਟ ਹੈ। ਅਤੇ ਇਹ ਗੁਣ ਸਤਿਗੁਰਾਂ ਦੀਆਂ ਸਮਸਤ ਵਾਰਤਕ ਕਿਰਤਾਂ (ਰਹਿਤਨਾਮਿਆਂ, ਹੁਕਮਨਾਮਿਆਂ) ਦਾ ਕੇਂਦਰੀ ਗੁਣ ਕਿਹਾ ਜਾ ਸਕਦਾ ਹੈ। ਇਹ ਸਪੱਸ਼ਟਤਾ ਵਿਚਾਰ ਵਿਚ ਵੀ ਵਰਤਮਾਨ ਹੈ ਤੇ ਸ਼ਬਦ ਪ੍ਰਯੋਗ ਵਿਚ ਵੀ। ਇਨ੍ਹਾਂ ਹੁਕਮਨਾਮਿਆਂ ਵਿਚ, ਚਿੱਠੀਆਂ ਦੇ ਰੂਪ ਵਿਚ ਹੋਣ ਕਰ ਕੇ ਬੋਲਚਾਲ ਦੀ ਭਾਸ਼ਾ ਦਾ ਅੰਸ਼ ਵਧੇਰੇ ਹੈ, ਪਰ ਇਸ ਦੇ ਬਾਵਜੂਦ ਸਾਹਿਤਕ ਭਾਸ਼ਾ ਦਾ ਮੂਲ ਤੱਤ 'ਲਿਸ਼ਕ' (Radiance) ਇਨ੍ਹਾਂ ਵਿਚ ਮੌਜੂਦ ਹੈ। ਦਰਅਸਲ ਪੰਜਾਬੀ ਭਾਸ਼ਾ ਦੀ ਸ਼ਕਤੀ ਇਸ ਦੇ ਲੋਕਾਂ ਦੀ ਬੋਲਚਾਲ ਦੀ ਭਾਸ਼ਾ ਦੇ ਨੇੜੇ ਰਹਿਣ ਵਿਚ ਦੱਸੀ ਜਾਂਦੀ ਹੈ ਤੇ ਇਸ ਦ੍ਰਿਸ਼ਟੀ ਤੋਂ ਸਤਿਗੁਰੂ ਰਾਮ ਸਿੰਘ ਜੀ ਦੇ ਇਹ ਹੁਕਮਨਾਮੇ ਪੰਜਾਬੀ ਵਾਰਤਕ ਦੀ ਪ੍ਰਭਾਵਸ਼ੀਲਤਾ ਨੂੰ ਵਧਾਉਣ ਵਾਲੇ ਮੰਨੇ ਜਾਂਦੇ ਹਨ। ਸੰਖੇਪ ਵਿਚ ਇਨ੍ਹਾਂ ਵਿਚਲੀ ਵਾਰਤਕ ਦੇ ਪ੍ਰਮੁਖ ਸ਼ੈਲੀਗਤ ਗੁਣ ਇਸ ਪ੍ਰਕਾਰ ਹਨ :

(i) ਨਿੱਘ

(ii) ਰਵਾਨੀ

Namdhari Elibrary NamdhariElibrary@gmail.com

(iii) ਸਰਲਤਾ

(iv) ਸਪੱਸ਼ਟਤਾ

(v) ਬੋਲਚਾਲ ਦਾ ਮੁਹਾਵਰਾ

ਚਿੱਠੀਆਂ ਦੇ ਰੂਪ ਵਿਚ ਲਿਖੇ ਹੋਣ ਅਤੇ ਬੋਲਚਾਲ ਵਿਚ ਜ਼ਿਆਦਾ ਆਤਮਗਤ (Subjective) ਹੋਣ ਸਦਕਾ ਹੁਕਮਨਾਮਿਆਂ ਵਿਚ ਕਿਤੇ ਕਿਤੇ ਕਈ ਵਾਕ ਅਧੂਰੇ ਵੀ ਰਹਿ ਗਏ ਹਨ। ਪਰ ਇਨ੍ਹਾਂ ਵਿਚਲੀ ਵਾਰਤਕ ਪੰਜਾਬੀ ਵਾਰਤਕ ਦੇ ਪੁਰਾਤਨਤਾ ਤੋਂ ਆਧੁਨਿਕਤਾ ਵਲ ਵਧਦੇ ਕਦਮਾਂ ਦੀ ਪਰਿਚਾਇਕ ਹੈ। ਪੁਰਾਣੀ ਵਾਰਤਕ ਦੀ ਉੱਘੀ ਵਿਸ਼ੇਸ਼ਤਾ ਸੰਸ਼ਲਿਸ਼ਟਤਾ (Syntheticalitv) ਇਸ ਵਿਚ ਬਹੁਤ ਘਟ ਗਈ ਹੈ ਅਤੇ ਆਧੁਨਿਕ ਵਾਰਤਕ ਦਾ ਪ੍ਰਮੁਖ ਗੁਣ-ਲੱਛਣ ਵਿਸ਼ਲਿਸ਼ਟਤਾ (Analiticality) ਕਾਫ਼ੀ ਹਦ ਤੀਕ ਪ੍ਰਵੇਸ਼ ਪਾ ਗਿਆ ਹੈ। ਬੇਸ਼ਕ 'ਅਰ' 'ਏਤਨੀ' ਆਦਿ ਸ਼ਬਦਾਂ ਤੋਂ ਪੁਰਾਤਨਤਾ ਦੀ ਝਲਕ ਵੀ ਮਿਲ ਜਾਂਦੀ ਹੈ।

ਇਸ ਤਰ੍ਹਾਂ ਇਸ ਸਮਸਤ ਵਿਵੇਚਨ ਤੋਂ ਸਪੱਸ਼ਟ ਹੈ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਤੇ ਰਹਿਤ-ਨਾਮਿਆਂ ਦਾ ਕੇਵਲ ਧਾਰਮਕ ਤੇ ਇਤਿਹਾਸਕ ਮਹੱਤਵ ਹੀ ਨਹੀਂ ਸਾਹਿਤਕ ਤੇ ਭਾਸ਼ਾਈ ਮਹੱਤਵ ਵੀ ਹੈ।

ਚੁੱਪ

ਜੇ ਮੈਂ ਕੋਈ ਲਫ਼ਜ਼ ਬੋਲਦਾ ਹਾਂ, ਤ੍ਹਾਂ ਮੈਂ ਉਸ ਦੇ ਅਧੀਨ ਹੋ ਜਾਂਦਾ ਹਾਂ, ਪਰ ਜੇ ਮੈਂ ਉਹ ਲਫ਼ਜ਼ ਨਹੀਂ ਬੋਲਦਾ, ਤਾਂ ਉਹ ਮੇਰੇ ਅਧੀਨ ਹੁੰਦਾ ਹੈ।

ਬੋਲੇ ਹੋਏ ਲਫ਼ਜ਼ਾਂ ਨਾਲੋਂ ਨਾ ਬੋਲੇ ਹੋਏ ਲਫ਼ਜ਼ਾਂ ਨੂੰ ਮੈਂ ਵਧੇਰੇ ਸੌਖੀ ਤਰ੍ਹਾਂ ਵਾਪਸ ਲੈ ਸਕਦਾ ਹਾਂ।

ਬੋਲਣ ਦੀ ਪੀੜ ਨਾਲੋਂ ਚੁੱਪ ਦੀ ਪੀੜ ਚੰਗੇਰੀ ਹੈ।

ਸਭ ਤੋਂ ਚੰਗੀ ਪ੍ਰਾਰਥਨਾ ਚੁੱਪ ਹੈ।

ਚੁੱਪ ਰਹਿ ਕੇ ਤੁਹਾਨੂੰ ਇਕ ਚੀਜ਼ ਦਾ ਅਫ਼ਸੋਸ ਹੋ ਸਕਦਾ ਹੈ, ਪਰ ਬੋਲਣ ਕਰ ਕੇ ਦੋ ਚੀਜ਼ਾਂ ਦਾ।

ਆਪਣੇ ਲਫ਼ਜ਼ਾਂ ਨੂੰ ਉਸੇ ਤਰ੍ਹਾਂ ਸਾਂਭ ਕੇ ਰਖੋ, ਜਿਵੇਂ ਆਪਣੀ ਦੌਲਤ ਨੂੰ ਸਾਂਭ ਕੇ ਰਖਦੇ ਹੋ।

ਜਿਸ ਕੁੰਡੀ ਰਾਹੀਂ ਆਦਮੀ ਫੜਿਆ ਜਾਂਦਾ ਹੈ, ਉਹ ਉਸ ਦੀ ਜੀਭ ਦੇ ਥੱਲੇ ਲੁਕੀ ਹੁੰਦੀ ਹੈ ; ਆਦਮੀ ਦੀ ਮੌਤ ਦੀ ਫਾਹੀ ਉਸ ਦੀਆਂ ਦੋਹਾਂ ਗੱਲ੍ਹਾਂ ਵਿਚਕਾਰ ਹੁੰਦੀ ਹੈ।

ਇਕ ਵਾਰ ਅਰਬ ਦਾ ਇਕ ਸਿਆਣਾ ਬੰਦਾ ਕੁਝ ਲੋਕਾਂ ਵਿਚਕਾਰ ਜਾ ਕੇ ਬੈਠਾ, ਤੇ ਦੇਰ ਤਾਈਂ ਚੁੱਪ ਰਿਹਾ। ਕਿਸੇ ਨੇ ਉਸ ਨੂੰ ਕਿਹਾ, "ਜਿਵੇਂ ਕਿ ਤੁਹਾਡੇ ਬਾਰੇ ਕਿਹਾ ਜਾਂਦਾ ਹੈ, ਸੱਚਮੁਚ ਹੀ ਤੁਸੀਂ ਅਰਬ ਦੇ ਸਿਆਣੇ ਬੰਦਿਆਂ 'ਚੋਂ ਹੋ।" ਅਗੋਂ ਉਸ ਨੇ ਕਿਹਾ, "ਭਰਾਵੋ, ਕੰਨਾਂ ਰਾਹੀਂ ਆਦਮੀ ਜੋ ਲਫ਼ਜ਼ ਸੁਣਦਾ ਹੈ, ਉਹ ਉਸ ਦੇ ਆਪਣੇ ਹੁੰਦੇ ਹਨ, ਪਰ ਜੀਭ ਰਾਹੀਂ ਜੋ ਲਫ਼ਜ਼ ਬੋਲਦਾ ਹੈ, ਉਹ ਦੂਜਿਆਂ ਦੇ ਹੁੰਦੇ ਹਨ।"

ਜਦ ਵੀ ਬੋਲੋ, ਥੋੜਾ ਬੋਲੋ, ਕਿਉਂਕਿ ਜਿੰਨੇ ਘਟ ਲਫ਼ਜ਼ ਮੂੰਹੋਂ ਕਢੋਗੇ, ਉੱਨੀਆਂ ਹੀ ਘੱਟ ਗ਼ਲਤੀਆਂ ਕਰੋਗੇ।

ਰਾਤ ਵੇਲੇ ਬੋਲਦਿਆਂ ਨੀਵੀਂ ਆਵਾਜ਼ ਵਿਚ ਬੋਲੋ ; ਤੇ ਦਿਨ ਵੇਲੇ ਬੋਲਦਿਆਂ ਪਹਿਲਾਂ ਆਪਣੇ ਆਲੇ ਦੁਆਲੇ ਨਜ਼ਰ ਮਾਰ ਲਓ।

Namdhari Elibrary NamdhariElibrary@gmail.com

ਇਕ ਯਾਤਰਾ

ਬਖਸ਼ੀ ਹਰਦੇਵ ਸਿੰਘ ਜੀ ਦੀ ਬ੍ਰਹਮਾ ਯਾਤਰਾ
ਖੋਜ ਭਾਲ ਸ੍ਰੀ ਸਤਿਗੁਰੂ ਰਾਮ ਸਿੰਘ ਜੀ

ਮਾਸਟਰ ਨਿਹਾਲ ਸਿੰਘ

"ਹੇ ਅਕਾਲ ਪੁਰਖ ਅੰਤਰਯਾਮੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ! ਜਿਸ ਕਾਰਜ ਵਾਸਤੇ ਕਮਰਕੱਸੇ ਲਾਏ ਨੇ, ਅੰਗ ਸੰਗ ਸਹਾਈ ਹੋਣਾ, ਸ਼ਹੀਦ ਸਿੰਘਾਂ ਦਾ ਪਹਿਰਾ ਬਖ਼ਸ਼ਣਾ ! ਅੜੇ ਸੋ ਝੜੇ, ਸਰਨ ਪਰੇ ਸੋ ਤਰੇ। ਦੇਹ ਦੀਦਾਰ ਸਤਿਗੁਰੂ ਰਾਮ ਸਿੰਘ ਜੀ ! ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸ੍ਰਬਤ ਕਾ ਭਲਾ।" ਕਹਿ ਕੇ ਬਖਸ਼ੀ ਹਰਦੇਵ ਸਿੰਘ ਤੇ ਭਾਈ ਸੂਰਤ ਸਿੰਘ ੧੮ ਅਸੂ ੧੯੭੮ ਬਿਕ੍ਰਮੀ ਵਾਲੇ ਦਿਨ ਦੁਰਾਹੇ ਨੂੰ ਚਾਲੇ ਪਾ ਦਿਤੇ। ਦੁਰਾਹਿਓਂ ਗੱਡੀ ਫੜੀ ਅਤੇ ਅੰਬਾਲੇ ਤੇ ਅੰਬਾਲਿਓਂ ਕਲਕਤੇ ਪੁਜੇ। ਰਾਤ ਧਰਮਸਾਲਾ ਕੱਟੀ ਅਗਲੀ ਸਵੇਰ ਨੂੰ ਰੰਗੂਨ ਨੂੰ ਜਹਾਜ਼ ਚਲਣਾ ਸੀ ਕੁਝ ਨਿੰਬੂ ਤੇ ਖੰਡ ਪੱਲੇ ਬੰਨ੍ਹ ਲਏ। ਉਹਨੀਂ ਦਿਨੀਂ ਸਮੁੰਦਰੀ ਜਹਾਜ਼ਾਂ ਦਾ ਕਿਰਾਇਆ ਕੋਈ ਬਹੁਤਾ ਨਹੀਂ ਸੀ। ਕੇਵਲ ਸਾਢੇ ਤੇਰਾਂ ਤੇਰਾਂ ਖ਼ਰਚੇ ਤੇ ਸਵਾਰ ਹੋ ਗਏ।

ਜਹਾਜ਼ੋਂ ਉਤਰੇ ਤਾਂ ਮੁਸਾਫ਼ਰਾਂ ਦੀ ਡਾਕਟ੍ਰੀ ਹੋਈ, ਏਹਨਾਂ ਦੀ ਸੇਹਤ ਸਤਿਗੁਰ ਦੀ ਕਿਰਪਾ ਨਾਲ ਠੀਕ ਠਾਕ ਨਿਕਲੀ। ਏਹ ਅਗਾਂਹ ਨਿਕਲ ਤਰੇ। ਜਿਹੜੇ ਪੂਰੇ ਨਾ ਉਤਰੇ ਉਨ੍ਹਾਂ ਨੂੰ ੧੦ ਦਿਨਾਂ ਵਾਸਤੇ ਰੋਕ ਲਿਆ। ਉਪ੍ਰੰਤ ਉਨਾਂ ਨੂੰ ਵੀ ਮੰਨਜ਼ਲ ਤੇ ਜਾਣ ਦੀ ਆਗਿਆ ਮਿਲ ਗਈ। ਬਜ਼ਾਰ ਵਿਚ ਲੰਘਦਿਆਂ ਕੁਝ ਪੰਜਾਬੀ ਮੁੰਡੇ ਮਿਲੇ ਉਨ੍ਹਾਂ ਤੋਂ ਠੇਕੇਦਾਰ ਮੋਤਾ ਸਿੰਘ ਦਾ ਘਰ ਪੁੱਛਿਆ। ਠੇਕੇਦਾਰ ਤਾਂ ਘਰ ਨਹੀਂ ਸੀ, ਮਗਰ ਉਸ ਦੀ ਘਰ ਵਾਲੀ ਸਵੇਰ ਸਾਰ ਨਾਉਂ ਲੈਣ ਵਾਲੀ ਸੀ। ਇਨ੍ਹਾਂ ਨੂੰ ਵੇਖ ਉਸ ਨੂੰ ਚੰਨ ਚੜ੍ਹ ਗਿਆ। ਉਸ ਨੇ ਇਨ੍ਹਾਂ ਦੀ ਚੰਗੀ ਸੇਵਾ ਕੀਤੀ। ਬੀਬੀ ਨੇ ਉਨ੍ਹਾਂ ਨਾਲ ਇਕ ਜਾਣੂੰ ਭੇਜਿਆ। ਉਸ ਨੇ ਇਨ੍ਹਾਂ ਨੂੰ ਬੰਗਲੇ ਦੇ ਦਰਸ਼ਨ ਕਰਾਏ ਜਿਥੇ ਸਤਿਗੁਰਾਂ ਨੂੰ ਨਜ਼ਰ ਬੰਦ ਰਖਿਆ ਗਿਆ ਸੀ। ਉਸ ਨੇ ਬਹਾਦਰ ਸ਼ਾਹ (ਰੰਗੀਲਾ) ਦੀ ਕਬਰ ਵੀ ਵਿਖਾਈ।

ਖ਼ੈਰ ਸ਼ਾਮ ਨੂੰ ਘਰ ਮੁੜ ਆਏ। ਇਹ ਕੁਝ ਦਿਨਾਂ ਪਿਛੋਂ ਪੇਮਾਨੇ ਪੁਜੇ ਤੇ ਮੋਤਾ ਸਿੰਘ ਨੂੰ ਇਕ ਕਾਰਖ਼ਾਨੇ ਵਿਚ ਮਿਲੇ। ਇਥੇ ਰਾਜੇ ਦੇ ਮਹਿਲ ਵੀ ਦੇਖੇ। ਇਥੋਂ ਮਾਂਡਲੇ ਤੇ ਮਾਂਡਲਿਓਂ ਅਗਨ ਬੋਟ ਰਾਹੀਂ ਸਗਾਹੀ ਤੇ ਸਗਾਹੀਓਂ ਮਚੀਨੇ ਪਹੁੰਚੇ। ਮਚੀਨੇ ਦੇ ਗ੍ਰੰਥੀ ਭਾਈ ਸ਼ੰਕਰ ਸਿੰਘ ਨੇ ਬੜਾ ਪਿਆਰ ਦਿਖਾਇਆ। ਐਰਾਵਤੀ ਦੀ ਸੈਰ ਕਰਾਈ ਤੇ ਮਹਿਥੇ ਬਸਤੀ ਤਕ ਗਿਆ। ਮਹਿਥੇ ਬਸਤੀ ਮਚੀਨੇ ਤੋਂ ੭ ਮੀਲ ਦੂਰੀ ਤੇ ਹੈ। ਓਥੇ ਕੁਝ ਛੱਪਰ ਖੜੇ ਸਨ। ਸ਼ੰਕਰ ਸਿੰਘ ਛੱਪਰਾਂ ਲਾਗੇ ਬਿਠਾਲ ਕੇ ਅੱਗੇ ਇਕੱਲਾ ਹੀ ਗਿਆ ਤੇ ਇਕ ਸਾਧੂ ਨੂੰ ਨਾਲ ਲੈ ਮੁੜਿਆ। ਸਾਧੂ ਅੰਦਰ ਵੀ ਰੱਬ ਵਸਦਾ ਸੀ। ਉਹ ਇਨ੍ਹਾਂ ਨੂੰ ਵੇਖ ਕੇ ਗੱਦ-ਗੱਦ ਹੋ ਉਠਿਆ ਤੇ ਆਖਿਆ, "ਭਾਈ ! ਤੁਸੀਂ ਧੰਨ ਹੋ ਜਿਹੜੇ ਸਤਿਗੁਰਾਂ ਦੇ ਦਰਸ਼ਨਾਂ ਵਾਸਤੇ ਇਤਨੇ ਜ਼ਫ਼ਰ ਜਾਲ ਰਹੇ ਹੋ।" ਉਸ ਨੇ ਇਨ੍ਹਾਂ ਨੂੰ ਥਹੁ-ਟਿਕਾਣਾ ਦਸਿਆ, ਤੇ ਇਹ ਵੀ ਆਖਿਆ ਕਿ ਏਥੋਂ ਦੀਆਂ ਬਰਮੀ ਇਸਤਰੀਆਂ ਬੜੀਆਂ ਤਾਲੇ-ਹਾਰੀਆਂ ਨੇ। ਰਾਹ ਜਾਂਦੇ ਪੰਜਾਬੀਆਂ ਨੂੰ ਫਾਹਾ ਲੈਂਦੀਆਂ ਹਨ। ਤੁਸੀਂ ਇਓਂ ਨਾ ਫਿਰੋ। ਇਹ ਕੁਝ ਸਮਾਂ ਮਹਾਂ ਪੁਰਸ਼ ਵਰਿਆਮ ਦਾਸ ਪਾਸ ਰਹੇ ਤੇ ਮੁੜ ਉਥੋਂ ਚਾਲੇ ਪਾ ਦਿਤੇ। ਇਥੋਂ ਮਰਗੋਈ ਪੁਜੇ। ਤਿੰਨ ਦਿਨ ਜਹਾਜ਼ ਦਾ ਸਫ਼ਰ ਕੀਤਾ। ਜਲ ਪਾਣੀ ਤੋਂ ਬਿਨਾਂ ਹੀ ਰਹੇ। ਕਿਉਂਕਿ ਸਤਿਗੁਰੂ ਜੀ ਦੀ ਕਿਰਪਾ ਸਦਕਾ ਇਨ੍ਹਾਂ ਦੇ ਜਲ ਪਾਨ ਦੀ ਸੋਧ ਸੀ। ਹਰਦੇਵ ਸਿੰਘ ਜੀ ਮਰਗੋਈ ਏ ਨੀ

ਮਰਗੋਈ ਪੁਜਣ ਤੇ ਇਨ੍ਹਾਂ ਨੂੰ ਪੁਲਸ ਨੇ ਆ ਘੇਰਿਆ, ਪਛਾਣ ਕੀਤੀ। ਇਥੇ ਵੀ ਸਤਿਗੁਰਾਂ ਪੱਤ ਰਖੀ। ਓਥੇ ਪੰਜਾਬੀ ਧੋਬੀ ਰਹਿੰਦੇ ਸਨ। ਧੋਬੀਆਂ ਨੇ ਵਹੀਲੇ ਦੇ ਭਗਵਾਨ ਸਿੰਘ ਦੀ ਦੱਸ ਪਾਈ। ਇਹ ਭਗਵਾਨ ਸਿੰਘ ਨੂੰ ਮਿਲੇ ਤੇ ਪ੍ਰਸ਼ਾਦ ਵੀ ਉਸ ਦੇ ਘਰ ਛਕਿਆ। ਉਹ ਇਨ੍ਹਾਂ ਨੂੰ ਇਕ ਉਸ ਬਰਮੀ ਸਾਧੂ ਕੋਲ ਲੈ ਗਿਆ। ਉਹ ਬਰਮੀ ਬੋਲਦਾ ਸੀ। ਭਗਵਾਨ ਸਿੰਘ ਇਨ੍ਹਾਂ ਨੂੰ ਸਮਝਾਂਦਾ ਸੀ। ਇਥੇ ਇਨ੍ਹਾਂ ਨੂੰ ਫਤੂ ਗੜ੍ਹ ਦਾ ਆਤਮਾ ਸਿੰਘ ਵੀ

Namdhari Elibrary NamdhariElibrary@gmail.com

ਮਿਲਿਆ। ਉਸ ਦਾ ਇਥੇ ਰਬੜ ਦਾ ਕਾਰਖਾਨਾ ਸੀ। ਪਹਿਲਾਂ ਉਹ ਪੁਲਸ ਵਿਚ ਭਰਤੀ ਸੀ। ਇਨ੍ਹਾਂ ਆਤਮਾ ਸਿੰਘ ਨਾਲ ਸਤਿਗੁਰਾਂ ਬਾਰੇ ਗੱਲ-ਬਾਤ ਕੀਤੀ। ਉਹ ਇਨ੍ਹਾਂ ਨੂੰ ਆਪਣੀ ਘਰ ਵਾਲੀ ਪਾਸ ਲੈ ਗਿਆ। ਉਹ ਬੀਬੀ ਬਰਮਨ ਸੀ ਅਤੇ ਜਿਹੜੀ ਗੱਲ ਬਾਤ ਉਸ ਨੇ ਮਾਮੇ ਪਾਸੋਂ ਸੁਣੀ ਸੀ, ਉਸ ਨੇ ਉਹ ਵਿੱਥਿਆ ਇਨ੍ਹਾਂ ਨੂੰ ਸੁਣਾਈ। ਮੇਰਾ ਮਾਮਾ ਸਤਿਗੁਰਾਂ ਤੇ ਵਾਰਡਨ ਲੱਗਾ ਸੀ। ਉਸ ਦਿਨ ਉਹ ਪਹਿਰੇ ਤੇ ਸੀ ਜਦ ਕੁਝ ਸਮਾਂ ਬੀਤਿਆ ਤਾਂ ਰਾਜਨ-ਰਾਜੇ ਆਪਣਾ ਆਸਨ ਅਡੋਲ ਸੰਭਾਲ ਲਿਆ ਤੇ ਬਾਹਰ ਜਾਣ ਦੀ ਤਿਆਰੀ ਅਰੰਭ ਦਿਤੀ। ਮੇਰੇ ਵੇਂਹਦਿਆਂ ਜੰਦਰੇ ਖੁਲ੍ਹ ਗਏ। ਦਰਵਾਜਾ ਚੌੜ-ਚਪੱਟ ਹੋ ਗਿਆ। ਰਾਜਨ ਰਾਜਾ ਬਾਹਰ ਨਿਕਲ ਟੁਰੇ ਮੈਂ ਵੀ ਮਗਰ ਮਗਰ। ਉਹ ਇਕ ਘਾਟ ਤੇ ਜਾ ਕੇ ਖਲੋ ਗਏ ਤੇ ਟਹਿਲਣ ਲਗ ਪਏ। ਜਦ ਕੁਝ ਸਮਾਂ ਬੀਤਿਆ ਤਾਂ ਮੇਰੇ ਮਾਮੇ ਨੇ ਅਰਜ਼ ਕੀਤੀ — "ਰਾਜਨ-ਰਾਜਾ ਜੀ ! ਆਪ ਬੜੀ ਸੈਰ ਕਰ ਲਈ ਹੈ। ਹੁਣ ਵਾਪਸ ਚਲੋ !" ਉਹਨਾਂ ਬਚਨ ਕੀਤਾ—'ਭਾਈ ! ਹੁਣ ਅਸੀਂ ਵਾਪਸ ਨਹੀਂ ਜਾਣਾ; ਤੂੰ ਬੇਸ਼ੱਕ ਚਲਿਆ ਜਾਹ।" ਉਸ ਦੇ ਵੇਖਦਿਆਂ ਉਹ ਅਗੇ ਨਿਕਲ ਗਏ, ਫਿਰ ਨਜ਼ਰੀਂ ਨਹੀਂ ਪਏ। ਮਾਮਾ ਜੀ ਵਾਪਸ ਆ ਗਏ ਤੇ ਕਰਮਚਾਰੀਆਂ ਨੂੰ ਖ਼ਬਰ ਕਰ ਦਿੱਤੀ—ਅਫ਼ਸਰਾਂ ਦੇ ਮਾਪੇ ਮਰ ਗਏ। ਸਭ ਸਿਪਾਹੀਆਂ ਤੇ ਪਹਿਰੇਦਾਰਾਂ ਨੂੰ ਪੱਟੀ ਪੜ੍ਹਾ ਦਿਤੀ ਕਿ ਤੁਸਾਂ ਕਹਿਣਾ ਹੈ ਕਿ ਰਾਜਨ-ਰਾਜਾ ਫ਼ੌਤ ਹੋ ਗਏ ਹਨ।" ਦਿਨ ਚੜ੍ਹੇ ਤਕ ਇਹ ਗੱਲ ਫੈਲਾ ਦਿੱਤੀ ਗਈ। ਹਸਪਤਾਲ ਵਿਚ ਪੰਜਾਬੀ ਰਾਮ ਸਿੰਘ ਨਾਂ ਦਾ ਬੀਮਾਰ ਸੀ, ਉਹ ਮਰ ਗਿਆ। ਉਸ ਗ਼ਰੀਬ ਨੂੰ ਰਾਜਨ-ਰਾਜਾ ਕਹਿ ਕੇ ਸਸਕਾਰ ਕਰ ਦਿੱਤਾ ਗਿਆ।

ਮੁੜ ਭਗਵਾਨ ਸਿੰਘ ਜੇਲ ਦੇ ਦਰੋਗੇ ਕੋਲ ਲੈ ਗਿਆ। ਦਰੋਗਾ ਤਾਂ ਬੀਮਾਰ ਸੀ, ਮਗਰ ਉਸ ਦਾ ਭਰਾ ਮੁਹੰਮਦ ਅਲੀ ਮਿਲ ਪਿਆ। ਮੁਹੰਮਦ ਅਲੀ ਉਸ ਜਹਾਜ਼ ਦਾ ਕਪਤਾਨ ਰਹਿ ਚੁਕਾ ਸੀ, ਜਿਸ ਵਿਚ ਸਤਿਗੁਰਾਂ ਨੂੰ ਮਰਗੋਈ ਲਿਆਂਦਾ ਗਿਆ ਸੀ। ਮੁਹੰਮਦ ਅਲੀ ਨਾਲ ਜਦ ਸਤਿਗੁਰਾਂ ਬਾਰੇ ਗੱਲ ਹੋਈ ਤਾਂ ਉਸ ਦੀਆਂ ਅੱਖਾਂ ਸੱਜਲ ਹੋ ਗਈਆਂ। ਫਿਰ ਅੱਖਾਂ ਨੂੰ ਹੱਥ ਲਾ ਚੁੰਮਿਆ ਤੇ ਆਖਿਆ—"ਉਸ ਅੱਲਾ ਦੇ ਪਿਆਰੇ ਬਾਰੇ ਕੀ ਪੁੱਛਦੇ ਹੋ ? ਉਹ ਤਾਂ ਖ਼ੁਦਾ ਸੀ, ਖ਼ੁਦਾ। ਜਦ ਅਸੀਂ ਉਸ ਨੂੰ ਰੰਗੂਨੋਂ ਮਰਗੋਈ ਪਹਿਰੇ ਵਿਚ ਲਿਆ ਰਹੇ ਸਾਂ ਤਾਂ ਉਹਨਾਂ ਆਪਣਾ ਗੜਵਾ ਸਮੁੰਦਰ ਵਿਚ ਦੇਹ ਮਾਰਿਆ। ਉਹਨਾਂ ਦੇ ਖ਼ਾਦਮ ਨੇ ਪੁੱਛਿਆ, 'ਮਹਾਰਾਜ ਜਲ ਕਾਹਦੇ ਨਾਲ ਲਿਆਵਾਂਗੇ ?' ਤਾਂ ਉਹ ਚੁੱਪ ਰਹੇ। ਮਗਰ ਜਦ ਅਸੀਂ ਮਰਗੋਈ ਪੁਜੇ ਅਤੇ ਜਹਾਜ਼ੋਂ ਉਤਰੇ ਤਾਂ ਉਹ ਮਸਤੀ ਵਿਚ ਬੋਲੇ—"ਤੁਹਾਡੇ ਜਵਾਈ ਇਥੇ ਵੀ ਆ ਜਾਣਗੇ।" ਸਾਡੇ ਵੇਂਹਦਿਆਂ-ਵੇਂਹਦਿਆਂ ਇਕ ਕਾਲੇ ਰੰਗ ਦਾ ਬ੍ਰਾਹਮਣ ਆਇਆ। ਉਹ ਗੜਵਾ ਅਗੇ ਰਖ, ਮੱਥਾ ਟੇਕ, ਵਾਪਸ ਮੁੜ ਗਿਆ।" ਸਤਿਗੁਰਾਂ ਫਿਰ ਬਚਨ ਕੀਤਾ—"ਮੇਰਾ ਗੜਵਾ ਤਾਂ ਸਮੁੰਦਰ ਨਹੀਂ ਰਖ ਸਕਦਾ, ਇਹ ਮੈਨੂੰ ਕੈਦ ਕੀ ਕਰਨਗੇ ?" ਹਾਂ, ਜਦ ਹਰਦੇਵ ਸਿੰਘ ਤੇ ਸੂਰਤ ਸਿੰਘ ਸਤਿਗੁਰਾਂ ਦੀ ਚੜ੍ਹਾਈ ਬਾਰੇ ਪੁੱਛਿਆ ਤਾਂ ਉਸ ਬੜੇ ਜ਼ੋਰ ਨਾਲ ਆਖਿਆ—"ਬਿਲਕੁਲ ਗ਼ਲਤ, ਬਿਲਕੁਲ ਗ਼ਲਤ। ਉਹ ਫ਼ੌਤ ਨਹੀਂ ਹੋਏ।"

ਉਸ ਦੇ ਕਹਿਣ ਤੇ ਸਤਿਗੁਰਾਂ ਦੇ ਢਵਈਏ ਸ਼ੇਖ ਅਲੀ ਦੀ ਡੇਅਰੀ ਤੇ ਗਏ, ਜਿਥੋਂ ਸਤਿਗੁਰਾਂ ਵਾਸਤੇ ਦੁੱਧ ਆਇਆ ਕਰਦਾ ਸੀ। ਸ਼ੇਖ ਅਲੀ ਯੂ: ਪੀ: ਦਾ ਰਹਿਣ ਵਾਲਾ ਸੀ। ਇਹ ਦੁੱਧ ਰੋਜ਼ ਦਿਆ ਕਰਦਾ ਸੀ। ਉਸ ਵੀ ਇਹੋ ਕਿਹਾ—"ਫ਼ੌਤ ਵਾਲੀ ਗੱਲ ਬਨਾਵਟੀ ਹੈ। ਰਾਜਨ-ਰਾਜਾ ਫ਼ੌਤ ਨਹੀਂ ਹੋਏ ਉਹਨਾਂ ਦਾ ਤਾਂ ਇਹ ਮੁਅਜਜ਼ਾ ਸੀ।"

ਇਥੋਂ ਗੱਲਾਂ ਬਾਤਾਂ ਤੋਂ ਪ੍ਰਦੇਸੀ ਯਾਤਰੂਆਂ ਨੂੰ ਇਕ ਬੋਧੀ ਮਹਾਤਮਾ ਦਾ ਪਤਾ ਲੱਗਾ। ਇਹ ਦੋਵੇਂ ਸਜਣ ਉਸ ਦੀ ਭਾਲ ਵਿਚ ਤੁਰ ਪਏ। ਰਾਹ ਵਿਚ ਇਕ ਮਜ਼ੁਬੀ ਸਿੰਘ ਮਿਲਿਆ ਤੇ ਵੇਖਦਿਆਂ ਸਾਰ ਉਸ ਨੂੰ ਸਤਿ ਸ੍ਰੀ ਅਕਾਲ ਬੁਲਾਈ। ਸੁਖ-ਸਾਂਦ ਦੇ ਪਿਛੋਂ ਉਸ ਕਿਹਾ— "ਤੁਸੀਂ ਮਹਾਰਾਜ ਜੀ ਨੂੰ ਤਾਂ ਨਹੀਂ ਲਭਦੇ ਫਿਰਦੇ ? ਮਹਾਰਾਜ ਜੀ ਤਾਂ ਤਨਾ-ਸੇਰੀ ਪਹਾੜੀ (ਤਨਾਸਰਨ) ਤੋਂ ਉਪਰ ਹਨ। ਇਥੋਂ ਦਸ ਮੀਲ ਦੂਰੀ ਹੈ। ਉਸ ਇਹ ਵੀ ਦਸਿਆ ੧੮-੧੯ ਸਾਲ ਹੋਏ ਹਨ ਕਿ ਹੀਰਾ ਸਿੰਘ ਨਾਂ ਦਾ ਇਕ ਸਾਧੂ ਇਥੇ ਆਇਆ ਸੀ। ਉਹ ਕਹਿੰਦਾ ਸੀ ਕਿ ਜਦ ਉਹ ਦਰਸਨ ਕਰਨ ਆਪਣੇ ਸਾਥੀਆਂ ਸਹਿਤ ਉਥੇ ਗਏ ਸਨ ਤਾਂ ਉਹਨਾਂ ਕੋਲ ਅਨੇਕ ਜੰਗਲੀ ਜਾਨਵਰ ਘੇਰਾ ਪਾਈ ਬੈਠੇ ਸਨ। ਉਹ ਜਾਨਵਰ ਇਹਨਾਂ ਸਾਧੂਆਂ ਨੂੰ ਵੇਖ ਕੇ ਉਠ ਕੇ ਚਲੇ ਗਏ, ਉਹਨਾਂ ਉਥੇ ਜਾ ਕੇ ਸਤਿਗੁਰਾਂ ਦੇ ਦਰਸ਼ਨ ਕੀਤੇ।

ਇਸੇ ਸਮੇਂ ਬਖਸ਼ੀ ਹੁਰਾਂ ਨੂੰ ਇਹ ਬੋਧੀ ਮਹਾਤਮਾ ਜਿਨ੍ਹਾਂ ਦੀ ਉਮਰ ਕੋਈ ੯੦-੯੫ ਸਾਲ ਦੀ ਸੀ, ਦਰਸ਼ਨ ਹੋਏ। ਜਦ ਇਹਨਾਂ ਸਤਿਗੁਰਾਂ ਬਾਬਤ ਮਹਾਂ ਪੁਰਸ਼ ਨਾਲ ਗੱਲ-ਬਾਤ ਕੀਤੀ ਤਾਂ ਉਹ ਮਸਤ ਹੋ ਗਿਆ। ਉਸ ਦੇ ਚਿਹਰੇ ਤੇ ਲਾਲੀਆਂ ਚੜ੍ਹ ਗਈਆਂ, ਸੀਸ ਸਤਿਕਾਰ ਨਾਲ ਝੁਕ

Namdhari Elibrary NamdhariElibrary@gmail.com

ਗਿਆ। ਉਸ ਨੇ ਬਰਮੀ "ਪੰਜਾਬੀ ਰਲਵੀਂ" ਜ਼ਬਾਨ ਵਿਚ ਗੱਲ ਦਾ ਉੱਤਰ ਦਿੱਤਾ—"ਤੁਸੀਂ ਬੁਧਨ ਬੁੱਧਾ ਬਾਰੇ ਪੁੱਛਦੇ ਹੋ ?" ਪਹਿਲਾਂ ਤਾਂ ਉਹਨਾਂ ਨੂੰ ਬੁਧਨ-ਬੁਧਾ ਦੀ ਕੋਈ ਸਮਝ ਨਾ ਆਈ। ਮਗਰ ਜਦ ਕਿ ਸਤਿਗੁਰਾਂ ਨੂੰ ਬੋਧੀ ਲੋਕ ਬੁਧਨ-ਬੁਧਾ" ਕਹਿੰਦੇ ਹਨ। ਤਾਂ ਇਨ੍ਹਾਂ ਨੇ ਹਾਂ ਭਰੀ। ਮਹਾਤਮਾ ਨੇ ਦਸਿਆ ਕਿ ਜਿਥੇ ਬੁਧਨ-ਬੁਧਾ ਨਜ਼ਰ ਬੰਦ ਰਹੇ ਹਨ, ਉਹ ਜਗ੍ਹਾ ਸਾਡੇ ਮੰਦਰ ਦੇ ਥੱਲੇ ਹੈ। ਉਹ ਕਈ ਵਾਰੀ ਮੌਜ ਵਿਚ ਇਥੇ ਆ ਕੇ ਸਾਡੇ ਨਾਲ ਧਰਮ ਚਰਚਾ ਕੀਤਾ ਕਰਦੇ ਸਨ। ਉਹਨਾਂ ਦੇ ਚਿਹਰੇ ਦਾ ਪ੍ਰਕਾਸ਼ ਝੱਲਿਆ ਨਹੀਂ ਸੀ ਜਾਂਦਾ। ਉਹਨਾਂ ਦੇ ਵਿਚਾਰਾਂ ਅਗੇ ਗੱਲ ਨਹੀਂ ਸੀ ਹੋ ਸਕਦੀ। ਅਸੀਂ ਆਪਣੇ ਮੰਦਰ ਤੋਂ ਕਈ ਵਾਰ ਵੇਖਦੇ ਸਾਂ ਕਿ ਉਹ ਲੰਗਰ ਵੇਲੇ ਬੜਾ ਚੋਕਾ ਫੇਰਿਆ ਕਰਦੇ ਸਨ। ਖ਼ੀਰ ਜਾਂ ਪ੍ਰਸ਼ਾਦ, ਕੜਾਹ ਪ੍ਰਸ਼ਾਦ ਤਿਆਰ ਕਰਦੇ ਸਨ। ਮਗਰ ਪ੍ਰਸ਼ਾਦ ਤਿਆਰ ਕਰਕੇ ਜਨੌਰਾਂ ਨੂੰ ਖਵਾ ਦੇਂਦੇ ਸਨ। ਭਾਈ ਸੂਰਤ ਸਿੰਘ ਦੇ ਪੁਛਣ ਤੇ ਕਿ ਬੁਧਨ-ਬੁਧਾ ਕਿਥੇ ਮਿਲ ਸਕਦੇ ਹਨ। ਤਾਂ ਉਨ੍ਹਾਂ ਕਿਹਾ ਕਿ ਉਹ ਸਥਾਨ ਸੱਤ ਪਹਾੜਾਂ ਤੋਂ ਅਗੇ ਹੈ। ਰਾਸਤਾ ਫਗਣ ਵਿਚ ਖੁਲ੍ਹਦਾ ਹੈ। ਜਿਹੜਾ ਬਰਮੀ ਬੋਧੀ ਜਾਂ ਹੋਰ ਸ਼ਰਧਾਲੂ ਉਨ੍ਹਾਂ ਦੇ ਦਰਸ਼ਨਾਂ ਨੂੰ ਜਾਂਦੇ ਹਨ ਤਾਂ ਇਕੱਲੇ-ਦੁਕੱਲੇ ਨਹੀਂ ਜਾਂਦੇ। ਸੰਗ ਨਾਲ ਜਾਂਦੇ ਹਨ। ਸਭ ਦਰਸ਼ਨ ਅਭਿਲਾਸ਼ੀ ਪਹਾੜ ਦੇ ਥੱਲੇ ਜਾ ਕੇ ਬਹਿ ਜਾਂਦੇ ਹਨ। ਅਰਾਧਨਾ ਕਰਦੇ ਹਨ। ਭਜਨ ਗਾਉਂਦੇ ਹਨ। ਮਸਤੀ ਵਿਚ ਨੱਚਦੇ ਹਨ ਤੇ ਅੱਖਾਂ ਰਾਹਾਂ ਵਿਚ ਵਿਛਾਈ ਰਖਦੇ ਹਨ। ਜਦ ਬੁਧਨ-ਬੁਧਾ ਮੌਜ ਵਿਚ ਆਉਂਦੇ ਹਨ ਤਾਂ ਚਿੱਟਾ ਰੁਮਾਲ ਹੱਥ ਵਿਚ ਫੜ ਕੇ ਆਉਂਦੇ ਹਨ। ਸਭ ਦੇ ਮਸਤਕ ਖਿੜ ਜਾਂਦੇ ਹਨ। ਜਦ ਬੁਧਨ-ਬੁਧਾ ਜੀ ਆਪਣੇ ਹੱਥ ਦਾ ਰੁਮਾਲ ਹਿਲਾਂਦੇ ਹਨ ਤਾਂ ਯਾਤਰੂ ਨਮਸਕਾਰਾਂ ਕਰਦੇ ਹਨ ਅਤੇ ਆਪਣੀ ਯਾਤਰਾ ਸਫ਼ਲ ਸਮਝਦੇ ਹਨ। ਉਹਨਾਂ ਦੀ ਕਾਮਨਾ ਪੂਰੀ ਹੋ ਜਾਂਦੀ ਹੈ। ਯਾਤਰੂ ਉਸ ਪ੍ਰਬਤ ਦੀ ਬਰੀਕ ਧੂੜ ਸੁੱਚੇ ਬਸਤਰਾਂ ਵਿਚ ਲਪੇਟ ਨਾਲ ਲੈ ਆਉਂਦੇ ਹਨ। ਉਥੋਂ ਲਿਆ ਕੇ ਸਜਣਾਂ ਮਿੱਤਰਾਂ ਵਿਚ ਵੰਡ ਦੇਂਦੇ ਹਨ। ਜਦ ਕਿਸੇ ਨੂੰ ਪੀੜ-ਪਰਬਲ ਹੁੰਦੀ ਹੈ, ਉਸ ਧੂੜੀ ਨੂੰ ਵਰਤਦੇ ਹਨ ਅਤੇ ਰਾਜ਼ੀ ਹੋ ਜਾਂਦੇ ਹਨ। ਉਸ ਸਾਧੂ ਨੇ ਇਨ੍ਹਾਂ ਦੋਹਾਂ ਨੂੰ ਇਕ ਸਾਧੂ ਪਾਸੋਂ ਧੂੜੀ ਮੰਗਵਾ ਕੇ ਦਿਤੀ। ਉਹ ਇਨ੍ਹਾਂ ਪੱਲੇ ਬੰਨ੍ਹ ਲਈ ਤੇ ਦੇਸ਼ ਨੂੰ ਵਾਪਸ ਮੁੜਨ ਵਾਸਤੇ ਕਮਰ-ਕੱਸੇ ਕਰ ਲਏ।



ਸੰਤ ਕਰਮ ਸਿੰਘ ਜੀ ਬਾਲਮ

ਆਪ ਨਾਮਧਾਰੀ ਪੰਥ ਦੇ ਪਰਸਿੱਧ ਰਾਗੀ, ਜਥੇਦਾਰ ਤੇ ਵਕਤਾ ਸਨ।

ਆਪ ੨੯ ਅਪਰੈਲ ੧੯੭੨ ਨੂੰ ਦਿਲ ਦੇ ਦੌਰੇ ਕਾਰਨ ਚੜ੍ਹਾਈ ਕਰ ਗਏ ਹਨ। ਆਪ ਦਾ ਭੋਗ ੧੪ ਮਈ ਨੂੰ ਆਪ ਦੇ ਗ੍ਰਿਹ, ਸਾਹਬਪੁਰਾ ਦਿੱਲੀ ਵਿਖੇ ਪਿਆ।

Namdhari Elibrary NamdhariElibrary@gmail.com

ਵਿਦਿਅਕ ਸੰਮੇਲਨ

ਐਤਕੀਂ ਸਰਬ-ਹਿੰਦ ਨਾਮਧਾਰੀ ਵਿਦਿਅਕ ਜਥੇ ਦਾ ਅਠਵਾਂ ਵਾਰਸਕ ਸੰਮੇਲਨ ਸ੍ਰੀ ਭੈਣੀ ਸਾਹਿਬ ਦੀ ਪਾਵਨ ਧਰਤੀ ਤੇ ੩ ਤੋਂ ੮ ਜੂਨ ੧੯੭੨ ਤੱਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਦੀ ਹਜ਼ੂਰੀ 'ਚ ਬੜੀ ਸ਼ਾਨ ਨਾਲ ਹੋਇਆ। ੧੯੭੨, ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਦੇਸ਼ ਗਵਨ ਸ਼ਤਾਬਦੀ ਸਾਲ ਹੋਣ ਕਰਕੇ, ਇਸ ਵਾਰ ਦਾ ਇਹ ਵਾਰਸ਼ਕ ਸੰਮੇਲਨ ਵਿਸ਼ੇਸ਼ ਮਹੱਤਤਾ ਰੱਖਦਾ ਸੀ।

ਨਾਮਧਾਰੀ ਯੁਵਕਾਂ ਦਾ ਸਾਲ ਵਿਚ ਇਕ ਵਾਰੀ ਇਕੱਠ, ਸੰਮੇਲਨ ਦੇ ਰੂਪ ਵਿਚ ਪਿਛਲੇ ਸੱਤਾਂ ਵਰ੍ਹਿਆਂ ਤੋਂ ਲਗਾਤਾਰ ਹੁੰਦਾ ਆ ਰਿਹਾ ਹੈ। ਇਸ ਵਾਰ ਸ੍ਰੀ ਸਤਿਗੁਰੂ ਜੀ ਬੈਂਕੋਕ (ਥਾਈਲੈਂਡ) ਤੋਂ ਉਚੇਚੇ, ਅਤਿ ਰੁਝੇਵਿਆਂ ਤੇ ਜ਼ਰੂਰੀ ਮਸਲਿਆਂ ਨੂੰ ਵਿਚੇ ਛੱਡ ਕੇ. ਸੰਮੇਲਨ ਵਿਚ ਦਰਸ਼ਨ ਦੇਣ ਲਈ ਭਾਰਤ ਪਧਾਰੇ। ਇਸ ਸਲਾਨਾ ਇਕੱਠ ਵਿਚ ਭਾਰਤ ਦੇ ਵੱਖ ਵੱਖ ਪ੍ਰਾਂਤਾਂ ਤੋਂ ੩੫੦ ਤੋਂ ਉਪਰ ਨਾਮਧਾਰੀ ਯੁਵਕ ਇਕੱਤਰਿਤ ਹੋਏ।

ਸਾਰੇ ਦਿਨਾਂ ਦਾ ਪ੍ਰੋਗਰਾਮ ਬੜੇ ਸੁਚੱਜੇ ਢੰਗ ਨਾਲ ਉਲੀਕਿਆ ਗਿਆ ਸੀ, ਜਿਸ ਨਾਲ ਨਾਮਧਾਰੀ ਯੁਵਕਾਂ ਨੂੰ ਅਧਿਆਤਮਕ, ਸਦਾਚਾਰਕ, ਆਪਣੇ ਇਤਿਹਾਸ ਦੀ ਨਵੀਨਤਾ ਅਤੇ ਸੁਚ ਸੰਜਮ ਦਾ ਗਿਆਨ ਪ੍ਰਾਪਤ ਹੋਵੇ, ਸਾਤਵਿਕ ਜੀਵਨ ਬਣੇ। ਅੱਜ ਕੱਲ ਦੇ ਵਿਗਿਆਨਕ ਯੁਗ ਵਿਚ ਬਹੁਤਿਆਂ ਦੀ, (ਜੇ ਸਾਰਿਆਂ ਦੀ ਨਹੀਂ), ਰੋਜ਼ਾਨਾ ਜੀਵਨ ਦੇ ਕੰਮ, ਇਸ ਪ੍ਰਕਾਰ ਦੇ ਹਨ, ਕਿ ਪਦਾਰਥ ਵਲ ਰੁਚੀ ਬਦੋਬਦੀ ਵੱਧ ਜਾਂਦੀ ਹੈ। ਨਤੀਜੇ ਵਜੋਂ ਇਸ ਪਾਸੇ ਦਾ ਪ੍ਰਭਾਵ ਵੱਧ ਤੇ ਸੁਭਾਵਕ ਹੀ ਅਧਿਆਤਮ ਵਲੋਂ ਘਟਦਾ ਜਾਂਦਾ ਹੈ।

ਸਾਲ 'ਚ ਇਕ ਵਾਰ ਦਾ ਇਹੋ ਜਿਹਾ ਇਕੱਠ ਮੋੜ ਕੱਟਣ ਦਾ ਕੰਮ ਕਰਦਾ ਹੈ। ਸੰਮੇਲਨ ਤੇ ਜਾ ਕੇ ਸਾਨੂੰ ਅਮਲੀ ਜੀਵਨ ਮਿਲਦਾ ਹੈ। ਸ੍ਰੀ ਸਤਿਗੁਰੂ ਜੀ ਦਾ-ਨਿਜਸੰਪਰਕ ਤੇ ਪਵਿੱਤਰ ਦਰਸ਼ਨ ਅਤੇ ਸ੍ਰੀ ਭੈਣੀ ਸਾਹਿਬ ਦੀ ਧੂੜ ਨਿਸ਼ਚਯ ਹੀ ਹਰ ਨੌਜਵਾਨ ਦੀ ਮਨ ਦੀ ਡੂੰਘਾਈ ਤੇ ਅਸਰ ਕਰਦੀ ਹੈ। ਸੰਮੇਲਨ ਦੇ ਅਖ਼ੀਰਲੇ ਦਿਨ ਜਦੋਂ ਸ੍ਰੀ ਮਹਾਰਾਜ ਬੀਰ ਸਿੰਘ ਜੀ ਨੇ ਅਮਲੀ ਜੀਵਨ ਵਿਚ ਸੁਧਾਰ ਬਾਰੇ ਸਮੁੱਚੇ ਤੌਰ ਤੇ ਅਪੀਲ ਕੀਤੀ ਤਾਂ ਤੁਰੰਤ ਹੀ ਬਹੁਤ ਸਾਰੇ ਨੌਜਵਾਨਾਂ ਦੀਆਂ ਸ੍ਰੀ ਸਤਿਗੁਰੂ ਜੀ ਦੇ ਸਾਹਮਣੇ ਕਤਾਰਾਂ ਲੱਗ ਗਈਆਂ ਅਤੇ ਇਕ ਇਕ ਕਰਕੇ ਆਪੋ ਆਪਣੀ ਮਰਜ਼ੀ ਅਨੁਸਾਰ ਹੀ ਇਸ ਗੱਲ ਦੇ ਪ੍ਰਣ ਹੋਣੇ ਸ਼ੁਰੂ ਹੋ ਗਏ ਕਿ, ਰੋਜ਼ ਦਾ ਕਿਤਨਾ ਨਿਤਨੇਮ, ਪਾਠ, ਸਕੇਸ਼ੀ ਇਸ਼ਨਾਨ, ਘਟੋ ਘੱਟ ਸੂਰਜ ਚੜ੍ਹਨ ਤੋਂ ਪਹਿਲੋਂ ਉਠਣਾ, ਰਾਤ ਨੂੰ ਪੈਰ ਧੋ ਕੇ ਅਤੇ ਕੀਰਤਨ ਸੋਹਿਲੇ ਦਾ ਪਾਠ ਕਰਕੇ ਸੌਣਾ, ਚਾਹ, ਕਾਫ਼ੀ, ਕੋਕਾ ਕੋਲਾ, ਸਿਨਮਾ ਦਾ ਤਿਆਗ, ਨਾਮਧਾਰੀ ਪਹਿਰਾਵੇ 'ਚ ਰਹਿਨ ਦੇ ਸੰਕਲਪ ਆਦਿ ਸਭ ਨੇ ਕੀਤੇ। ਜੇਹੜੇ ਹਜ਼ੂਰੀ ਨਹੀਂ ਆਏ, ਉਨ੍ਹਾਂ ਆਪਣੇ ਮਨਾਂ ਵਿਚ ਹੀ ਕੋਈ ਨਾ ਕੋਈ ਸੁਧਾਰ ਮਿੱਥ ਲਿਆ। ਸੁਆਦ ਵਾਲੀ ਗੱਲ ਇਹ ਹੈ ਕਿ, ਇਨ੍ਹਾਂ ਸਭ ਦਾ ਕੋਈ ਲਿਖਤੀ ਰੂਪ ਵਿਚ ਰਿਕਾਰਡ ਨਹੀਂ ਰੱਖਿਆ ਜਾਂਦਾ, ਫਿਰ ਵੀ ਕੀਤੇ ਹੋਏ ਸੰਕਲਪਾਂ ਨੂੰ ਹਰ ਕੋਈ ਨਿਭਾਣ ਦਾ ਤਨੋ ਮਨੋ ਪੂਰਾ ਯਤਨ ਕਰਦਾ ਹੈ।

ਹਰ ਰੋਜ਼ ਵੱਖ ਵੱਖ ਸਮਾਗਮਾਂ ਵਿਚ ਕਈ ਧਾਰਮਿਕ ਤੇ ਸਮਾਜਕ ਪਹਿਲੂਆਂ ਤੇ ਵਿਚਾਰਾਂ ਹੋਈਆਂ। ਸਭ ਸਥਾਨਿਕ ਜੱਥਿਆਂ ਦੀਆਂ ਰਿਪੋਰਟਾਂ ਸੁਣੀਆਂ ਗਈਆਂ, ਅਗਲੇ ਸਾਲ ਲਈ ਕਾਰਜ ਕਰਮ ਉਲੀਕੇ ਗਏ। ਕੇਂਦਰ ਦੀ ਨਵੀਂ ਕਾਰਜ ਕਾਰਨੀ ਬਣਾਈ ਗਈ। ਮਾਸਟਰ ਨਿਹਾਲ ਸਿੰਘ ਜੀ ਜਿਹੜੇ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਜਨਮ ਤੋਂ ਹੀ ਪ੍ਰਧਾਨ ਸਨ ਅਤੇ ਜਿਨ੍ਹਾਂ ਦੀ ਅਗਵਾਈ ਹੇਠ ਜਥੇ ਨੇ ਕਈ ਮਹੱਤਵ ਪੂਰਨ ਕੰਮ ਕੀਤੇ, ਆਪਣੇ ਰੁਝੇਵਿਆਂ ਕਾਰਨ, ਇਸ ਸੇਵਾ ਤੋਂ ਛੁਟੀ ਚਾਹੁੰਦੇ ਸਨ। ਉਨ੍ਹਾਂ ਦੀ ਥਾਂ ਤੇ ਸ੍ਰੀ ਸਤਿਗੁਰੂ ਜੀ ਨੇ ਨਵੇਂ ਪ੍ਰਧਾਨ ਇਕ ਯੋਗ ਨੌਜਵਾਨ ਸ੍ਰੀ ਅਜੀਤ ਸਿੰਘ ਜੀ ਧੀਮਾਂ ਨੂੰ ਥਾਪਿਆ। ਮਾਸਟਰ ਨਿਹਾਲ ਸਿੰਘ ਜੀ ਦੀਆਂ ਸੇਵਾਵਾਂ ਦੇ ਸਤਿਕਾਰ ਵਜੋਂ ਕੇਂਦਰ ਵਲੋਂ ਇਕ ਸਿਰੋਪਾਉ ਸ੍ਰੀ ਸਤਿਗੁਰੂ ਜੀ ਦੇ ਕਰਕਮਲਾਂ ਦੁਆਰਾ ਦਿੱਤਾ ਗਿਆ।

Namdhari Elibrary NamdhariElibrary@gmail.com

ਸ੍ਰੀ ਜਗਦੀਸ ਸਿੰਘ ਜੀ ਨਵੇਂ ਉਪ ਪ੍ਰਧਾਨ, ਸ੍ਰੀ ਸੰਤੋਖ ਸਿਘ ਸਾਜਨ ਜਨਰਲ ਸਕੱਤਰ, ਸ੍ਰੀ ਸੁਰਜੀਤ ਸਿੰਘ "ਜੀਤ" ਸਕੱਤਰ ਅਤੇ ਕਾਰਜ ਕਾਰਨੀ ਦੇ.ਬਾਕੀ ਮੈਂਬਰ ਨਿਯਤ ਕੀਤੇ ਗਏ।

ਅਮਨ ਕਾਨਫਰੰਸ

੭ ਜੂਨ ੧੯੭੨ ਸਾਮ ੪ ਵਜੇ ਤੋਂ ਇਕ ਵਿਸ਼ੇਸ਼ ਅਮਨ ਕਾਨਫਰੰਸ ਆਯੋਜਿਤ ਕੀਤੀ ਗਈ ਸੀ, ਜਿਸ ਵਿਚ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਜੀ ਅਤੇ ਪੰਜਾਬ ਦੇ ਪਾਰਲੀਮੈਂਟਰੀ ਸੈਕਟਰੀ ਸ: ਗੁਰਮੇਜ ਸਿੰਘ ਉਚੇਚੇ ਪਧਾਰੇ। ਇਸ ਕਾਨਫਰੰਸ 'ਚ ਭਾਗ ਲੈਣ ਲਈ ਸ: ਜਗਜੀਤ ਸਿੰਘ ਅਨੰਦ, ਲਾਲਾ ਜਗਤ ਨਰਾਇਣ ਜੀ, ਸ: ਸਾਧੂ ਸਿੰਘ ਹਮਦਰਦ, ਸ: ਸ਼ਾਦੀ ਸਿੰਘ, ਸ: ਈਸ਼ਰ ਸਿੰਘ ਪਰਾਸ਼ਰ, ਸ: ਗੁਰਮੁਖ ਸਿੰਘ ਤੇ ਹੋਰ ਕਈ ਪਤਵੰਤੇ ਸੱਜਨਾਂ ਨੇ ਦਰਸ਼ਨ ਦਿੱਤੇ ਅਤੇ ਅਮਨ ਸੰਬੰਧੀ ਵਿਚਾਰ ਦਸੇ ਸੁਣੇ।

ਸ੍ਰੀ ਸਤਿਗੁਰੂ ਜੀ ਨੇ ਵਿਸ਼ਵ ਸ਼ਾਂਤੀ ਬਾਰੇ ਫ਼ੁਰਮਾਉਂਦਿਆ ਦੱਸਿਆ "ਸਾਨੂੰ ਅਮਨ ਦੇ ਨਾਲ ਜੁੜਿਆਂ ਹੀ ਰਹਿਣਾ ਪੈਂਦਾ ਰਿਹਾ ਹੈ, ਕਿਉਂਕਿ ਇਹ ਇਕ ਆਦਤ ਹੋ ਗਈ ਹੈ।" ਸ੍ਰੀ ਸਤਿਗੁਰੂ ਜੀ ਨੇ ਜਿਹੜੀ ਚਰਚਾ ਧਰਮ ਦੇ ਵਾਸਤੇ ਹੋਈ ਹੈ, ਉਸ ਚਰਚਾ ਦਾ ਮੈਂ ਵੱਖਰਾਪਨ ਦੱਸਣਾ ਚਾਹੁੰਦਾ ਹਾਂ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਹੁਕਮ ਹੈ : "ਗਊ ਤੇ ਗ਼ਰੀਬ ਦੀ ਰੱਖਿਆ ਕਰਨੀ, ਇਹ ਸਾਂਝਾ ਧਰਮ ਹੈ, ਧਰਮ ਤੇ ਸਿਆਸਤ ਵੱਖਰੀ ਨਹੀਂ, ਜਿਸ ਸਿਆਸਤ ਵਿਚ ਧਰਮ ਨਹੀਂ ਉਹ ਸਿਆਸਤ ਸਫਲਤਾ ਪ੍ਰਾਪਤ ਨਹੀਂ ਕਰ ਸਕਦੀ।" ਸ੍ਰੀ ਸਤਿਗੁਰੂ ਜੀ ਨੇ ਅਗੇ ਦੱਸਿਆ, ਧਰਮ ਆਪਣੇ ਆਪਣੇ ਢੰਗ ਦਾ ਹੈ, ਪਰ ਗੁਰਬਾਣੀ ਅਨੁਸਾਰ ਸਾਂਝਾ ਧਰਮ ਹੈ।

'ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ'

ਇਸ ਗੱਲ ਨੂੰ ਮੰਨਣ ਤੋਂ ਕੋਈ ਵੀ ਇਨਕਾਰੀ ਨਹੀਂ ਹੋ ਸਕਦਾ। ਫਿਰ ਅਰਦਾਸ ਕਰਨ ਸਮੇਂ ਆਖਦੇ ਹਾਂ— ਨਾਨਕ ਨਾਮ, ਜਾਂ ਸਤਿਗੁਰੂ ਰਾਮ ਸਿੰਘ ਨਾਮ, ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ। ਜੇ ਸਰਬਤ ਦਾ ਮਨ ਕਰਕੇ ਮੰਨਿਆਂ ਜਾਵੇ ਤਾਂ ਸੰਸਾਰ ਅਮਨ ਸੌਖੇ ਹੀ ਪ੍ਰਾਪਤ ਹੋ ਜਾਵੇ।

ਗਿਆਨੀ ਜ਼ੈਲ ਸਿੰਘ ਜੀ ਦੀ ਚੀਫ ਮਨਿਸਟਰ ਬਨਣ ਪਿਛੋਂ ਸ੍ਰੀ ਭੈਣੀ ਸਾਹਿਬ ਦੀ ਇਹ ਪਹਿਲੀ ਯਾਤਰਾ ਸੀ—ਉਨ੍ਹਾਂ ਨੇ ਬੜੇ ਹੀ ਸੋਹਣੇ ਢੰਗ ਨਾਲ ਆਪਣੀ ਸ਼ਰਧਾ ਸ੍ਰੀ ਸਤਿਗੁਰੂ ਜੀ ਪ੍ਰਤੀ ਦੱਸੀ। ਸ੍ਰੀ ਭੈਣੀ ਸਾਹਿਬ ਬਾਰੇ ਬੋਲਦਿਆਂ ਕਿਹਾ, ਇਹ ਇਕ ਮਹਾਨ ਤੀਰਥ ਹੈ। ਜਿਥੋਂ ਆਜ਼ਾਦੀ ਦੀ ਲਹਿਰ ਨੇ ਜਨਮ ਲਿਆ ਸੀ ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਪੂਰਨਿਆਂ ਤੇ ਚੱਲ ਕੇ ਬਾਅਦ ਵਿਚ ਭਾਰਤ ਇਕ ਸੁਤੰਤਰ ਦੇਸ਼ ਬਣਿਆ! ਗਿਆਨੀ ਜੀ ਦੇ ਭਾਸ਼ਣ ਦਾ ਸਾਰ ਪਾਠਕਾਂ ਦੀ ਜਾਨਕਾਰੀ ਲਈ ਵੱਖਰਾ ਪ੍ਰਕਾਸ਼ਤ ਕੀਤਾ ਗਿਆ ਹੈ।

ਅਮਨ ਕਾਨਫਰੰਸ ਵਿਚ ਤਿੰਨ ਮਤੇ ਪਾਸ ਕੀਤੇ ਗਏ। ਪਹਿਲਾ ਮਤਾ ਅਮਰੀਕਾ ਦੇ ਪ੍ਰਧਾਨ ਨਿਕਸਨ ਦੀ ਸੋਵੀਅਤ ਦੇਸ ਜਾ ਕੇ ਉਥੋਂ ਦੇ ਉੱਚ ਅਧਿਕਾਰੀਆਂ ਨਾਲ ਗੱਲ ਬਾਤ ਕਰਕੇ ਜਿਹੜੇ ਸਿੱਟਿਆਂ ਤੇ ਪਹੁੰਚੇ ਹਨ ਉਨ੍ਹਾਂ ਬਾਰੇ ਤਸਲੀ ਪ੍ਰਗਟ ਕਰਦਿਆਂ ਪੂਰਨ ਨਿਸ਼ਸਤਰੀਕਰਨ ਕਰਨ ਦੀ ਮੰਗ ਕੀਤੀ ਗਈ ਅਤੇ ਆਸ ਪ੍ਰਗਟ ਕੀਤੀ ਗਈ ਕਿ ਵੀਅਤਨਾਮ ਦੀ ਜੰਗ ਛੇਤੀ ਬੰਦ ਹੋ ਜਾਵੇਗੀ।

ਦੂਸਰੇ ਮਤੇ ਵਿਚ ਅਮਰੀਕਾ ਦੀ ਐਂਜੇਲਾ ਡੇਵਿਸ ਦੀ ਬੇ-ਕਸੂਰ ਸਿੱਧ ਹੋਣ ਤੇ ਰਿਹਾਈ ਦੀ ਵਧਾਈ ਭੇਜੀ ਗਈ। ਇਕ ਮਤੇ ਰਾਹੀਂ ਪੰਜਾਬੀ ਦੇ ਪ੍ਰਸਿੱਧ ਪੱਤਰਕਾਰ ਸ: ਅਵਤਾਰ ਸਿੰਘ ਆਜ਼ਾਦ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ!

ਇਸ ਤੋਂ ਪਹਿਲੋਂ ਇਸ ਸੰਮੇਲਨ ਦੇ ਦੌਰਾਨ ਇਕ ਮਤਾ ਪੰਜਾਬ ਵਿਚ ਵੱਧ ਰਹੀਆਂ ਸ਼ਰਾਬ ਦੀਆਂ ਦੁਕਾਨਾਂ ਤੇ ਪਾਬੰਦੀ ਲਾਉਣ ਬਾਰੇ ਪਾਸ ਕੀਤਾ ਗਿਆ ਸੀ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੰਜਾਬ ਨੂੰ ਇਸ ਸ਼ਰਾਬ ਦੇ ਹੜ੍ਹ ਤੋਂ ਬਚਾਇਆ ਜਾਵੇ।

੮ ਜੂਨ ੧੯੭੨ ਨੂੰ ਭਾਰਤ ਦੇ ਕੋਨੇ ਕੋਨੇ ਤੋਂ ਆਏ ਨਾਮਧਾਰੀ ਨੌਜਵਾਨਾਂ ਨੇ ਸ੍ਰੀ ਸਤਿਗੁਰੂ ਜੀ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਕੇ ਸਾਲ ਭਰ ਵਾਸਤੇ ਵਦਾਇਗੀ ਲਈ।

ਸ੍ਰੀ ਸਤਿਗੁਰੂ ਜੀ ਵਲੋਂ, ਅਗਲੇ ਸਾਲ ਦੇ ਸੰਮੇਲਨ ਦੀ ਵਿਦਿਅਕ ਜਥਾ ਦੋਆਬਾ ਵਲੋਂ ਆਈ ਅਰਜ਼ ਦੀ ਪ੍ਰਵਾਨਗੀ ਦਿੱਤੀ ਗਈ।

ਹਰਵਿੰਦਰ ਸਿੰਘ ਹੰਸਪਾਲ

ਗਿਆਨੀ ਜ਼ੈਲ ਸਿੰਘ ਮੁਖ ਮੰਤਰੀ ਪੰਜਾਬ ਦਾ ਭਾਸ਼ਨ

ਗਿਆਨੀ ਜ਼ੈਲ ਸਿੰਘ ਜੀ ਮੁਖ ਮੰਤਰੀ ਪੰਜਾਬ ੭ ਜੂਨ ੧੯੭੨ ਨੂੰ ਵਿਦਿਅਕ ਜਥੇ ਦੇ ਵਾਰਸ਼ਕ ਸਮਾਰੋਹ ਸ੍ਰੀ ਭੈਣੀ ਸਾਹਿਬ ਵਿਚ ਅਮਨ ਸਮਾਗਮ ਵਿਚ ਭਾਸ਼ਨ ਦਿੰਦੇ ਹੋਇਆਂ ਕਿਹਾ :

ਪ੍ਰਮ ਸਨਮਾਨ ਯੋਗ ਸਤਿਗੁਰੂ ਜੀ, ਬਜ਼ੁਰਗੋ, ਪਿਆਰੇ ਭਾਈਓ ਅਤੇ ਭੈਣੋ, ਮੈਨੂੰ ਬੜੀ ਪ੍ਰਸੰਨਤਾ ਹੈ ਕਿ ਮੈਂ ਹਿੰਦੁਸਤਾਨ ਦੇ ਮਹਾਨ ਤੀਰਥ ਅਸਥਾਨ ਤੇ ਹਾਜ਼ਰ ਹੋਇਆ ਹਾਂ। ਸਤਿਗੁਰੂ ਜੀ ਨੇ ਬੜੀ ਕ੍ਰਿਪਾ ਕੀਤੀ ਕਿ ਇਕੱਠਿਆਂ ਬੈਠ ਕੇ ਕੁਝ ਵਿਚਾਰਾਂ ਕਰਨ ਦਾ ਵੀ ਮੌਕਾ ਦਿੱਤਾ ਹੈ। ਇਸ ਜਗ੍ਹਾ ਮਹਾਨ ਗੁਣੀ ਗਿਆਨੀ ਵਿਦਵਾਨ ਸ਼ਾਮਲ ਹਨ, ਖ਼ਾਸ ਤੌਰ ਤੇ ਪੰਜਾਬ ਦੇ ਚੋਟੀ ਦੇ ਪੱਤਰਕਾਰ ਇਥੇ ਬੈਠੇ ਹਨ।

ਮੈਨੂੰ ਇਸ ਗੱਲ ਦੀ ਬਹੁਤ ਪ੍ਰਸੰਨਤਾ ਹੈ ਕਿ ਇਸ ਧਾਰਮਕ ਸਮਾਗਮ ਵਿਚ ਬੜੇ ਸਾਫ਼ ਤੇ ਸਪੱਸ਼ਟ ਲਫ਼ਜ਼ਾਂ ਵਿਚ ਅਮਨ ਤੇ ਮੁਹੱਬਤ ਦਿਖਾਉਣ ਦੀ ਖੁਲ੍ਹੀ ਛੁੱਟੀ ਮਿਲਦੀ ਗਈ, ਔਰ ਇਹ ਇਕ ਐਸੇ ਸਮੇਂ ਦੀ ਅਵਾਜ਼ ਹੈ ਜਿਹੜੀ ਇਸ ਪਵਿੱਤ੍ਰ ਧਰਤੀ ਤੋਂ ਅੰਗਰੇਜ਼ਾਂ ਦੇ ਖਿਲਾਫ਼ ਜੋ ਬਗ਼ਾਵਤ ਉਠੀ ਸੀ, ਉਹ ਸਭ ਤੋਂ ਪਹਿਲਾਂ ਇਹ ਥਾਂ ਏ, ਸ੍ਰੀ ਮਹਾਰਾਜ ਬਾਬਾ ਗੁਰੂ ਰਾਮ ਸਿੰਘ ਜੀ ਆਜ਼ਾਦੀ ਦੀ ਬਗ਼ਾਵਤ ਕਰਨ ਦੇ ਸੰਗਰਾਮੀਏ ਸਭ ਤੋਂ ਪਹਿਲੇ ਬਾਨੀ ਸਨ ਔਰ ਉਸ ਤੋਂ ਬਾਅਦ ਸਾਡਾ ਦੇਸ ਜਾਗਿਆ। ਇਸ ਕਰਕੇ ਇਸ ਅਸਥਾਨ ਦੀ ਹੋਰ ਵੀ ਮਹਾਨਤਾ ਹੈ, ਔਰ ਮੈਂ ਕਦੇ ਕਦੇ ਦੇਖਦਾ ਹਾਂ ਕਿ ਮਾਲਾ ਵਾਲੇ ਗੋਲ ਪਗੜੀ ਬੰਨ੍ਹਣ ਵਾਲੇ ਕੂਕੇ ਇਨ੍ਹਾਂ ਨੂੰ ਕਿਹਾ ਜਾਂਦਾ ਹੈ। ਇਨ੍ਹਾਂ ਨੂੰ ਦੇਖਣ ਤੋਂ ਬਾਅਦ ਇਕ ਤਾਂ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਯਾਦ ਆਉਂਦੀ ਏ, ਔਰ ਇਨ੍ਹਾਂ ਨੂੰ ਦੇਖਣ ਤੋਂ ਬਾਅਦ ਬਰਤਾਨੀਆਂ ਦੀ ਹਕੂਮਤ ਦੀ ਬਗ਼ਾਵਤ ਕਰਨ ਦੀ ਨਿਸ਼ਾਨੀ ਨਜ਼ਰ ਆਉਂਦੀ ਏ, ਔਰ ਜਿਸ ਤਰੀਕੇ ਨਾਲ, ਜਿਸ ਹਿੰਮਤ ਨਾਲ ਇਨ੍ਹਾਂ ਅੰਗਰੇਜ਼ ਹਕੂਮਤ ਨਾਲ ਬਾਈਕਾਟ ਕੀਤਾ ਸੀ, ਉਹਦੀ ਮਿਸਾਲ ਸਾਇਦ ਦੁਨੀਆਂ ਵਿਚ ਨਾ ਮਿਲ ਸਕੇ। ਉਸ ਦਾ ਹੀ ਇਹ ਸਦਕਾ ਹੈ ਕਿ ਸਾਡੇ ਵਿਚ ਇਹ ਸੁਦੇਸ਼ੀ ਭਾਵਨਾ ਪੈਦਾ ਹੋਈ ਤੇ ਅਸੀਂ ਉਠੇ।

੩੫ ਕੁ ਸਾਲ ਦੀ ਗੱਲ ਮੈਂ ਦੱਸਦਾ ਹਾਂ, ਮੈਂ ਪਿੰਡ ਮੁਰਾਦ ਵਾਲੇ 'ਚ ਗਿਆ, ਜਿਨ੍ਹਾਂ ਦੇ ਨਾਲ ਮੈਂ ਜਾ ਰਿਹਾ ਸੀ, ਉਨ੍ਹਾਂ ਆਖਿਆ ਆਹ ਘਰ ਸਿੱਖਾਂ ਦਾ ਏ। ਮੈਂ ਆਖਿਆ ਇਹ ਤਾਂ ਸਾਰਾ ਪਿੰਡ ਹੀ ਸਿੱਖਾਂ ਦਾ ਏ, ਕੱਲਾ ਘਰ ਸਿੱਖਾਂ ਦਾ ਕਿਵੇਂ ? ਕਹਿੰਦੇ ਕਿ ਬਾਕੀ ਤਾਂ ਉਂਜ ਹੀ ਘਰ ਹਨ, ਹੈਗੇ ਸਿੱਖ ਏਹੁ ਹੀ ਨੇ। ਇਹ ਨਾਮਧਾਰੀਏ ਸਨ, ਸਿੱਖੀ ਵੀ ਉਨ੍ਹਾਂ ਨੇ ਰੱਖੀ ਔਰ ਸਿੱਖੀ ਨੂੰ ਨਫ਼ਰਤ ਤੋਂ ਭੀ ਬਚਾਇਆ। ਇਸ ਵਿਚ ਕੁਤਰਨਤਾ ਅਤੇ ਫ਼ਿਰਕੇਦਾਰੀ ਨਹੀਂ ਆਉਣ ਦਿੱਤੀ।

ਬਾਬਾ ਗੁਰੂ ਨਾਨਕ ਦੇਵ ਜੀ ਨੇ ਔਰ ਉਨ੍ਹਾਂ ਦੀ ਜਗ੍ਹਾ ਉਤੇ ਬੈਠਣ ਵਾਲੇ ਗੁਰੂਆਂ ਨੇ ਇਸ ਗੱਲ ਦੇ ਲਈ ਸਾਨੂੰ ਹਮੇਸ਼ਾਂ ਤਾਕੀਦ ਕੀਤੀ ਹੈ ਕਿ ਸਾਨੂੰ ਹਮੇਸ਼ਾਂ ਅਮਨ ਸ਼ਾਂਤੀ ਨਾਲ ਰਹਿਣਾ ਚਾਹੀਦਾ ਹੈ। ਇਹ ਗੁਰਮਤ ਦੇ ਅਨੁਕੂਲ ਬਾਤ ਹੈ। ਮਗਰ ਨਾਲ ਹੀ ਢੰਗ ਵੀ ਦਸਿਆ, ਤੇ ਕਾਰਨ ਵੀ ਦੱਸਿਆ ਔਰ ਇਹ ਭੀ ਦੱਸਿਆ ਅਮਨ ਕਾਇਮ ਇਸ ਤਰ੍ਹਾਂ ਰੱਖਿਆ ਜਾਂਦੈ। ਮੈਂ ਮਹਿਸੂਸ ਕੀਤੈ ਕਿ ਸਾਡੇ ਇਸ ਸਭਾ ਵਿਚ ਅਮਨ ਦੀ ਖ਼ਾਹਸ਼, ਲਾਲਸਾ, ਜੰਗਬਾਜ਼ਾਂ ਦੇ ਖ਼ਿਲਾਫ਼ ਨਫ਼ਰਤ ਠਾਠਾਂ ਮਾਰਦੀ ਏ।

ਗੁਰੂ ਸਾਹਿਬਾਨ ਦਾ ਫ਼ੁਰਮਾਨ ਹੈ ਕਿ "ਕਿਸਹੀ ਵਾਧ ਘਾਟ ਕਿਸਹੀ ਪੈ" ਦਾ ਕਾਰਨ ਸਿਰਫ਼ ਇਹ ਹੈ ਕਿ ਕਿਸੇ ਕੋਲ ਵਧੇਰੇ ਤੇ ਕਿਸੇ ਕੋਲ ਘੱਟ ਅਤੇ "ਰਾਣਾ ਰੰਕ ਬਰਾਬਰੀ ਪੈਰੀ ਪਾਉਨਾਂ ਜਗ ਵਰਤਾਇਆ", ਇਹ ਗੁਰੂ

Namdhari Elibrary NamdhariElibrary@gmail.com

ਸਾਹਿਬ ਨੇ ਸਾਨੂੰ ਉਪਦੇਸ਼ ਦਿੱਤਾ ਸੀ।

ਗੁਰੂ ਅਮਰਦਾਸ ਜੀ ਮਹਾਰਾਜ ਨੂੰ ਬੜੀ ਬਜੁਰਗੀ ਜੀਵਨ ਵਿਚ ਗੁਰਿਆਈ ਪ੍ਰਾਪਤ ਹੋਈ ਸੀ, ਜਦੋਂ ਹਮਾਈਯੂੰ ਦੌਰੇ ਤੇ ਆਇਆ ਤਾਂ ਪੰਜਾਬ ਵਿਚ ਕਿਸੇ ਸ਼ਕਾਇਤ ਕੀਤੀ ਕਿ ਇਥੇ ਇਕ ਟੋਲਾ ਬੈਠਾ ਹੈ, ਜਿਹੜਾ ਕਿਸੇ ਦੀ ਸੁਨਣ ਨੂੰ ਤਿਆਰ ਨਹੀਂ। ਨਾਂ ਮੁਸਲਮਾਨਾਂ ਦੀ ਮੰਨਦੈ ਨਾ ਹਿੰਦੂਆਂ ਦੀ ਮੰਨਦੈ, ਗੁਰੂ ਨਾਨਕ ਦੀ ਗੱਦੀ ਕਹਾਉਂਦੀ ਏ। ਇਹ ਹੁਕਮ ਹੋ ਗਿਆ ਕਿ ਅੱਜ ਹਮਾਈਯੂੰ ਬਾਦਸ਼ਾਹ ਨੇ ਆਉਣਾ ਏਂ, ਤੇ ਮਹਾਰਾਜ ਜੀ ਨੇ ਕਿਹਾ ਕਿ ਕੋਈ ਮਾੜੀ ਗੱਲ ਨਹੀਂ, ਜੇ ਬਾਦਸ਼ਾਹ ਆਉਂਦਾ ਏ ਤੇ ਆ ਜਾਵੇ ਸਾਡਾ ਦਰਬਾਰ ਸਾਰਿਆਂ ਲਈ ਇਕੋ ਜਿਹਾ ਏ। ਅਸੀਂ ਨਾ ਰਾਜ ਭਾਗ ਤੋਂ ਡਰਦੇ ਹਾਂ ਤੇ ਨਾ ਕੋਈ ਵੈਰ ਰੱਖਦੇ ਹਾਂ। ਚੂੰ ਕਿ ਮਹਾਂ ਪੁਰਸ਼ਾਂ ਨੇ ਹਕੂਮਤ ਦੇ ਮਾਰੇ ਹੋਏ ਤੰਗ ਕੀਤੇ ਹੋਏ ਲੋਕਾਂ ਨੂੰ ਸ਼ਰਨ ਦਿੱਤੀ ਆਦਿ ਕਾਲ ਤੋਂ।

ਸ੍ਰੀ ਭੈਣੀ ਸਾਹਿਬ, ਇਹ ਵੀ ਇਕ ਮਹਾਨ ਥਾਂ ਸੀ ਜਿਥੋਂ ਬਗ਼ਾਵਤ ਉਠੀ ਸੀ। ਇਹ ਇਕ ਮਹਾਨ ਫ਼ਕੀਰਾਂ ਦੀ ਥਾਂ ਏਂ, ਰਿਸ਼ੀਆਂ ਤੇ ਮੁਨੀਆਂ ਦੀ ਥਾਂ ਏ, ਏਥੇ ਹਕੂਮਤ ਤੋਂ ਮਾਰੇ, ਜ਼ੁਲਮ ਦੇ ਸਤਾਏ ਲੋਕਾਂ ਨੂੰ ਸ਼ਰਣ ਮਿਲੀ ਤੇ ਮਿਲਣੀ ਚਾਹੀਦੀ ਹੈ। ਮੈਨੂੰ ਆਸ ਹੈ ਮਹਾਰਾਜ ਜਗਜੀਤ ਸਿੰਘ ਜੀ ਦੇ ਦਰਬਾਰ ਵਿਚ ਹਕੂਮਤ ਦੇ ਨਿਵਾਜੇ ਹੋਇਆਂ ਨੂੰ ਨਹੀਂ, ਮਾਰੇ ਹੋਇਆਂ ਨੂੰ ਥਾਂ ਫਿਰ ਵੀ ਮਿਲੇਗੀ। ਔਰ ਮੈਂ ਇਹ ਵੀ ਸਮਝਦਾ ਹਾਂ ਕਿ ਗੁਰਬਾਣੀ ਨੇ ਆਖਿਐ :

ਹੁਕਮ ਕਰੇ ਮੂਰਖ ਗਾਵਾਰ ॥

ਹੁਕਮ ਕੀਏ ਮਨ ਭਾਂਵਦੇ ਰਾਹ ਭੀੜੇ ਅਗੇ ਜਾਵਨਾ।

ਮਨੁੱਖਾਂ ਨੂੰ ਸਵਤੰਤਰਤਾ ਹਰ ਪਹਿਲੂ ਤੇ ਮਿਲਣੀ ਚਾਹੀਦੀ ਏ।

ਕਿਸਹੀ ਵਾਧਿ ਘਾਟਿ ਕਿਸਹੀ ਪਹਿ
ਸਗਲੇ ਲਰਿ ਲਰਿ ਮੂਆ ॥੩॥

ਇਹ ਇਕੱਠ ਨੌਜਵਾਨਾਂ ਦਾ ਇਕੱਠ ਹੈ। ਦਰਅਸਲ ਗੁਰੂਆਂ ਦੀ ਸੰਗਤ ਵਿਚ ਸਾਰੇ ਦੀ ਸਮਾਗਮ ਸ਼ਾਮਲ ਹੁੰਦੇ ਹਨ। ਇਸ ਲਈ ਮੈਂ ਸਾਰਿਆਂ ਦਾ ਹੀ ਇਕੱਠ ਸਮਝਦਾ ਹਾਂ। ਮਤੇ ਪੇਸ਼ ਕਰਦਿਆਂ ਇਸ ਵਿਚ ਜ਼ਿਕਰ ਕੀਤਾ ਸੀ, ਕਿ ਸਰਕਾਰ ਇਸ ਵਲ ਧਿਆਨ ਦੇਵੇ।

ਪੰਜਾਬ ਸਰਕਾਰ, ਪੰਜਾਬ ਦੇ ਗਭਰੂਆਂ, ਮੁਟਿਆਰਾਂ ਦੀ ਸੁਖਿਆਰੀ ਤੇ ਸੁਚੱਜੀ ਜ਼ਿੰਦਗੀ ਬਿਤਾਉਣ ਲਈ, ਦੇਖ ਭਾਲ ਲਈ ਇਕ ਬੋਰਡ ਬਨਾਉਣਾ ਚਾਹੁੰਦੀ ਏ।

ਅਮਨ ਨੂੰ ਕਾਇਮ ਰੱਖਣ ਲਈ "ਕਿਸਹੀ ਵਾਧ ਘਾਟ ਕਿਸਹੀ ਪੈ" ਉਹਦੇ ਲਈ ਵੀ ਧਿਆਨ ਦੇ ਰਹੇ ਹਾਂ, ਸਤਿਗੁਰੂ ਜੀ ਸਾਨੂੰ ਆਸ਼ੀਰਵਾਦ ਦੇਣਗੇ, ਸਾਡੀ ਸਰਕਾਰ ਨੂੰ ਆਸ਼ੀਰਵਾਦ ਦੇਣਗੇ ਕਿ ਉਹ ਉਨ੍ਹਾਂ ਦੇ ਆਦਰਸ਼ਾਂ ਤੇ ਚਲ ਕੇ ਥੋੜਾ ਥੋੜਾ ਜੇਬਾਂ ਫੋਲਨੀਆਂ ਸ਼ੁਰੂ ਕੀਤੀਆਂ ਨੇ, ਵਾਧੂ ਧੰਨ ਤੇ ਧਰਤੀ ਨੂੰ ਲੈ ਕੇ ਕੁਝ ਵੰਡ ਸਕੀਏ। ਇਸ ਤੋਂ ਬਾਅਦ ਇਹ ਭੀ ਸਾਡਾ ਆਦਰਸ਼ ਨਹੀਂ ਕਿ ਰੱਜਿਆਂ ਨੂੰ ਭੁੱਖਿਆਂ ਤੇ ਕੰਗਾਲ ਕਰ ਦਈਏ, ਪਰ ਰੱਜਣ ਤੋਂ ਬਾਅਦ ਖਾਣ ਪੀਣ ਤੋਂ, ਸੌਣ, ਪਹਿਨਣ ਤੋਂ ਜੇ ਫ਼ਜ਼ੂਲ ਉਸ ਨੂੰ ਸੰਭਾਲਣਾ ਹੀ ਪੈਂਦਾ ਏ ਤਾਂ ਉਹ ਸੰਭਾਲ ਅਸੀਂ ਆਪਣੇ ਜੁਮੇਂ ਲੈ ਲਵਾਂਗੇ, ਏਨਾਂ ਫ਼ਰਜ਼ ਸਾਡਾ ਲਾਹਣ ਦਾ ਏ।

ਮਾਇਆ ਧਾਰੀ ਅਤਿ ਅੰਨਾਂ ਬੋਲਾ
ਸ਼ਬਦ ਨ ਸੁਣਹੀ ਬਹੁ ਰੋਲ ਘਚੋਲਾ ॥

ਅਸੀਂ ਚਾਹੁੰਦੇ ਹਾਂ ਕਿ ਸਤਿਗੁਰੂ ਜੀ; ਤੁਹਾਡੇ ਵਰਗੇ ਦਰਬਾਰਾਂ ਵਿਚੋਂ ਬਰਕਤ ਲੈ ਕੇ ਉਨ੍ਹਾਂ ਨੂੰ ਅੱਖਾਂ ਵੀ ਤੇ ਕੰਨ ਵੀ ਦੇ ਕੇ ਬੰਦੇ ਬਨਾਈਏ ਤੇ ਉਹ ਬੰਦਿਆਂ ਦੀ ਸੰਗਤ ਵਿਚ ਆ ਜਾਣ।

ਅਸੀਂ ਫ਼ੈਸਲਾ ਕੀਤਾ ਏ, ਇਸ ਨੂੰ ਪੂਰਿਆਂ ਕਰਨ ਦਾ ਤੁਹਾਡੀ ਬਰਕਤ ਨਾਲ।

ਮੈਂ ਬਹੁਤ ਬਹੁਤ ਧੰਨਵਾਦ ਕਰਦਾ ਵਾਂ, ਮੈਂ ਇਥੋਂ ਦੀ ਪਵਿੱਤ੍ਰ ਖ਼ਾਕ ਨੂੰ ਅੱਜ ਤੁਹਾਡੀ ਬਰਕਤ ਨਾਲ ਆਪਣੇ ਮਸਤਿਕ ਤੇ ਲਾਉਣ ਦਾ ਸਮਾਂ ਪ੍ਰਾਪਤ ਕਰ ਸਕਿਆ ਹਾਂ, ਔਰ ਸਾਧ ਸੰਗਤ ਦਾ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਪ੍ਰੇਮ ਪੂਰਵਕ, ਸ਼ਾਂਤਮਈ ਨਾਲ ਮੇਰੇ ਵੀਚਾਰ ਸਰਵਨ ਕੀਤੇ।

Namdhari Elibrary NamdhariElibrary@gmail.com

Phone : 213054
213781

NAMDHARI

Dyeing Printing and Tent Works

Specialists in:

Guaranteed Fast Dyed & Printed Cloth

For Shamianas & Kanats.

★

C-9/14, KRISHNA NAGAR,

Opp Ram Nagar Bus Stop

DELHI-51

Phone : 268247

KWALITY MACHINE TOOLS

49, SHARDHA NAND MARG (G.B. Road) DELHI-6

ਕਵਾਲਟੀ ਮਸ਼ੀਨ ਟੂਲਜ਼

DEALERS IN :

High Class Machines, Precision Lathes, Shaper, Drilling Machines. Surface Grinders Electric Motors & Starters, Grinders & Polishers, Chain Pulley Blocks, Pressure Blowers. Welding Transformers True Chucks, Dog Chucks, Hydraulic Pipe Benders Power Presses. Hand Press, Hydraulic Press, Air Compressors, and all kinds of Workshop Machines.

ਹਰਵਿੰਦਰ ਸਿੰਘ ਹੰਸਪਾਲ, ਜਨਰਲ ਸਕੱਤਰ, ਸਤਿਗੁਰੂ ਰਾਮ ਸਿੰਘ ਪ੍ਰਦੇਸ ਗਵਨ ਸ਼ਤਾਬਦੀ ਸਮਿਤੀ ਨੇ
ਨਵਯੁਗ ਪ੍ਰੈਸ, ਚਾਂਦਨੀ ਚੋਕ ਦਿੱਲੀ ਤੋਂ ਛਪਵਾ ਕੇ ੧੬੮੧, ਚਿੱਤਰ ਗੁਪਤਾ ਰੋਡ, ਪਹਾੜ ਗੰਜ,
ਨਵੀਂ ਦਿੱਲੀ-੫੫, ਤੋਂ ਪ੍ਰਕਾਸ਼ਤ ਕੀਤਾ । ਫ਼ੋਨ—275326

Namdhari Elibrary NamdhariElibrary@gmail.com

Telegram : TRADERS BANK

Telephone : 40287
48339

THE TRADERS' BANK LIMITED

Registered & Head Office :

90/9-G, Connaught Circus, New Delhi.

(Established 1933)

Under the directions and Patronage

of

SETH TARLOK SINGH CHAWLA

Guarantees tempting yield of your investment under their

Deposit Mobilisation Scheme

Avail of Bank's lending Schemes in the Priority Sectors

★

LOCKERS AVAILABLE

RAWEL SINGH
Secretary

AMARJIT SINGH
Chairman

Namdhari Elibrary NamdhariElibrary@gmail.com